On our English language New Website

WWW.PREETNEWS.COM

preetnews2020@gmail.com

PREETNAMA

ਪ੍ਰੀਤਨਾਮਾ

ਖਰਾ ਸੱਚ

ਨਿਊਯਾਰਕ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180 +1 917-328-8436

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180 +1 917-328-8436

ਉਮੀਦ ਉਹ ਵਿਸ਼ਵਾਸ਼ ਹੈ ਜੋ ਕਾਮਯਾਬੀ ਵੱਲ ਲੈ ਜਾਂਦਾ ਹੈ, ਉਮੀਦ ਅਤੇ ਵਿਸ਼ਵਾਸ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ ਹੈ।

-ਹੈਲੈਨ ਕੇਲਰ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 194, ਮਿਤੀ : 25 ਮਾਰਚ ਤੋਂ 31 ਮਾਰਚ 2023 ਵੈਬਸਾਈਟ : www.preetnama.com ਈਮੇਲ preetnamausa@gmail.com

ਰੂਸ ਦੇ ਰਾਸਟਰਪਤੀ ਪੁਤਿਨ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ

ਕੌਮਾਂਤਰੀ ਅਪਰਾਧਿਕ ਅਦਾਲਤ (ਆਈਸੀਸੀ) ਨੇ ਰੂਸ ਦੇ ਰਾਸਟਰਪਤੀ ਵਲਾਦੀਮੀਰ ਪੁਤਿਨ ਦੇ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਹੈ।

ਆਈਸੀਸੀ ਨੇ ਪੁਤਿਨ 'ਤੇ ਯੁੱਧ ਅਪਰਾਧ ਦਾ ਇਲਜਾਮ ਲਗਾਇਆ ਹੈ। ਇਨ੍ਹਾਂ ਅਪਰਾਧਾਂ ਵਿੱਚ ਗੈਰ-ਕਾਨੂੰਨੀ ਢੰਗ ਨਾਲ ਯੂਕਰੇਨ ਤੋਂ ਬੱਚਿਆਂ ਨੂੰ ਰੂਸ ਭੇਜਣਾ ਵੀ ਸਾਮਲ ਹੈ।

ਇਸ ਵਰੰਟ ਵਿੱਚ ਕਿਹਾ ਗਿਆ ਹੈ ਕਿ ਅਪਰਾਧ ਯੂਕਰੇਨ ਵਿੱਚ 24 ਫਰਵਰੀ 2022 ਤੋਂ ਕੀਤੇ ਗਏ ਸੀ ਜਦੋਂ ਰੂਸ ਨੇ ਵੱਡੇ ਪੱਧਰ ਉਪਰ ਹਮਲਾ ਕੀਤਾ ਸੀ।

ਹਾਲਾਂਕਿ ਰੂਸ ਨੇ ਹਮਲੇ ਦੌਰਾਨ ਜੰਗੀ ਅਪਰਾਧਾਂ ਦੇ ਇਲਜਾਮਾਂ ਤੋਂ ਇਨਕਾਰ ਕੀਤਾ ਸੀ।

ਰੂਸ ਨੇ ਕੀ ਕਿਹਾ ?

ਗ੍ਰਿਫਤਾਰੀ ਵਾਰੰਟ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਰੂਸੀ ਵਿਦੇਸ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਇਸਦਾ "ਕੋਈ ਮਹੱਤਵ" ਨਹੀਂ ਹੈ।

ਬੁਲਾਰੇ ਮਾਰੀਆ ਜਖਾਰੋਵਾ ਨੇ ਆਪਣੇ ਟੈਲੀਗ੍ਰਾਮ ਚੈਨਲ 'ਤੇ ਕਿਹਾ, "ਅੰਤਰਰਾਸਟਰੀ ਅਪਰਾਧਿਕ ਅਦਾਲਤ ਦੇ ਫੈਸਲਿਆਂ ਦਾ ਸਾਡੇ ਦੇਸ ਲਈ ਕਾਨੂੰਨੀ ਪੱਖ ਤੋਂ ਕੋਈ ਅਰਥ ਨਹੀਂ ਹੈ।"

ਅਮਰੀਕਾ ਦੇ ਰਾਸਟਰਪਤੀ ਨੇ ਕੀ ਕਿਹਾ ?

ਆਈਸੀਸੀ ਦੇ ਇਸ ਕਦਮ ਬਾਰੇ ਅਮਰੀਕਾ ਦੇ ਰਾਸਟਰਪਤੀ ਜੋਅ ਬਾਇਡਨ ਨੇ ਕਿਹਾ, "ਮੈਨੂੰ ਲਗਦਾ ਹੈ ਕਿ ਇਹ ਜਾਇਜ ਹੈ"।

ਉਹਨਾਂ ਕਿਹਾ ਕਿ ਅਮਰੀਕਾ ਆਈਸੀਸੀ ਵਿੱਚ ਸ਼ਾਮਿਲ ਨਹੀਂ "ਪਰ ਮੈਨੂੰ ਲਗਦਾ ਹੈ ਕਿ ਇਹ ਇੱਕ ਬਹੁਤ ਅਹਿਮ ਗੱਲ ਹੈ।"

ਜੋਅ ਬਾਇਡਨ ਨੇ ਕਿਹਾ, "ਸਾਫ ਹੈ ਕਿ ਉਹਨਾਂ ਨੇ ਅਪਰਾਧ ਕੀਤਾ ਹੈ।"

ਆਈਸੀਸੀ ਨੇ ਹੋਰ ਕੀ ਕਿਹਾ ?

ਬੱਚਿਆਂ ਦੇ ਮਾਮਲੇ ਵਿੱਚ ਅਪਰਾਧ ਲਈ ਰੂਸ ਦੀ ਬਾਲ ਅਧਿਕਾਰ ਕਮਿਸਨਰ ਮਾਰੀਆ ਲਵੋਵਾ-ਬੇਲੋਵਾ ਵੀ ਆਈਸੀਸੀ ਨੂੰ ਲੋੜੀਂਦੀ ਹੈ।

ਪਿਛਲੇ ਸਮੇਂ ਵਿੱਚ, ਉਹਨਾਂ ਨੇ ਰੂਸ ਲਿਜਾਏ ਗਏ ਯੂਕਰੇਨੀ ਬੱਚਿਆਂ ਨੂੰ ਉਕਸਾਉਣ ਦੀਆਂ ਕੋਸਿ ?ਸਾਂ ਬਾਰੇ ਖੁੱਲ੍ਹ ਕੇ ਗੱਲ ਕੀਤੀ ਸੀ।

ਸਤੰਬਰ ਵਿੱਚ ਲਵੋਵਾ-ਬੇਲੋਵਾ ਨੇ ਸਿ ?ਕਾਇਤ ਕੀਤੀ ਸੀ ਕਿ ਮਾਰੀਉਪੋਲ ਸਹਿਰ ਤੋਂ ਹਟਾਏ ਗਏ ਕੁਝ ਬੱਚਿਆਂ ਨੇ ਰੂਸੀ ਰਾਸਟਰਪਤੀ ਬਾਰੇ ਮਾੜਾ ਬੋਲਿਆ ਸੀ।

ਉਹਨਾਂ ਨੇ ਮਾਰੀਉਪੋਲ ਤੋਂ ਇੱਕ 15 ਸਾਲ ਦੇ ਮੁੰਡੇ ਨੂੰ ਗੋਦ ਲੈਣ ਦਾ ਵੀ ਦਾਅਵਾ ਕੀਤਾ ਹੈ।

ਆਈਸੀਸੀ ਨੇ ਕਿਹਾ ਕਿ ਉਹਨਾਂ ਨੇ ਸ਼ੁਰੂ ਵਿੱਚ ਗ੍ਰਿਫਤਾਰੀ ਵਾਰੰਟ ਨੂੰ ਗੁਪਤ ਰੱਖਣ ਬਾਰੇ ਸੋਚਿਆ ਸੀ, ਪਰ ਇਸ ਸਥਿਤੀ ਵਿੱਚ ਉਨ੍ਹਾਂ ਨੂੰ ਜਨਤਕ ਕਰਨ ਦਾ ਫੈਸਲਾ ਕੀਤਾ ਗਿਆ ਸੀ ਕਿ ਇਹ ਹੋਰ ਅਪਰਾਧਾਂ ਨੂੰ ਰੋਕਦਾ ਹੈ।

ਆਈਸੀਸੀ ਦੇ ਵਕੀਲ ਕਰੀਮ ਖਾਨ ਨੇ ਬੀਬੀਸੀ ਨੂੰ ਦੱਸਿਆ, "ਬੱਚਿਆਂ ਨੂੰ ਜੰਗ ਦੀ ਲੁੱਟ ਨਹੀਂ ਮੰਨਿਆ ਜਾ ਸਕਦਾ। ਉਨ੍ਹਾਂ ਨੂੰ ਦੇਸ ਨਿਕਾਲਾ ਨਹੀਂ ਦਿੱਤਾ ਜਾ ਸਕਦਾ।"

ਉਹਨਾਂ ਕਿਹਾ, "ਇਸ ਤਰ੍ਹਾਂ ਦੇ ਅਪਰਾਧ ਲਈ ਕਿਸੇ ਨੂੰ ਵਕੀਲ ਬਣਨ ਦੀ ਜਰੂਰਤ ਨਹੀਂ ਹੁੰਦੀ। ਇਸ ਲਈ ਮਨੁੱਖ ਬਣਨ ਦੀ ਜਰੂਰਤ ਹੁੰਦੀ ਹੈ ਕਿ ਇਹ ਕਿੰਨਾ ਭਿਆਨਕ ਅਪਰਾਧ ਹੈ।"

ਪੁਤਿਨ 'ਤੇ ਕੀ ਅਸਰ ਪਵੇਗਾ ?

ਇਸ ਮਾਮਲੇ ਵਿੱਚ ਸੰਭਾਵਨਾ ਹੈ ਕਿ ਕੁਝ ਖਾਸ ਨਹੀਂ ਵਾਪਰੇਗਾ। ਆਈਸੀਸੀ ਕੋਲ ਸੱਕੀਆਂ ਨੂੰ ਗ੍ਰਿਫਤਾਰ ਕਰਨ ਦੀ ਕੋਈ ਤਾਕਤ ਨਹੀਂ ਹੈ।

ਇਹ ਸਿਰਫ ਆਪਣੇ ਮੈਂਬਰ ਦੇਸਾਂ ਵਿੱਚ ਹੀ ਆਪਣੇ ਅਧਿਕਾਰ ਖੇਤਰ ਦੀ ਵਰਤੋਂ ਕਰ ਸਕਦੇ ਹਨ ਪਰ ਰੂਸ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਨਹੀਂ ਹੈ।

ਹਾਲਾਂਕਿ ਇਸ ਤੋਂ ਬਾਅਦ ਰਾਸਟਰਪਤੀ ਪੁਤਿਨ ਉਪਰ ਹੋਰ ਤਰੀਕਿਆਂ ਨਾਲ ਪ੍ਰਭਾਵ ਪੈ ਸਕਦਾ ਹੈ। ਉਹ ਅੰਤਰਰਾਸਟਰੀ ਦੌਰਿਆਂ 'ਤੇ ਜਾਣ ਤੋਂ ਅਸਮਰੱਥ ਹੋ ਸਕਦੇ ਹਨ।

ਆਈਸੀਸੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਹਨਾਂ ਕੋਲ ਇਸ ਗੱਲ ਦਾ ਪੂਰਾ ਅਧਾਰ ਹੈ ਕਿ ਪੁਤਿਨ ਨੇ ਸਿੱਧੇ ਤੌਰ 'ਤੇ ਅਪਰਾਧਿਕ ਕਾਰਵਾਈਆਂ ਕੀਤੀਆਂ ਹਨ ਅਤੇ ਉਹ ਇਹ ਅਪਰਾਧ ਹੋਰਾਂ ਨਾਲ ਵੀ ਮਿਲ ਕੇ ਕਰਦੇ ਸਨ। ਇਸ ਦੇ ਨਾਲ ਹੀ ਉਹਨਾਂ 'ਤੇ ਬੱਚਿਆਂ ਨੂੰ ਦੇਸ ਨਿਕਾਲਾ ਦੇਣ ਤੋਂ ਰੋਕਣ ਲਈ ਆਪਣੀਆਂ ਸਕਤੀਆਂ ਦੀ ਵਰਤੋਂ ਕਰਨ ਵਿਚ ਅਸਫਲ ਰਹਿਣ ਦਾ ਇਲਜਾਮ ਵੀ ਲੱਗਿਆ ਹੈ।

ਅੰਮ੍ਰਿਤਪਾਲ ਸਿੰਘ ਮਾਮਲਾ: ਉਹ ਕਿਵੇਂ ਭੱਜਣ 'ਚ ਰਹੇ ਸਫਲ, ਪੁਲਿਸ ਕੀ ਕਹਿੰਦੀ?

'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਗ੍ਰਿਫਤਾਰ ਕਰਨ ਦੀ ਕਾਰਵਾਈ 18 ਮਾਰਚ ਨੂੰ ਸੁਰੂ ਹੋਈ ਸੀ। ਪਰ ਹਾਲੇ ਤੱਕ ਪੁਲਿਸ ਉਨ੍ਹਾਂ ਨੂੰ ਫੜ੍ਹ ਨਹੀਂ ਸਕੀ ਹੈ।

ਹਾਲਾਂਕਿ, ਪੁਲਿਸ ਨੇ ਇਸ ਕਾਰਵਾਈ ਦੌਰਾਨ ਅਮ੍ਰਿਤਪਾਲ ਨਾਲ ਕਥਿਤ ਤੌਰ 'ਤੇ ਜੁੜੇ 150 ਤੋਂ ਵੱਧ ਲੋਕ ਗ੍ਰਿਫਤਾਰ ਕੀਤੇ ਹਨ।

ਮਾਮਲਾ ਹਾਈਕੋਰਟ ਵੀ ਪੁੱਜਾ ਜਿੱਥੇ ਪੰਜਾਬ ਸਰਕਾਰ ਤੋਂ ਇਹ ਸਵਾਲ ਕੀਤਾ ਗਿਆ ਕਿ ਪੂਰੇ ਸੂਬੇ ਦੀ ਪੁਲਿਸ ਲੱਗੀ ਹੋਈ ਹੈ ਫਿ?ਰ ਵੀ ਅਮ੍ਰਿਤਪਾਲ ਨੂੰ ਚਾਰ ਦਿਨ ਵਿੱਚ ਵੀ ਫੜ੍ਹਿਆ ਕਿਉਂ ਨਹੀਂ ਗਿਆ।

ਦਰਅਸਲ, 'ਵਾਰਿਸ ਪੰਜਾਬ ਦੇ' ਜਥੇਬੰਦੀ ਵੱਲੋਂ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ ਗਈ ਸੀ ਜਿਸ ਵਿੱਚ ਉਨ੍ਹਾਂ ਨੇ ਇਹ ਅਰਜ਼ੀ ਲਾਈ ਸੀ ਕਿ ਪੁਲਿਸ ਨੂੰ ਅਮ੍ਰਿਤਪਾਲ ਸਿੰਘ ਨੂੰ ਅਦਾਲਤ ਵਿੱਚ ਪੇਸ਼ ਕਰਨ ਦੇ ਹੁਕਮ ਦਿੱਤੇ ਜਾਣ।

ਪਰ ਪੁਲਿਸ ਦਾ ਕਹਿਣਾ ਹੈ ਕਿ ਅਮ੍ਰਿਤਪਾਲ ਉਨ੍ਹਾਂ

ਦੀ ਗ੍ਰਿਫਤ ਤੋਂ ਬਾਹਰ ਹੈ। ਪੁਲਿਸ ਦਾ ਦਾਅਵਾ ਹੈ ਕਿ ਅਮ੍ਰਿਤਪਾਲ ਗ੍ਰਿਫਤਾਰੀ ਤੋਂ ਬਚਣ ਲਈ ਭੱਜੇ ਤੇ ਉਨ੍ਹਾਂ ਨੇ ਅਜਿਹਾ ਕਰਨ ਲਈ ਵੱਖ-ਵੱਖ ਗੱਡੀਆਂ ਦੀ ਵਰਤੋਂ ਕੀਤੀ ਸੀ ਤੇ ਉਨ੍ਹਾਂ ਨੂੰ ਮੋਟਰ ਸਾਈਕਲ 'ਤੇ ਵੇਖਿਆ ਗਿਆ ਸੀ।

ਅਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕਈ ਮੀਡੀਆ ਇੰਟਰਵਿਊਜ ਵਿੱਚ ਇਹ ਖਦਸ਼ਾ ਜਤਾਇਆ ਕਿ ਉਨ੍ਹਾਂ ਦੇ ਪੁੱਤ ਦੀ ਜਾਨ ਨੂੰ ਖਤਰਾ ਹੈ।

'ਕਾਫਲੇ ਨੇ ਬੈਰੀਕੇਡ ਤੋੜੇ'

ਪੁਲਿਸ ਨੇ ਨਾਕੇ 'ਤੇ ਅਮ੍ਰਿਤਪਾਲ ਸਿੰਘ ਦੇ ਕਾਫਲੇ ਨੂੰ ਰੁਕਣ ਦਾ ਇਸ਼ਾਰਾ ਕੀਤਾ ਪਰ ਉਨ੍ਹਾਂ ਨੇ ਬੈਰੀਕੇਡ ਤੋੜ ਦਿੱਤਾ ਤੇ ਉੱਥੋਂ ਭੱਜ ਗਏ।

ਇਸ ਦੇ ਨਾਲ ਲੱਗਦੇ ਸਾਰੇ ਪੁਲਿਸ ਥਾਣਿਆਂ ਅਤੇ ਜਿ ?ਲ੍ਹਿਆਂ ਨੂੰ ਉਪਰੋਕਤ ਵਾਹਨਾਂ ਦਾ ਪਤਾ ਲਗਾਉਣ ਲਈ ਸੁਚੇਤ ਕੀਤਾ ਗਿਆ ਸੀ।

ਜਲੰਧਰ ਦਿਹਾਤੀ ਦੇ ਸੀਨੀਅਰ ਪੁਲਿਸ ਕਪਤਾਨ ਸਵਰਨਦੀਪ ਸਿੰਘ ਮੁਤਾਬਕ ਇਸ ਤੋਂ ਬਾਅਦ ਅਮ੍ਰਿਤਪਾਲ ਇੱਕ ਭੂਰੇ ਰੰਗ ਦੀ ਇਸੂਜੂ ਪਿਕਅੱਪ ਗੱਡੀ ਵਿੱਚ ਵੇਖੇ ਗਏ ਸਨ।

ਉਨ੍ਹਾਂ ਨੂੰ ਪਿੰਡ ਸਲੇਮਾ ਦੇ ਸਰਕਾਰੀ ਸਕੂਲ ਜੋ ਕਿ ਜ਼ਿਲ੍ਹਾ ਜਲੰਧਰ ਦੇ ਮਹਿਤਪੁਰ (ਦਿਹਾਤੀ) ਵਿੱਚ ਵੇਖਿਆ ਗਿਆ। ਉਹ ਤੇਜ਼ ਅਤੇ ਲਾਪਰਵਾਹੀ ਨਾਲ ਗੱਡੀ ਚਲਾ ਰਹੇ ਸਨ।

ਇਸ ਗੱਡੀ ਨੂੰ ਬਾਅਦ ਵਿੱਚ ਫੜ੍ਹ ਲਿਆ ਗਿਆ ਕਿਉਂਕਿ ਅਮ੍ਰਿਤਪਾਲ ਤੇ ਉਨ੍ਹਾਂ ਦੇ ਸਾਥੀ ਇਸ ਕਾਰ ਨੂੰ ਛੱਡ ਕੇ ਮੌਕੇ ਤੋਂ ਫ਼ਰਾਰ ਹੋ ਗਏ ਸਨ।

ਬਾਕੀ ਸਫਾ 9 'ਤੇ

ਪੁਲਿਸ ਨੇ ਕੀ ਕਿਹਾ ?

ਅਮ੍ਰਿਤਪਾਲ ਸਿੰਘ ਦੇ ਪੁਲਿਸ ਨੂੰ ਚਕਮਾ ਦੇ ਕੇ ਭੱਜ ਜਾਣ ਨਾਲ ਕਈ ਸਵਾਲ ਖੜੇ ਹੋ ਗਏ ਹਨ।

ਵੱਡੀ ਗਿਣਤੀ ਪੁਲਿਸ ਕਰਮੀਆਂ ਦੀ ਮੌਜੂਦਗੀ ਵਿੱਚ ਅਮ੍ਰਿਤਪਾਲ ਸਿੰਘ ਭੱਜਣ ਵਿੱਚ ਸਫਲ ਕਿਵੇਂ ਹੋ ਗਏ। ਪਰ ਪੁਲਿਸ ਕੀ ਮੰਨਦੀ ਹੈ ਕਿ, ਉਹ ਕਿਵੇਂ ਸੂਬੇ ਵਿੱਚ ਥਾਂ ਥਾਂ 'ਤੇ ਲੱਗੇ ਨਾਕਿਆਂ ਦੇ ਬਾਵਜੂਦ ਭੱਜਣ ਵਿੱਚ ਸਫਲ ਰਹੇ ਹਨ।

ਪੰਜਾਬ ਪੁਲਿਸ ਨੇ ਹਾਈਕੋਰਟ ਵਿੱਚ ਦੱਸਿਆ ਕਿ 18 ਮਾਰਚ ਯਾਨੀ ਪੁਲਿਸ ਦੀ ਕਾਰਵਾਈ ਦੇ ਪਹਿਲੇ ਦਿਨ ਅਮ੍ਰਿਤਸਰ ਜ਼ਿਲ੍ਹੇ ਦੇ ਖਿਲਚੀਆਂ ਪਿੰਡ ਵਿਖੇ ਪੁਲਿਸ ਨੇ ਇੱਕ ਨਾਕਾ ਲਾਇਆ ਹੋਇਆ ਸੀ ਤੇ ਉੱਥੇ ਬੈਰੀਕੇਡ ਲਗਾਏ ਗਏ ਸਨ।

ਨਾਕਾ ਖਿਲਚੀਆਂ ਦੀ ਥਾਣਾ ਪੁਲਿਸ ਨੇ ਹੀ ਲਗਾਇਆ ਸੀ। ਅਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਚਾਰ ਗੱਡੀਆਂ ਦਾ ਕਾਫ਼ਲਾ ਉੱਥੋਂ ਗੁਜ਼ਰਿਆ।

ਉਨ੍ਹਾਂ ਵਿੱਚ ਇੱਕ ਮਰਸਡੀਜ ਸੀ, ਦੋ ਫੋਰਡ ਐਨਡੇਵਰ ਤੇ ਇੱਕ ਕਰੇਟਾ ਗੱਡੀ ਉੱਥੋਂ ਨਿਕਲੀਆਂ ਸਨ।

ਰਾਹੁਲ ਦੇ ਬਿਆਨਾਂ 'ਤੇ ਹੰਗਾਮਾ

ਮੋਦੀ ਵਿਦੇਸ਼ੀ ਦੌਰਿਆਂ ਦੌਰਾਨ ਕਿਹੋ ਜਿਹੇ ਬਿਆਨ ਦੇ ਚੁੱਕੇ ਹਨ

ਬ੍ਰਿਟੇਨ ਦੇ ਦੌਰੇ ਦੌਰਾਨ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਨੇ 'ਕੈਂਬਰਿਜ ਯੂਨੀਵਰਸਿਟੀ' 'ਚ 'ਇੰਡੀਅਨ ਜਰਨਲਿਸਟਸ ਐਸੋਸੀਏਸ਼ਨ' ਅਤੇ ਬਰਤਾਨੀ ਸੰਸਦ ਦੇ 'ਹਾਊਸ ਆਫ਼ ਕਾਮਨਜ਼' ਦੇ ਆਡੀਟੋਰੀਅਮ 'ਚ ਪਿਛਲੇ ਦਿਨਾਂ 'ਚ ਦੋ ਵੱਖ-ਵੱਖ ਪ੍ਰੋਗਰਾਮਾਂ 'ਚ ਸੰਬੋਧਨ ਕੀਤਾ।

ਇਨ੍ਹਾਂ ਪ੍ਰੋਗਰਾਮਾਂ 'ਚ ਉਨ੍ਹਾਂ ਨੇ ਭਾਰਤ ਦੇ ਮੌਜੂਦਾ ਸਿਆਸੀ ਹਾਲਾਤ ਅਤੇ ਭਾਰਤ ਦੀ ਵਿਦੇਸ਼ ਨੀਤੀ 'ਤੇ ਵਿਚਾਰ ਪ੍ਰਗਟ ਕੀਤੇ।

ਰਾਹੁਲ ਗਾਂਧੀ ਦੇ ਇਨ੍ਹਾਂ ਬਿਆਨਾਂ ਤੋਂ ਬਾਅਦ ਭਾਰਤ ਵਿੱਚ ਸੱਤਾ ਦੇ ਗਲਿਆਰਾਂ 'ਚ ਕਾਫ਼ੀ ਹੰਗਾਮਾ ਵੇਖਣ ਨੂੰ ਮਿਲ ਰਿਹਾ ਹੈ।

ਸੱਤਾ ਧਿਰ ਪਾਰਟੀ ਦੇ ਆਗੂ ਅਤੇ ਮੰਤਰੀ ਰਾਹੁਲ ਗਾਂਧੀ ਦੀ ਆਲੋਚਨਾ ਕਰ ਰਹੇ ਹਨ। ਕਰਨਾਟਕ ਦੇ ਹੁਬਲੀ 'ਚ ਚਾਰ ਦਿਨ ਪਹਿਲਾਂ ਇੱਕ ਪ੍ਰੋਜੈਕਟ ਦਾ ਉਦਘਾਟਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਹੁਲ ਗਾਂਧੀ ਦਾ ਨਾਮ ਲਏ ਬਿਨ੍ਹਾਂ ਕਿਹਾ, " ਕੁਝ ਲੋਕ ਲੰਡਨ 'ਚ ਭਾਰਤੀ ਲੋਕਤੰਤਰ ਦੀ ਆਲੋਚਨਾ ਕਰ ਰਹੇ ਹਨ।"

ਕੈਂਬਰਿਜ ਯੂਨੀਵਰਸਿਟੀ 'ਚ ਰਾਹੁਲ ਗਾਂਧੀ ਨੇ ਭਾਰਤ ਨੂੰ 'ਯੂਨੀਅਨ ਆਫ਼ ਸਟੇਟਸ' ਯਾਨੀ ਕਿ 'ਰਾਜਾਂ ਦਾ ਸੰਘ' ਦੱਸਿਆ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਦਾ ਸੰਵਿਧਾਨ ਸੰਘੀ ਪ੍ਰਣਾਲੀ 'ਤੇ ਆਧਾਰਿਤ ਹੈ।

ਅਡਾਨੀ ਜੇਪੀਸੀ ਬਨਾਮ ਰਾਹੁਲ ਮਾਫੀ

ਇਸ ਸਮੇਂ ਭਾਰਤੀ ਸੰਸਦ ਦਾ ਬਜਟ ਸੈਸ਼ਨ ਚੱਲ ਰਿਹਾ ਹੈ। ਇੱਕ ਪਾਸੇ ਜਿੱਥੇ ਵਿਰੋਧੀ ਧਿਰ ਅਡਾਨੀ ਸਮੂਹ ਦੀ ਜਾਂਚ ਲਈ ਸਾਂਝੀ ਸੰਸਦੀ ਕਮੇਟੀ, ਜੇਪੀਸੀ ਦੀ ਮੰਗ ਕਰ ਰਿਹਾ ਹੈ, ਉੱਥੇ ਹੀ ਸੱਤਾ ਧਿਰ ਪਾਰਟੀ ਦੇ ਮੰਤਰੀ ਅਤੇ ਸੰਸਦ ਮੈਂਬਰ ਮੰਗ ਕਰ ਰਹੇ ਹਨ ਕਿ ਰਾਹੁਲ ਗਾਂਧੀ ਆਪਣੇ ਬਿਆਨ ਲਈ ਮੁਆਫ਼ੀ ਮੰਗਣ।ਇਸ ਖਿੱਚ-ਧੂਹ ਅਤੇ ਹੰਗਾਮੇ ਦੇ ਕਾਰਨ ਸੰਸਦ ਦੀ ਕਾਰਵਾਈ ਪ੍ਰਭਾਵਿਤ ਹੋ ਰਹੀ ਹੈ।

ਸੰਸਦ ਦੇ ਬਾਹਰ ਵੀ ਦੋਵਾਂ ਧਿਰਾਂ ਵੱਲੋਂ ਤਿੱਖੀ ਬਿਆਨਬਾਜ਼ੀ ਦਾ ਸਿਲਸਿਲਾ ਜਾਰੀ ਹੈ।

ਰਾਹੁਲ ਗਾਂਧੀ ਨੇ ਵੀਰਵਾਰ ਨੂੰ ਇੱਕ ਸੰਖੇਪ ਪ੍ਰੈਸ ਕਾਨਫਰੰਸ ਕਰਕੇ ਇਲਜ਼ਾਮ ਲਗਾਇਆ ਕਿ ਉਨ੍ਹਾਂ ਨੂੰ ਸੰਸਦ 'ਚ ਆਪਣੀ ਗੱਲ ਰੱਖਣ ਦਾ ਮੌਕਾ ਨਹੀਂ ਦਿੱਤਾ ਜਾ ਰਿਹਾ ਹੈ।

ਉਪ-ਰਾਸ਼ਟਰਪਤੀ ਜਗਦੀਪ ਧਨਖੜ ਨੇ ਮੇਰਠ 'ਚ ਇੱਕ ਪ੍ਰੋਗਰਾਮ 'ਚ ਬੋਲਦਿਆਂ ਰਾਹੁਲ ਗਾਂਧੀ ਦੇ ਉਸ ਬਿਆਨ ਦੀ ਆਲੋਚਨਾ ਕੀਤੀ, ਜਿਸ

ਆਨੰਦ ਸ਼ਰਮਾ ਨੇ ਇਲਜ਼ਾਮ ਲਗਾਇਆ ਸੀ ਕਿ "ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਪਹਿਲਾਂ ਭਾਰਤ 'ਸਕੈਮ ਇੰਡੀਆ' ਸੀ ਅਤੇ ਹੁਣ 'ਸਕਿਲ ਇੰਡੀਆ' ਬਣ ਗਿਆ ਹੈ।"

ਇਸ ਸਬੰਧੀ ਭਾਜਪਾ ਦੇ ਮੁਖ਼ਤਾਰ ਅੱਬਾਸ ਨਕਵੀ ਅਤੇ ਆਨੰਦ ਸ਼ਰਮਾ ਵਿਚਾਲੇ ਤਿੱਖੀ ਬਹਿਸ ਹੋਈ ਸੀ।

ਆਨੰਦ ਸ਼ਰਮਾ ਨੇ ਸਦਨ ਨੂੰ ਸੰਬੋਧਨ ਕਰਦਿਆਂ ਕਿਹਾ, " ਗਲਤੀਆ ਹੋ ਸਕਦੀਆਂ ਪਰ ਦੇਸ਼ ਨੂੰ 'ਸਕੈਮ' ਨਹੀਂ ਕਿਹਾ ਜਾ ਸਕਦਾ ਹੈ।"

ਮਈ 2015 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੀਨ ਅਤੇ ਦੱਖਣੀ ਕੋਰੀਆ ਦੀ ਫੇਰੀ ਦੌਰਾਨ ਦਿੱਤੇ ਭਾਸ਼ਣਾਂ ਦੀ ਵੀ ਆਲੋਚਨਾ ਹੋਈ ਸੀ।

ਮੋਦੀ ਦੇ ਵਿਦੇਸ਼ਾਂ ਵਿੱਚ ਬਿਆਨਾਂ ਉੱਤੇ ਸਵਾਲ

16 ਮਈ ਨੂੰ ਸ਼ੰਘਾਈ ਵਿਖੇ ਭਾਰਤੀ ਮੂਲ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਪੀਐਮ ਮੋਦੀ ਨੇ ਕਿਹਾ ਸੀ ਕਿ 'ਇੱਕ ਸਾਲ ਪਹਿਲਾਂ ਤੱਕ ਜਿਨ੍ਹਾਂ ਨੂੰ ਸ਼ਰਮ ਆਉਂਦੀ ਸੀ, ਹੁਣ ਉਹ ਆਪਣੇ ਆਪ ਨੂੰ ਭਾਰਤੀ ਅਖਵਾਉਣ 'ਚ ਮਾਣ ਮਹਿਸੂਸ ਕਰਦੇ ਹਨ'।

ਫਿਰ ਪਿਛਲੇ ਸਾਲ ਮਈ ਮਹੀਨੇ ਮੋਦੀ ਯੂਰਪੀ ਦੇਸ਼ਾਂ ਦੇ ਦੌਰੇ 'ਤੇ ਸਨ , ਜਿਸ ਦੌਰਾਨ ਉਨ੍ਹਾਂ ਨੇ 2 ਮਈ ਨੂੰ ਜਰਮਨੀ ਦੇ ਬਰਲਿਨ 'ਚ ਭਾਰਤੀ ਮੂਲ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਪਿਛਲੀ ਸਰਕਾਰ ਦੀ ਆਲੋਚਨਾ ਕੀਤੀ ਸੀ।

ਉਨ੍ਹਾਂ ਨੇ ਕਿਹਾ ਸੀ ਕਿ ਸਾਲ 2014 ਤੋਂ ਪਹਿਲਾਂ ਭਾਰਤ 'ਵਰਕ ਇਨ ਪ੍ਰੋਗਰੈਸ' ਸੀ ਪਰ ' ਪਿਛਲੇ ਅੱਠ ਸਾਲਾਂ 'ਚ ਭਾਰਤ ਨੇ ਵਿਕਾਸ ਦੀ ਲੰਮੀ ਛਾਲ ਮਾਰਨੀ ਸ਼ੁਰੂ ਕਰ ਦਿੱਤੀ ਹੈ।"

ਸਾਲ 2015 ਦੇ ਹੀ ਸਤੰਬਰ ਮਹੀਨੇ 'ਚ ਅਮਰੀਕਾ ਦੇ ਕੈਲੀਫੋਰਨੀਆ 'ਚ ਇੱਕ ਬੈਠਕ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ, ' ਦੇਸ਼ 'ਚ ਭ੍ਰਿਸ਼ਟਾਚਾਰ ਇੱਕ ਸੱਭਿਆਚਾਰ' ਬਣ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਸਿਆਸਤਦਾਨਾਂ 'ਤੇ ਇਲਜ਼ਾਮ ਬਹੁਤ ਹੀ ਆਸਾਨੀ ਨਾਲ ਲੱਗਦੇ ਹਨ।

ਸੰਸਦ ਅਤੇ ਉਸ ਤੋਂ ਬਾਹਰ ਲਗਾਤਾਰ ਜਾਰੀ ਵਿਵਾਦ ਵਿਚਾਲੇ ਕਾਂਗਰਸੀ ਆਗੂ ਮਲਿਕਾਰੁਜਨ ਖੜਗੇ ਨੇ 14 ਮਾਰਚ ਨੂੰ ਪ੍ਰਧਾਨ ਮੰਤਰੀ ਮੋਦੀ ਵੱਲੋਂ ਵਿਦੇਸ਼ਾਂ 'ਚ ਦਿੱਤੇ ਬਿਆਨਾਂ ਦਾ ਹਵਾਲਾ ਦਿੰਦਿਆਂ ਸਵਾਲ ਪੁੱਛਿਆ, " ਕੀ ਪ੍ਰਧਾਨ ਮੰਤਰੀ ਦੇ ਅਜਿਹੇ ਬਿਆਨ ਦੇਸ਼ ਦਾ ਅਪਮਾਨ ਨਹੀਂ ਹਨ" ?

ਜਦੋਂ ਜੇਤਲੀ ਨੇ ਕੀਤਾ ਮੋਦੀ ਦਾ ਬਚਾਅ

28 ਅਪ੍ਰੈਲ 2015 ਨੂੰ ਰਾਜ ਸਭਾ 'ਚ ਜਾਰੀ ਹੰਗਾਮੇ ਦੌਰਾਨ ਤਤਕਾਲੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਪ੍ਰਧਾਨ ਮੰਤਰੀ ਦਾ ਬਚਾਅ ਕਰਦਿਆਂ ਰਾਜ ਸਭਾ 'ਚ ਕਿਹਾ ਸੀ ਕਿ ਪ੍ਰਧਾਨ ਮੰਤਰੀ ਦੇ "ਵਿਦੇਸ਼ੀ ਦੌਰਿਆਂ ਦੌਰਾਨ ਉਨ੍ਹਾਂ ਦੇ ਬੋਲਣ 'ਤੇ ਕਿਸੇ ਵੀ ਤਰ੍ਹਾਂ ਦੀ ਪਾਬੰਦੀ ਦਾ ਕੋਈ ਹੁਕਮ ਨਹੀਂ ਹੈ।"

ਉਸ ਦਿਨ ਰਾਜ ਸਭਾ 'ਚ ਕਾਂਗਰਸ ਦੇ ਆਨੰਦ ਸ਼ਰਮਾ ਨੇ ਟੋਰਾਂਟੋ 'ਚ 'ਪ੍ਰਧਾਨ ਮੰਤਰੀ ਵੱਲੋਂ ਦਿੱਤੇ ਭਾਸ਼ਣ' ਦਾ ਮੁੱਦਾ ਉਠਾਇਆ ਸੀ।

ਦੂਜੇ ਪਾਸੇ ਕਾਂਗਰਸ ਦੀ ਸੋਸ਼ਲ ਮੀਡੀਆ ਦੀ ਇੰਚਾਰਜ ਸੁਪ੍ਰਿਆ ਸ਼੍ਰੀਨੇਤ ਸਣੇ ਪਾਰਟੀ ਦੇ ਕਈ ਆਗੂਆਂ ਨੇ ਹੁਣ ਅਜਿਹੇ ਵੀਡੀਓ ਸਾਂਝੇ ਕਰਨੇ ਸ਼ੁਰੂ ਕਰ ਦਿੱਤੇ ਹਨ, ਜਿਨ੍ਹਾਂ 'ਚ ਨਰਿੰਦਰ ਮੋਦੀ ਆਪਣੇ ਵਿਦੇਸ਼ੀ ਦੌਰਿਆਂ ਦੌਰਾਨ ਪਿਛਲੀਆਂ ਸਰਕਾਰਾਂ ਦੀ ਆਲੋਚਨਾ ਕਰਦੇ ਵੇਖੇ-ਸੁਣੇ ਜਾ ਸਕਦੇ ਹਨ।

ਗੁਜਰਾਤ ਦੇ ਮੁੱਖ ਮੰਤਰੀ ਵੱਜੋਂ ਨਰਿੰਦਰ ਮੋਦੀ ਨੇ ਸਾਲ 2013 'ਚ ਭਾਰਤੀ ਮੂਲ ਦੇ ਅਮਰੀਕੀਆਂ ਨੂੰ ਸੰਬੋਧਨ ਕੀਤਾ ਸੀ ਅਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਸਨ।

ਇਹ ਗੱਲ 13 ਮਈ 2013 ਦੀ ਹੈ।

'ਵੀਡੀਓ ਕਾਨਫਰੰਸ' ਜ਼ਰੀਏ ਬੋਲਦਿਆਂ ਉਨ੍ਹਾਂ ਨੇ ਭਾਰਤ ਦੀ ਵਿਦੇਸ਼ ਨੀਤੀ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ "ਭਾਰਤ 'ਚ ਕਮਜ਼ੋਰ ਆਗੂਆਂ ਦੀ ਸਰਕਾਰ ਹੈ।"

ਉਨ੍ਹਾਂ ਨੇ ਤਤਕਾਲੀ ਯੂਪੀਏ ਦੀ ਸਰਕਾਰ 'ਤੇ 'ਭ੍ਰਿਸ਼ਟਾਚਾਰ' ਦਾ ਇਲਜ਼ਾਮ ਲਗਾਉਂਦੇ ਕਿਹਾ ਸੀ ਕਿ 'ਸਰਕਾਰ ਦੇ ਪ੍ਰਤੀ ਲੋਕਾਂ ਦਾ ਵਿਸ਼ਵਾਸ ਅਤੇ ਭਰੋਸਾ' ਖ਼ਤਮ ਹੋ ਗਿਆ ਹੈ।

ਸਾਲ 2015 'ਚ ਬਤੌਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡਾ ਦੇ ਆਪਣੇ ਦੌਰੇ ਦੌਰਾਨ ਟੋਰਾਂਟੋ 'ਚ ਜੋ ਭਾਸ਼ਣ ਦਿੱਤਾ ਸੀ, ਉਸ ਨੂੰ ਲੈ ਕੇ ਕਾਂਗਰਸ ਪਾਰਟੀ ਨੇ ਉਨ੍ਹਾਂ ਦੀ ਆਲੋਚਨਾ ਕੀਤੀ ਸੀ।

ਪ੍ਰਧਾਨ ਮੰਤਰੀ ਮੋਦੀ ਦੇ ਵਿਦੇਸ਼ੀ ਦੌਰਿਆਂ ਦੌਰਾਨ ਪਿਛਲੀਆਂ ਸਰਕਾਰਾਂ ਦੀ ਆਲੋਚਨਾ ਨੂੰ ਲੈ ਕੇ ਵੀ ਸੰਸਦ 'ਚ ਹੰਗਾਮਾ ਹੋਇਆ ਸੀ।

ਪ੍ਰਧਾਨ ਮੰਤਰੀ ਮੋਦੀ ਦੇ ਵੀਡੀਓ

ਇਮਰਾਨ ਖਾਨ : ਤੋਸ਼ਾਖਾਨਾ ਮਾਮਲੇ 'ਚ 30 ਮਾਰਚ ਤੱਕ ਟਲੀ ਸੁਣਵਾਈ, ਇਮਰਾਨ ਦੀ ਗ੍ਰਿਫ਼ਤਾਰੀ ਦਾ ਵਾਰੰਟ ਵੀ ਰੱਦ

ਗੱਡੀਆਂ ਪਲਟੀਆਂ ਤੇ ਲਾਹੌਰ ਵਿਚ ਸਖਤੀ

ਤੋਸ਼ਾਖਾਨਾ ਮਾਮਲੇ ਵਿੱਚ ਲਾਹੌਰ ਤੋਂ ਇਸਲਾਮਾਬਾਦ ਪੇਸ਼ੀ ਭੁਗਤਣ ਜਾ ਰਹੇ ਇਮਰਾਨ ਖਾਨ ਦੇ ਕਾਫਲੇ ਦੀਆਂ ਤਿੰਨ ਗੱਡੀਆਂ ਆਪੋ ਵਿੱਚ ਟਕਰਾ ਗਈਆਂ ਹਨ। ਜਿਸ ਕਾਰਨ ਕਈ ਸਮਰਥਕ ਜਖਮੀ ਹੋਏ ਹਨ, ਪਰ ਇਮਰਾਨ ਖਾਨ ਸੁਰੱਖਿਅਤ ਹਨ। ਹਾਦਸੇ ਤੋਂ ਬਾਅਦ ਕਾਫਲਾ ਕੁਝ ਦੇਰ ਲਈ ਰੁਕਿਆ ਰਿਹਾ ਤੇ ਜਖਮੀਆਂ ਨੂੰ ਮੁੱਢਲੀ ਡਾਕਟਰੀ ਸਹਾਇਤਾ ਦੇਣ ਤੋਂ ਬਾਅਦ ਉਨ੍ਹਾਂ ਅੱਗੇ ਲਈ ਚਾਲੇ ਪਾਏ। ਉੱਧਰ ਲਾਹੌਰ ਤੋਂ ਬੀਬੀਸੀ ਪੱਤਰਕਾਰ ਤਰਹਬ ਅਸਗਰ ਦੀ ਰਿਪੋਰਟ ਮੁਤਾਬਕ ਇਮਰਾਨ ਦੀ ਰਿਹਾਇਸ਼ ਵਾਲੇ ਜਮਾਨ ਪਾਰਕ ਇਲਾਕੇ ਨੂੰ ਖਾਲੀ ਕਰਵਾਉਣ ਲਈ ਪੁਲਿਸ ਨੇ ਵੱਡਾ ਆਪਰੇਸ਼ਨ ਵਿੱਢਿਆ ਹੈ। ਇਲਾਕੇ ਵਿੱਚ ਕੰਟੇਨਰ ਖੜ੍ਹ ਕਰਕੇ ਨਾਕਾਬੰਦੀ ਕੀਤੀ ਜਾ ਰਹੀ ਹੈ।

ਵਾਟਰ ਕੈਨਨ ਅਤੇ ਬਖਤਰਬੰਦ ਗੱਡੀਆਂ ਮੰਗਵਾਈਆਂ ਗਈਆਂ ਹਨ, ਭਾਵੇਂ ਕਿ ਪੰਜਾਬ ਪੁਲਿਸ ਕਹਿ ਰਹੀ ਹੈ ਕਿ ਉਹ ਹੋਰ ਵਾਟਰ ਕੈਨਨ ਦੀ ਵਰਤੋਂ ਨਹੀਂ ਕਰੇਗੀ।

ਇਸ ਕੰਪਲੈਕਸ ਵਿੱਚ ਗੈਰ-ਜ਼ਰੂਰੀ ਲੋਕਾਂ ਦੇ ਆਉਣ ਲਈ ਫ਼ਿਲਹਾਲ ਰੋਕ ਹੈ ਅਤੇ ਵੱਡੀ ਗਿਣਤੀ ਵਿੱਚ ਮੀਡੀਆ ਦੀਆਂ ਟੀਮਾਂ ਉੱਥੇ ਮੌਜੂਦ ਹਨ।

ਇਸਲਾਮਾਬਾਦ ਦੇ ਅਦਾਲਤੀ ਕੰਪਲੈਕਸ ਵਾਲੇ ਜ਼ੀ-11 ਖੇਤਰ ਵਿੱਚ ਵੱਡੇ-ਵੱਡੇ ਕੰਟੇਨਰ ਲਗਾ ਦਿੱਤੇ ਗਏ ਹਨ।

ਇਹੀ ਨਹੀਂ ਕਿਸੇ ਅਣਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਪੁਲਿਸ ਤੇ ਹੋਰ ਏਜੰਸੀਆਂ ਦੀਆਂ ਟੀਮਾਂ ਵੀ ਤੈਨਾਤ ਹਨ।

ਦੱਸ ਦਈਏ ਕਿ ਇਸਲਾਮਾਬਾਦ ਪੁਲਿਸ ਵੱਲੋਂ ਸ਼ਹਿਰ ਵਿੱਚ ਧਾਰਾ 144 ਲਾਗੂ ਹੈ ਅਤੇ ਅਦਾਲਤੀ ਕੰਪਲੈਕਸ ਵਿੱਚ ਕਿਸੇ ਵੀ ਸ਼ਖਸ ਵੱਲੋਂ ਹਥਿਆਰ ਲੈ ਕੇ ਆਉਣ ਉੱਤੇ ਪਾਬੰਦੀ ਹੈ।

ਇਸਲਾਮਾਬਾਦ ਜ਼ਿਲ੍ਹਾ ਅਦਾਲਤ ਨੇ ਤੋਸ਼ਾਖਾਨਾ ਮਾਮਲੇ ਵਿੱਚ ਇਮਰਾਨ ਖ਼ਾਨ ਖ਼ਿਲਾਫ਼ ਮਾਮਲੇ ਦੀ ਸੁਣਵਾਈ ਨੂੰ 30 ਮਾਰਚ ਤੱਕ ਟਾਲ ਦਿੱਤਾ ਹੈ।

ਇਸ ਦੇ ਨਾਲ ਅਦਾਲਤ ਨੇ ਇਮਰਾਨ ਖ਼ਾਨ ਦੀ ਗਿਰਫਤਾਰੀ ਦੇ ਵਾਰੰਟ ਨੂੰ ਇਹ ਕਹਿੰਦਿਆਂ ਹੋਇਆਂ ਰੱਦ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ 30 ਮਾਰਚ ਨੂੰ ਅਦਾਲਤ ਅੱਗੇ ਪੇਸ਼ ਹੋਣਾ ਪਵੇਗਾ। ਅਦਾਲਤ ਨੇ ਕਿਹਾ ਹੈ ਕਿ ਇਮਰਾਨ ਨੂੰ 30 ਮਾਰਚ ਨੂੰ ਪੇਸ਼ ਹੋਣਾ ਪਵੇਗਾ, ਹਾਲਾਂਕਿ ਇਹ ਇੱਕ ਵੱਖਰਾ ਮੁੱਦਾ ਹੈ ਕਿ ਉਸ ਵੇਲੇ ਕੀ ਸਥਿਤੀ ਹੋਵੇਗੀ।

ਇਸ ਤੋਂ ਬਾਅਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਦੇ ਮੁਖੀ ਇਮਰਾਨ ਵੀ ਅਦਾਲਤ ਤੋਂ ਵਾਪਸ ਪਰਤ ਗਏ ਹਨ।

ਇਸ ਤੋਂ ਪਹਿਲਾਂ ਬੀਬੀਸੀ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਉਹ ਵਾਪਸ ਨਹੀਂ ਜਾਣਗੇ।

ਉਨ੍ਹਾਂ ਕਿਹਾ, "ਉਨ੍ਹਾਂ ਨੇ (ਮੈਨੂੰ) ਫੜ੍ਹਨ ਦਾ ਫੈਸਲਾ ਕੀਤਾ ਹੋਇਆ ਹੈ ਤੇ ਇਹ ਸਾਰਾ ਡਰਾਮਾ ਆਈਸੋਲੇਟ ਕਰਕੇ ਫੜ੍ਹਨ ਲਈ ਕੀਤਾ ਜਾ ਰਿਹਾ ਹੈ ਤੇ ਮੈਂ ਤਿਆਰ ਹਾਂ।"

ਇਹ ਪੁੱਛੇ ਜਾਣ 'ਤੇ ਕਿ ਤੁਸੀਂ ਵਾਪਸ ਕਿਉਂ ਨਹੀਂ ਜਾ ਰਹੇ, ਇਮਰਾਨ ਨੇ ਕਿਹਾ, "ਵਾਰੰਟ ਕੱਢ ਦੇਣਗੇ, ਮੈਂ ਵਾਪਸ ਕਿਉਂ ਜਾਵਾਂ ? ਇਹ ਮੈਨੂੰ ਭਗੌੜਾ ਕਰਾਰ ਦੇ ਦੇਣਗੇ। ਮੈਂ ਅਦਾਲਤ ਜਾਵਾਂਗਾ। ਮੈਂ ਵਾਪਸ ਕਿਉਂ ਜਾਵਾਂ ?"

ਹਾਲਾਂਕਿ, ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਡਰ ਤੋਂ ਉਨ੍ਹਾਂ ਦੇ ਸੈਂਕੜੇ ਸਮਰਥਕਾਂ ਨੇ ਉਨ੍ਹਾਂ ਦੀ ਕਾਰ ਨੂੰ ਘੇਰਾ ਪਾ ਰੱਖਿਆ ਸੀ।

ਇਸ ਤੋਂ ਪਹਿਲਾਂ ਇਮਰਾਨ ਦੇ ਪਹੁੰਚਣ ਤੋਂ ਬਾਅਦ ਵੀ ਅਦਾਲਤ ਪਰਿਸਰ ਵਿੱਚ ਪੱਥਰਬਾਜ਼ੀ ਹੋਈ ਅਤੇ ਹੰਝੂ ਗੈਸ ਛੱਡੀ ਗਈ, ਜਿਸ ਕਾਰਨ ਅਦਾਲਤ ਵੱਲੋਂ ਇਮਰਾਨ ਖਾਨ ਨੂੰ ਕਾਰ ਵਿੱਚ ਹੀ ਰਹਿਣ ਦੇ ਹੁਕਮ ਦਿੱਤੇ ਗਏ ਸਨ।

ਇਸ ਤੋਂ ਪਹਿਲਾਂ ਕੀ-ਕੀ ਵਾਪਰਿਆ

ਇਸ ਤੋਂ ਪਹਿਲਾਂ, ਇਮਰਾਨ ਖਾਨ ਦਾ ਕਹਿਣਾ ਸੀ ਕਿ ਉਹ ਪਿਛਲੇ 15 ਮਿੰਟ ਤੋਂ (ਅਦਾਲਤ) ਦੇ ਬਾਹਰ ਖੜ੍ਹੇ ਸਨ।

ਇਮਰਾਨ ਖਾਨ ਨੇ ਇੱਕ ਆਡੀਓ ਮੈਸੇਜ ਜਾਰੀ ਕਰਕੇ ਕਿਹਾ ਸੀ ਕਿ ਉਨ੍ਹਾਂ ਨੂੰ ਸੜਕ ਮਾਰਗ ਰਾਹੀਂ ਅਦਾਲਤ ਪਹੁੰਚਣ ਵਿੱਚ 5 ਘੰਟੇ ਦਾ ਸਮਾਂ ਲੱਗਾ ਹੈ।

ਇਮਰਾਨ ਮੁਤਾਬਕ, ਪੁਲਿਸ ਨੇ ਪਾਣੀ ਦੀ ਬੁਛਾੜਾਂ ਵਾਲੇ ਟੈਂਕਰ ਲਗਾਏ ਹੋਏ ਹਨ।

ਇਮਰਾਨ ਨੇ ਦਾਅਵਾ ਕੀਤਾ ਕਿ ਉਹ ਪਿਛਲੇ 15 ਮਿੰਟ ਤੋਂ (ਅਦਾਲਤ) ਦੇ ਦਰਵਾਜ਼ੇ 'ਤੇ ਖੜ੍ਹੇ ਹਨ।

ਦੂਜੇ ਪਾਸੇ, ਪਾਕਿਸਤਾਨ ਸਰਕਾਰ ਦੇ ਬੁਲਾਰੇ ਅੱਤਾ ਤਰ ਨੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਮਰਾਨ ਖ਼ਾਨ ਦੀ ਕਾਰ ਅਦਾਲਤ ਪਰਿਸਰ 'ਚ ਪਹੁੰਚ ਤਾਂ ਚੁੱਕੀ ਹੈ ਪਰ ਉਹ ਕਾਰ ਤੋਂ ਬਾਹਰ ਨਹੀਂ ਆ ਰਹੇ।

ਉਨ੍ਹਾਂ ਕਿਹਾ ਕਿ ਅਦਾਲਤ ਖੁੱਲ੍ਹੀ ਹੈ, ਵਕੀਲ ਮੌਜੂਦ ਹਨ ਪਰ ਇਮਰਾਨ ਖਾਨ ਆਪਣੀ ਕਾਰ ਅੰਦਰ ਨਹੀਂ ਲਿਆ ਰਹੇ।

ਦੱਸ ਦੇਈਏ ਕਿ ਇਮਰਾਨ, ਤੋਸ਼ਾਖਾਨਾ ਮਾਮਲੇ ਵਿੱਚ ਸੰਮਨ ਜਾਰੀ ਹੋਣ ਤੋਂ ਬਾਅਦ ਕੋਰਟ ਪਹੁੰਚ ਰਹੇ ਹਨ।

ਇਸ ਸਬੰਧੀ ਇਸਲਾਮਾਬਾਦ ਅਦਾਲਤੀ ਕੰਪਲੈਕਸ ਦੇ ਬਾਹਰ ਸੁਰੱਖਿਆ ਦੇ ਪੁਖਤਾ ਇੰਤਜਾਮ ਕੀਤੇ ਗਏ ਹਨ।

ਹਾਲਾਂਕਿ, ਇਮਰਾਨ ਦੇ ਸਮਰਥਕਾਂ ਅਤੇ ਪੁਲਿਸ ਵਿਚਕਾਰ ਟਕਰਾਅ ਅਜੇ ਵੀ ਜਾਰੀ ਹੈ ਅਤੇ ਉਨ੍ਹਾਂ ਨੇ ਅਦਾਲਤ ਦੇ ਬਾਹਰ ਮਜੂਦ ਪੁਲਿਸ ਚੌਕੀ ਨੂੰ ਅੱਗ ਲਗਾ ਦਿੱਤੀ ਹੈ।

ਬੀਬੀਸੀ ਪੱਤਰਕਾਰ ਸਹਿਰ ਬਲੋਚ ਮੁਤਾਬਕ, ਸਮਰਥਕਾਂ ਨੂੰ ਅਦਾਲਤ ਪਰਿਸਰ ਤੋਂ ਦੂਰ ਰੱਖਣ ਲਈ ਪੁਲਿਸ ਵਲੋਂ ਕਾਰਵਾਈ ਕੀਤੀ ਜਾ ਰਹੀ ਹੈ ਜਿਸ ਦੇ ਜਵਾਬ ਵਿੱਚ ਇਮਰਾਨ ਸਮਰਥਕ ਪੁਲਿਸ 'ਤੇ ਪੱਥਰਬਾਜ਼ੀ ਕਰ ਰਹੇ ਹਨ।

ਇਸਲਾਮਾਬਾਦ ਦੇ ਆਈਜੀ ਨੇ ਕਿਹਾ ਹੈ ਕਿ ਪੁਲਿਸ ਉੱਤੇ ਪੱਥਰਬਾਜ਼ੀ ਕੀਤੀ ਗਈ ਹੈ ਅਤੇ ਇਸ ਵਿੱਚ ਕੁਝ ਨੌਜਵਾਨ ਪੁਲਿਸ ਕਰਮੀ ਜ਼ਖਮੀ ਵੀ ਹੋਏ ਹਨ।

ਉਨ੍ਹਾਂ ਕਿਹਾ ਕਿ ਪ੍ਰਦਰਸ਼ਨਕਾਰੀਆਂ 'ਤੇ ਕਾਬੂ ਪਾਉਣ ਲਈ ਪੁਲਿਸ ਨੇ ਵੀ ਹੰਝੂ ਗੈਸ ਦਾ ਇਸਤੇਮਾਲ ਕੀਤਾ ਹੈ।

ਉੱਧਰ, ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ ਏ ਇਨਸਾਫ਼ ਦਾ ਇਲਜ਼ਾਮ ਹੈ ਕਿ ਇਮਰਾਨ ਤਾਂ ਅਦਾਲਤ ਦੀ ਸੁਣਵਾਈ ਲਈ ਪਹੁੰਚ ਚੁੱਕੇ ਹਨ ਪਰ ਕਾਰਵਾਈ ਨੂੰ ਅੱਗੇ ਤੁਰਨ ਲਈ ਬਹਾਨੇਬਾਜ਼ੀ ਕੀਤੀ ਜਾ ਰਹੀ ਹੈ।

ਬੀਬੀਸੀ ਉਰਦੂ ਮੁਤਾਬਕ, ਪੀਟੀਆਈ ਆਗੂ ਰੌਫ਼ ਹਸਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਕੋਈ ਹਿੰਸਾ ਨਹੀਂ ਕੀਤੀ ਜਾ ਰਹੀ ਹੈ ਬਲਕਿ ਇਮਰਾਨ ਅਤੇ ਤਹਿਰੀਕ ਏ ਇਨਸਾਫ਼ ਦੇ ਆਗੂਆਂ 'ਤੇ ਸਟੇਟ ਵੱਲੋਂ ਹਿੰਸਾ ਕੀਤੀ ਜਾ ਰਹੀ ਹੈ।

ਇਮਰਾਨ ਖ਼ਾਨ ਦੇ ਘਰ ਦਾ ਦਰਵਾਜ਼ਾ ਤੋੜਿਆ

ਇਸ ਤੋਂ ਪਹਿਲਾਂ ਇਮਰਾਨ ਦੇ ਘਰ ਦੇ ਬਾਹਰ ਭਾਰੀ ਪੁਲਿਸ ਬਲ ਮੌਜੂਦ ਸੀ।

ਬੀਬੀਸੀ ਪੱਤਰਕਾਰ ਤਰਹਬ ਅਸਗਰ ਮੁਤਾਬਕ, ਪੁਲਿਸ ਨੇ ਇਮਰਾਨ ਖ਼ਾਨ ਦੇ ਘਰ ਦਾ ਦਰਵਾਜ਼ਾ ਤੋੜ ਦਿੱਤਾ ਸੀ ਅਤੇ ਅੰਦਰ ਵੜ ਗਈ ਸੀ।

ਪਿਛਲੇ ਕਈ ਦਿਨਾਂ ਤੋਂ ਇਸਲਾਮਾਬਾਦ ਪੁਲਿਸ ਇਮਰਾਨ ਖਾਨ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕਰਦੀ ਰਹੀ ਹੈ।

ਲਾਹੌਰ ਵਿਚਲੇ ਜਮਾਨ ਪਾਰਕ ਇਲਾਕੇ ਦੇ ਉਨ੍ਹਾਂ ਦੇ ਘਰ ਦੇ ਬਾਹਰ ਪੀਟੀਆਈ ਵਰਕਰਾਂ ਅਤੇ ਪੁਲਿਸ ਵਿਚਾਲੇ ਕਾਫੀ ਹਿੰਸਕ ਝੜਪਾਂ ਵੀ ਹੋਈਆਂ ਸਨ।

ਇਸਲਾਮਾਬਾਦ ਅਦਾਲਤ ਦੇ ਇਮਰਾਨ ਖਾਨ ਨੂੰ ਸ਼ਨੀਵਾਰ ਨੂੰ ਅਦਾਲਤ ਵਿੱਚ ਪੇਸ਼ ਹੋਣ ਤੱਕ ਗ੍ਰਿਫਤਾਰ ਕਰਨ ਉੱਤੇ ਰੋਕ ਲਾ ਦਿੱਤੀ ਸੀ ,ਜਿਸ ਕਾਰਨ ਲਾਹੌਰ ਵਿੱਚ ਅਮਨ ਸ਼ਾਂਤੀ ਬਹਾਲ ਹੋਈ ਸੀ।

4000 ਪੁਲਿਸ ਮੁਲਾਜਮ ਤਾਇਨਾਤ

ਇਸਲਾਮਾਬਾਦ ਪੁਲਿਸ ਨੇ ਦੱਸਿਆ ਹੈ ਕਿ ਚਾਰ ਹਜਾਰ ਪੁਲਿਸ ਮੁਲਾਜਮ ਅਤੇ ਅਫਸਰਾਂ ਨੂੰ ਤਾਇਨਾਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਪੁਲਿਸ ਦੇ ਜਵਾਨ ਵੀ ਅਦਾਲਤੀ ਕੰਪਲੈਕਸ ਵਿੱਚ ਤੈਨਾਤ ਕੀਤੇ ਗਏ ਹਨ।

ਕੀ ਹੈ ਤੋਸਾਖਾਨਾ ਮਾਮਲਾ

ਤੋਸਾ ਖਾਨਾ ਇੱਕ ਸਰਕਾਰੀ ਵਿਭਾਗ ਹੁੰਦਾ ਹੈ। ਇੱਥੇ ਪ੍ਰਧਾਨ ਮੰਤਰੀ, ਰਾਸਟਰਪਤੀ ਜਾਂ ਦੂਜੇ ਵੱਡੇ ਅਧਿਕਾਰੀਆਂ ਵੱਲੋਂ ਕਿਸੇ ਦੌਰੇ ਦੌਰਾਨ ਮਿਲੇ ਕੀਮਤੀ ਤੋਹਫੇ ਰੱਖੇ ਜਾਂਦੇ ਹਨ।

ਕਿਸੇ ਵੀ ਵਿਦੇਸ਼ ਯਾਤਰਾ ਵੇਲੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਇਨ੍ਹਾਂ ਤੋਹਫਾ ?ਆਂ ਦਾ ਰਿਕਾਰਡ ਰੱਖਦੇ ਹਨ ਅਤੇ ਵਤਨ ਵਾਪਸੀ 'ਤੇ ਤੋਸਾ ਖਾਨੇ ਵਿੱਚ ਜਮ੍ਹਾਂ ਕਰਵਾ ਦਿੱਤੇ ਜਾਂਦੇ ਹਨ।

ਤੋਸਾ ਖਾਨੇ ਵਿੱਚ ਰੱਖੀਆਂ ਚੀਜਾਂ ਨੂੰ ਯਾਦਗਾਰ ਵਜੋਂ ਦੇਖਿਆ ਜਾਂਦਾ ਹੈ। ਇੱਥੇ ਰੱਖੀਆਂ ਚੀਜਾਂ ਨੂੰ ਮੰਤਰੀ ਮੰਡਲ ਦੀ ਮਨਜੂਰੀ ਤੋਂ ਬਾਅਦ ਹੀ ਵੇਚਿਆ ਜਾ ਸਕਦਾ ਹੈ।

ਪਾਕਿਸਤਾਨ 'ਚ ਜੇਕਰ ਮਿਲੇ ਤੋਹਫੇ ਦੀ ਕੀਮਤ 30 ਹਜਾਰ ਰੁਪਏ ਤੋਂ ਘੱਟ ਹੈ ਤਾਂ ਵਿਅਕਤੀ ਇਸ ਨੂੰ ਮੁਫਤ 'ਚ ਆਪਣੇ ਕੋਲ ਰੱਖ ਸਕਦਾ ਹੈ। ਉੱਥੇ ਹੀ ਜੇਕਰ ਤੋਹਫੇ ਦੀ ਕੀਮਤ 30 ਹਜਾਰ ਰੁਪਏ ਤੋਂ ਵੱਧ ਹੈ, ਤਾਂ ਉਸ ਦੀ ਕੀਮਤ ਦਾ 50 ਫੀਸਦ ਜਮ੍ਹਾਂ ਕਰਵਾ ਕੇ ਖਰੀਦਿਆ ਜਾ ਸਕਦਾ ਹੈ।

ਸਾਲ 2020 ਤੋਂ ਪਹਿਲਾਂ ਸਮਾਨ ਦੀ ਅਸਲ ਕੀਮਤ ਦਾ ਸਿਰਫ 20 ਫੀਸਦੀ ਹੀ ਜਮ੍ਹਾ ਕਰਨਾ ਪੈਂਦਾ ਸੀ।

ਇਹਨਾਂ ਤੋਹਫਾ ?ਆਂ ਵਿੱਚ ਆਮ ਤੌਰ 'ਤੇ ਮਹਿੰਗੀਆਂ ਘੜੀਆਂ, ਸੋਨੇ ਅਤੇ ਹੀਰੇ ਦੇ ਗਹਿਣੇ, ਮਹਿੰਗਾ ਸਜਾਵਟੀ ਸਾਮਾਨ, ਯਾਦਗਾਰੀ ਚਿੰਨ੍ਹ, ਹੀਰਾ ਜੜੀ ਕਲਮ, ਕਰੌਕਰੀ ਅਤੇ ਕਾਲੀਨ ਸਾਮਲ ਹੁੰਦੇ ਹਨ।

ਦਰਅਸਲ, ਇਮਰਾਨ ਖਾਨ ਉੱਤੇ ਇਲਜਾਮ ਸਨ ਕਿ ਉਨ੍ਹਾਂ ਨੇ ਸੱਤਾ ਵਿੱਚ ਰਹਿੰਦਿਆਂ ਜੋ ਤੋਹਫੇ ਖਰੀਦੇ ਸਨ, ਉਨ੍ਹਾਂ ਬਾਰੇ ਚੋਣ ਕਮਿਸਨ ਨੂੰ ਸਹੀ ਜਾਣਕਾਰੀ ਨਹੀਂ ਦਿੱਤੀ ਸੀ।

ਇਮਰਾਨ ਖਾਨ ਨੇ ਕਿਹੜੇ ਤੋਹਫੇ ਖਰੀਦੇ ਹਨ ?

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣਨ ਦੇ ਦੋ ਮਹੀਨਿਆਂ ਦੇ ਅੰਦਰ ਹੀ ਇਮਰਾਨ ਖਾਨ ਨੇ ਤੋਸਾਖਾਨਾ ਵਿੱਚ ਦੋ ਕਰੋੜ ਰੁਪਏ ਤੋਂ ਵੱਧ ਜਮ੍ਹਾਂ ਕਰਵਾ ਕੇ ਕਈ ਤੋਹਫੇ ਖਰੀਦੇ ਸਨ।

ਇਨ੍ਹਾਂ ਵਿੱਚ ਕਰੀਬ 85 ਲੱਖ ਰੁਪਏ ਦੀ ਇੱਕ ਗ੍ਰਾਫ ਘੜੀ, ਕਰੀਬ 60 ਲੱਖ ਰੁਪਏ ਦੀ ਇੱਕ ਕਫਾ ?ਗ, 87 ਲੱਖ ਰੁਪਏ ਦੀ ਇੱਕ ਪੈੱਨ ਅਤੇ ਅੰਗੂਠੀ ਸਾਮਲ ਹੈ।

ਇਸੇ ਤਰ੍ਹਾਂ ਇਮਰਾਨ ਖਾਨ ਨੇ ਤੋਸਾਖਾਨੇ ਤੋਂ 38 ਲੱਖ ਰੁਪਏ ਦੀ 7.5 ਲੱਖ ਰੁਪਏ ਦੀ ਰੋਲੇਕਸ ਘੜੀ ਅਤੇ 15 ਲੱਖ ਰੁਪਏ ਦੀ ਰੋਲੇਕਸ ਘੜੀ ਸਿਰਫ 2.5 ਲੱਖ ਰੁਪਏ ਵਿੱਚ ਖਰੀਦੀ ਸੀ।

ਇਕ ਹੋਰ ਮੌਕੇ 'ਤੇ, ਇਮਰਾਨ ਖਾਨ ਨੇ 49 ਲੱਖ ਰੁਪਏ ਦੇ ਕਫਲਿੰਗ ਅਤੇ ਘੜੀਆਂ ਨਾਲ ਭਰਿਆ ਇੱਕ ਡੱਬਾ ਅੱਧੇ ਮੁੱਲ 'ਤੇ ਖਰੀਦਿਆ ਸੀ।

ਇਸ ਤੋਂ ਇਲਾਵਾ ਤੋਹਫੇ ਦੀ ਖਰੀਦੋ-ਫਰੋਖਤ ਲਈ 2 ਅਰਬ ਰੁਪਏ ਦੀ ਥਾਂ ਤੋਸਾਖਾਨੇ ਨੂੰ 80 ਲੱਖ ਰੁਪਏ ਦਿੱਤੇ।

ਦਸਤਾਵੇਜਾਂ ਮੁਤਾਬਕ ਕਥਿਤ ਤੌਰ 'ਤੇ ਵੇਚੀ ਗਈ ਘੜੀ ਵੀ ਚੋਣ ਕਮਿਸਨ ਦੀ ਸੂਚੀ ਵਿੱਚ ਦਰਜ ਨਹੀਂ ਸੀ।

ਇਹ ਘੜੀ ਇਮਰਾਨ ਖਾਨ ਦੀ ਪਤਨੀ ਬੁਸਰਾ ਬੀਬੀ ਨੂੰ ਆਪਣੀ ਪਹਿਲੀ ਸਾਊਦੀ ਅਰਬ ਫੇਰੀ ਦੌਰਾਨ ਤੋਹਫੇ ਵਜੋਂ ਮਿਲੀ ਸੀ।

ਇਸ ਦੀ ਲਾਗਤ 85 ਕਰੋੜ ਰੁਪਏ ਦੱਸੀ ਜਾਂਦੀ ਹੈ। ਇਮਰਾਨ ਖਾਨ ਨੇ ਇਹ ਘੜੀ 20 ਫੀਸਦੀ ਦੇ ਕੇ ਖਰੀਦ ਲਈ ਸੀ।

ਅੰਮ੍ਰਿਤਪਾਲ ਨੇ ਕੀ ਗਲਤੀਆਂ ਕੀਤੀਆਂ, ਜੋ ਉਸ ਉੱਤੇ ਹੁਣ ਭਾਰੀ ਪੈ ਗਈਆਂ -ਨਜਰੀਆ

ਅੰਮ੍ਰਿਤਪਾਲ ਸਿੰਘ ਕੌਣ ਹਨ

ਅਮ੍ਰਿਤਪਾਲ ਸਿੰਘ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਉਹਨਾਂ ਦੇ ਪੁੱਤਰ ਦੀ ਜਾਨ ਨੂੰ ਖਤਰਾ ਹੈ।
ਅਮ੍ਰਿਤਪਾਲ ਸਿੰਘ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਹਨ, ਉਹ ਸਿੱਖਾਂ ਲਈ ਖੁਦਮੁਖਤਿਆਰ ਰਾਜ (ਖਾਲਿਸਤਾਨ) ਦੀ ਪਾਪ੍ਰਤੀ ਨੂੰ ਆਪਣਾ ਨਿਸ਼ਾਨਾ ਦੱਸਦੇ ਹਨ।
ਕਈ ਸਾਲ ਦੁਬਈ ਰਹਿਣ ਤੋਂ ਬਾਅਦ ਪਿਛਲੇ ਸਾਲ ਅਗਸਤ ਮਹੀਨੇ ਪੰਜਾਬ ਵਿੱਚ ਵਾਪਸ ਆਏ ਅਤੇ ਉਨ੍ਹਾਂ ਅਮ੍ਰਿਤ ਸੰਚਾਰ ਅਤੇ ਨਸ਼ਾ ਛੁਡਾਊ ਲਹਿਰ ਦੇ ਨਾਂ ਉੱਤੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਨਾਂ ਸ਼ੁਰੂ ਕੀਤਾ।
ਪਰ ਉਹ ਆਪਣੇ ਗਰਮਸੁਰ ਵਾਲੇ ਭਾਸ਼ਣਾ ਅਤੇ ਗੁਰਦੁਆਰਿਆਂ ਵਿਚਲੇ ਬੈਂਚ ਸਾੜਨ ਤੇ ਅਜਨਾਲਾ ਥਾਣੇ ਅੱਗੇ ਹੋਈ ਹਿੰਸਾ ਕਾਰਨ ਵਿਵਾਦਾਂ ਵਿੱਚ ਆ ਗਏ।
ਪੁਲਿਸ ਪਿਛਲੇ ਸ਼ਨੀਵਾਰ ਤੋਂ ਉਸ ਦਾ ਪਿੱਛਾ ਕਰ ਰਹੀ ਹੈ ਅਤੇ ਪੰਜਾਬ ਵਿੱਚ ਉਸ ਦੇ ਸਮਰਥਕਾਂ ਦੀ ਵੱਡੇ ਪੱਧਰ ਉੱਤੇ ਫੜੋ-ਫੜੀ ਚੱਲ ਰਹੀ ਹੈ।

ਪੰਜਾਬ ਨੇ ਕੇਂਦਰ ਦਾ ਸਹਿਯੋਗ ਲਿਆ

ਜਗਤਾਰ ਸਿੰਘ ਦੱਸਦੇ ਹਨ ਕਿ ਕੇਂਦਰ ਦੀਆਂ ਏਜੰਸੀਆਂ ਲੰਮੇਂ ਸਮੇਂ ਤੋਂ ਪੰਜਾਬ ਉਪਰ ਨਜਰ ਰੱਖ ਰਹੀਆਂ ਹਨ। ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਜੋ ਕਈ ਸਾਲਾਂ ਤੋਂ ਹੋ ਰਿਹਾ ਹੈ, ਉਹ ਪੰਜਾਬ ਦੀ ਯੁੱਧਨੀਤਿਕ ਸਥਿਤੀ ਦੀ ਮਹੱਤਤਾ ਹੈ। ਇਸ ਕਾਰਨ ਕਿਸ ਸਮੇਂ ਪੰਜਾਬ ਦੇ ਡੀਜੀਪੀ ਦੀ ਨਿਯੁਕਤੀ ਦਿੱਲੀ ਤੋਂ ਹੀ ਆਉਂਦੀ ਸੀ।
ਭਾਵੇਂ ਕਿ ਲਿਖਤੀ ਰੂਪ ਵਿੱਚ ਨਾ ਹੋਵੇ ਪਰ ਮਨਜੂਰੀ ਦਿੱਲੀ ਦੀ ਹੀ ਹੁੰਦੀ ਸੀ।
ਪੰਜਾਬ ਦੇ ਸਾਰੇ ਆਪਰੇਸ਼ਨ ਦਿੱਲੀ ਤੋਂ ਹੀ ਬਣਾਏ ਜਾਂਦੇ ਹਨ।
ਇਸ ਆਪਰੇਸ਼ਨ ਵਿੱਚ ਵੀ ਪੰਜਾਬ ਸਰਕਾਰ ਵਲੋਂ ਕੇਂਦਰੀ ਏਜੰਸੀਆਂ ਦੀ ਮਦਦ ਲਏ ਜਾਣ ਦੇ ਸਪੱਸ਼ਟ ਸੰਕੇਤ ਨਜਰ ਆ ਰਹੇ ਹਨ।
ਪਰ ਇੱਕ ਗੱਲ ਸਮਝ ਨਹੀਂ ਆ ਰਹੀ ਕਿ ਕੇਂਦਰੀ ਏਜੰਸੀਆਂ ਨੂੰ ਇੰਨੀਆਂ ਤਜਰਬੇਕਾਰ ਮੰਨਿਆ ਜਾਂਦਾ ਹੈ, ਰਾਅ ਅਤੇ ਐੱਨਆਈਏ ਦੇ ਦੋਵੇਂ ਮੁਖੀ ਪੰਜਾਬ ਤੋਂ ਹਨ, ਫੇਰ ਇਸ ਆਪਰੇਸ਼ਨ ਦੀ ਯੋਜਨਾ ਬੰਦੀ ਇੰਨੀ ਮਾੜੀ ਕਿਉਂ ਲੱਗੀ।
ਜਿਵੇਂ ਅਮ੍ਰਿਤਪਾਲ ਦੇ ਪਿਤਾ ਨੇ ਵੀ ਸਵਾਲ ਚੁੱਕਿਆ ਹੈ ਕਿ ਜੇਕਰ ਅਮ੍ਰਿਤਪਾਲ ਨੂੰ ਗ੍ਰਿਫਤਾਰ ਹੀ ਕਰਨਾ ਸੀ ਤਾਂ ਉਸਦੇ ਘਰ ਤੋਂ ਕਿਉਂ ਨਹੀਂ ਚੁੱਕਿਆ ਗਿਆ।
"ਜੇ ਬਾਹਰ ਵੀ ਫੜਨਾ ਸੀ ਤਾਂ ਘਰ ਤੋਂ ਨਿਕਲਦੇ ਨੂੰ ਚੁੱਕ ਲੈਂਦੇ, ਇਸ ਤਰ੍ਹਾਂ ਮਾਮਲਾ ਉਛਾਲਣਾ, 7 ਜਾਂ ?ਲ੍ਹਿਆਂ ਦੀ ਪੁਲਿਸ ਇਕੱਠੀ ਕਰਨ, ਅਜਿਹਾ ਕਿਉਂ ਕੀਤਾ ਗਿਆ, ਇਸ ਪਿੱਛੇ ਸਿਆਸਤ ਕੀ ਹੈ।"

ਪੰਜਾਬ ਸਰਕਾਰ ਵੱਲੋਂ 'ਵਾਰਿਸ ਪੰਜਾਬ ਦੇ' ਜਥੇਬੰਦੀ ਨਾਲ ਸਬੰਧਤ 154 ਲੋਕਾਂ ਨੂੰ ਵੱਖ-ਵੱਖ ਕੇਸਾਂ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।
ਪਰ ਜਥੇਬੰਦੀ ਦੇ ਮੁਖੀ ਅਮ੍ਰਿਤਪਾਲ ਸਿੰਘ ਹਾਲੇ ਵੀ ਪੰਜਾਬ ਦੀ ਪਹੁੰਚ ਤੋਂ ਬਾਹਰ ਦੱਸੇ ਜਾ ਰਹੇ ਹਨ।
ਅਮ੍ਰਿਤਪਾਲ ਸਿੰਘ ਖ?ਲਾਫ ਚੱਲ ਰਹੀ ਕਾਰਵਾਈ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਨੇ ਕਿਹਾ ਹੈ, "ਦੇਸ ਖ?ਲਾਫ ਪੰਜਾਬ ਵਿੱਚ ਪਨਪਣ ਵਾਲੀ ਕਿਸੇ ਵੀ ਤਾਕਤ ਨੂੰ ਬਖਸ਼ਿ?ਆ ਨਹੀਂ ਜਾਵੇਗਾ। ਆਮ ਆਦਮੀ ਪਾਰਟੀ ਧਰਮ ਨਿਰਪੱਖ ਪਾਰਟੀ ਹੈ। ਦੇਸ ਵਿਰੋਧੀ ਕਿਸੇ ਤਾਕਤ ਨੂੰ ਪੰਜਾਬ ਵਿੱਚ ਸਿਰ ਨਹੀਂ ਚੁੱਕਣ ਦਿਆਂਗੇ।"
ਆਪਣੇ ਹਿੰਦੀ ਵਿੱਚ ਜਾਰੀ ਕੀਤੇ ਸੰਖੇਪ ਵੀਡੀਓ ਸੰਦੇਸ਼ ਦੌਰਾਨ ਮਾਨ ਨੇ ਕਿਹਾ, "ਮੇਰੇ ਖੂਨ ਦੀ ਇੱਕ-ਇੱਕ ਬੂੰਦ ਪੰਜਾਬ ਲਈ ਹੈ।"
ਪੁਲਿਸ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਅਮ੍ਰਿਤਪਾਲ ਨੇ ਨੰਗਲ ਅੰਬੀਆ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਕੱਪੜੇ ਬਦਲੇ ਸਨ ਅਤੇ ਫਰਾਰ ਹੋ ਗਏ।

ਅੰਮ੍ਰਿਤਪਾਲ ਸਿੰਘ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਉਹਨਾਂ ਦੇ ਪੁੱਤਰ ਦੀ ਜਾਨ ਨੂੰ ਖਤਰਾ ਹੈ।

ਅੰਮ੍ਰਿਤਪਾਲ ਸਿੰਘ ਨੇ ਕੀ ਗਲਤੀਆਂ ਕੀਤੀਆਂ ?

ਸੀਨੀਅਰ ਪੱਤਰਕਾਰ ਜਗਤਾਰ ਸਿੰਘ ਕਹਿੰਦੇ ਹਨ ਕਿ ਜੇਕਰ ਅਮ੍ਰਿਤਪਾਲ ਸਿੰਘ ਦੀ ਯੋਜਨਾ ਲੰਮੀ ਸੀ ਤਾਂ ਉਸ ਨੇ ਮਹਿੰਗੀਆਂ ਗੱਡੀਆਂ ਲੈ ਕੇ ਲੋਕਾਂ ਦੀਆਂ ਨਜਰਾਂ ਵਿੱਚ ਨਹੀਂ ਆਉਣਾ ਸੀ।
''ਮੈਂ ਪਹਿਲੇ ਦਿਨ ਤੋਂ ਕਹਿ ਰਿਹਾ ਹਾਂ ਕਿ ਉਸ ਨੂੰ ਸਿਖਲਾਈ ਦੇ ਕੇ ਪੰਜਾਬ ਭੇਜਿਆ ਗਿਆ ਸੀ ਅਤੇ ਉਹ ਕਾਹਲ਼ਾ ਵਗ ਗਿਆ।''
ਅੰਮ੍ਰਿਤਪਾਲ ਸਿੰਘ ਨੂੰ ਜਿੰਨਾਂ ਲੋਕਾਂ ਨੇ ਟਰੇਨਿੰਗ ਦੇ ਕੇ ਪੰਜਾਬ ਵਿੱਚ ਭੇਜਿਆ ਸੀ, ਉਹਨਾਂ ਤੋਂ ਇੱਕ ਗਲਤੀ ਹੋ ਗਈ। ਅਮ੍ਰਿਤਪਾਲ ਥੋੜਾ ਤੇਜੀ ਨਾਲ ਚੱਲਿਆ। ਜੇਕਰ ਉਹ ਅਰਾਮ ਨਾਲ ਚੱਲਦਾ ਤਾਂ ਹਥਿਆਰਾਂ ਦਾ ਦਿਖਾਵਾ ਕਰਨ ਦੀ ਲੋੜ ਨਹੀਂ ਸੀ।
ਉਹਨਾਂ ਨੂੰ ਅਰਾਮ ਨਾਲ ਪਹਿਲਾਂ ਲੋਕਾਂ ਵਿੱਚ ਕੰਮ ਕਰਕੇ ਅਧਾਰ ਬਣਾਉਣਾ ਚਾਹੀਦਾ ਸੀ।
"ਮੈਨੂੰ ਲੱਗਦਾ ਹੈ ਕਿ ਹੁਣ ਤੱਕ ਸਰਕਾਰ ਨੇ ਵੀ ਅਤੇ ਕੇਂਦਰ ਨੇ ਵੀ ਉਸ ਨੂੰ ਕਾਰਵਾਈਆਂ ਕਰਨ ਦਿੱਤੀਆਂ ਸਨ।"
ਉਸ ਨੂੰ ਹਥਿਆਰਾਂ ਨਾਲ ਤਮਾਸ਼ਾ ਕਰਨ ਦੀ ਲੋੜ ਨਹੀਂ ਸੀ, ਉਹ ਅਰਾਮ ਨਾਲ ਆਪਣੀਆਂ ਗਤੀਵਿਧੀਆਂ ਚਲਾ ਕੇ ਕੰਮ ਕਰ ਸਕਦਾ ਸੀ।

ਘਰ ਤੋਂ ਫੜਨ ਦੀ ਬਜਾਏ ਵੱਡਾ ਹੱਲਾ ਕਿਉਂ ਹੋਇਆ ?

ਜਗਤਾਰ ਸਿੰਘ ਕਹਿੰਦੇ ਹਨ, ਜਿਸ ਥਾਂ ਤੋਂ ਅਮ੍ਰਿਤਪਾਲ ਸਿੰਘ ਭੱਜਿਆ ਉਹ ਉਸ ਦਾ ਇਲਾਕਾ ਨਹੀਂ ਸੀ। ਪਰ ਪੇਸ਼ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ, ਜਿਵੇਂ ਸਭ ਗਲੀਆਂ ਜਾਣਦਾ ਹੋਵੇ।''
"ਸਵਾਲ ਇਹ ਹੈ ਕਿ ਉਸ ਨੂੰ ਘਰੋਂ ਗ੍ਰਿਫਤਾਰ ਕਿਉਂ ਨਹੀਂ ਕੀਤਾ ਗਿਆ, ਇੰਨਾ ਵੱਡਾ ਤਮਾਸ਼ਾ ਕਰਨ ਪਿੱਛੇ ਕੀ ਸਿਆਸਤ ਹੈ ।ਇਸ ਘਟਨਾ ਵਿੱਚ ਕਈ ਚੀਜਾਂ ਸਮਝ ਤੋਂ ਬਾਹਰ ਹਨ।''

ਜਗਤਾਰ ਸਿੰਘ ਜਰਨੈਲ ਸਿੰਘ ਭਿੰਡਰਾਵਾਲਿਆਂ ਦਾ ਵੀ ਇੱਕ ਕਿੱਸਾ ਸਾਂਝਾ ਕਰਦੇ ਹਨ, ਜਦੋਂ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਫੜ੍ਹਨ ਦੀ ਕੋਸ਼ਿਸ਼ ਕੀਤੀ ਗਈ ਸੀ।

''ਇੱਕ ਵਾਰ ਜਦੋਂ ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਨੂੰ ਪੁਲਿਸ ਫੜਨ ਦੀ ਤਿਆਰੀ ਕਰ ਰਹੀ ਸੀ ਤਾਂ ਉਹਨਾਂ ਨੂੰ ਅੰਦਾਜਾ ਹੋ ਗਿਆ। ਉਹ ਚੰਦੋਕਲ੍ਹਾਂ (ਹਰਿਆਣਾ) ਤੋਂ ਲੁਧਿਆਣਾ ਚੱਲੇ ਸਨ ਪਰ ਉਹ ਟਰੱਕ ਵਿੱਚ ਬੈਠ ਕੇ ਪੰਜਾਬ ਆ ਗਏ।"
ਉਸ ਸਮੇਂ ਤੋਂ ਬਾਅਦ ਅਜਿਹਾ ਕੇਸ ਦੂਜੀ ਵਾਰ ਅਮ੍ਰਿਤਪਾਲ ਦੇ ਮਾਮਲੇ ਵਿੱਚ ਸਾਹਮਣੇ ਆਇਆ ਹੈ।
ਪਰ ਇਸ ਵਿੱਚ ਇੱਕ ਗੱਲ ਸਮਝ ਨਹੀਂ ਆ ਰਹੀ ਕਿ ਅਮ੍ਰਿਤਪਾਲ ਦਾ ਪਿੰਡ ਜੱਲੂਖੇੜਾ ਹੈ, ਤੇ ਜੇ ਉੱਥੋਂ ਮੋਗਾ ਜਾਣਾ ਹੈ ਤਾਂ ਸਿੱਧਾ ਰੂਟ ਗੋਇੰਦਵਾਲ ਸਾਹਿਬ ਹੈ, ਗੋਇੰਦਵਾਲ-ਸੁਲਤਾਨਪੁਰ ਲੋਧੀ ਉਹ ਪੁਲ ਲੰਘਣਾ ਹੈ।
"ਅਮ੍ਰਿਤਪਾਲ ਸਿੰਘ ਦਾ ਪਿੰਡ ਜੱਲੂਪੁਰ ਖੇੜਾ ਹੈ, ਇਹ ਮੋਗਾ ਲਈ ਹਰੀਕੇ ਵਾਲੇ ਰਸਤੇ ਕਿਉਂ ਗਏ ?"
''ਇਨ੍ਹਾਂ ਹਰੀਕੇ ਨਾਕਾ ਲਾਇਆ ਹੋਇਆ ਸੀ ਇਨ੍ਹਾਂ ਨੇ, ਬਹੁਤ ਵੱਡਾ ਅਤੇ ਉਹ ਵੀ ਵਾਇਆ ਹਰੀਕੇ ਗਏ, ਮੇਰੇ ਇਹ ਗੱਲਾਂ ਕੁਝ ਪੱਲੇ ਨਹੀਂ ਪੈ ਰਹੀਆਂ।''
''ਉਸ ਦੇ ਚਾਚਾ ਅਤੇ ਹੋਰਾਂ ਨੂੰ ਅਸਾਮ ਇਸ ਲਈ ਭੇਜਿਆ ਜਾ ਰਿਹਾ ਹੈ ਕਿ ਕੋਈ ਗੱਲ ਬਾਹਰ ਨਾ ਆਵੇ।"

ਕੰਪਿਊਟਰ ਦੇਣ ਦੀ ਗੱਲ ਅਤੇ ਪੜਾਈ ਦਾ ਮਾਮਲਾ

ਜਗਤਾਰ ਸਿੰਘ ਮੁਤਾਬਕ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨੌਜਨਾਵਾਂ ਨੂੰ ਨੌਕਰੀਆਂ ਅਤੇ ਕੰਪਿਊਟਰ ਦੇਣ ਦੀ ਗੱਲ ਦਾ ਸਹੀ ਅਰਥ, ਇਹੋ ਹੈ ਕਿ ਇਹ ਚੀਜਾਂ ਨੌਜਵਾਨਾਂ ਨੂੰ ਦੇਣੀਆਂ ਹੀ ਚਾਹੀਦੀਆਂ ਹਨ।
"ਅਮ੍ਰਿਤਪਾਲ ਸਿੰਘ ਹੁਰਾਂ ਨੇ ਆ ਕੇ ਪ੍ਰਚਾਰ ਕੀਤਾ ਕਿ ਪੜਨ ਦੀ ਲੋੜ ਨਹੀਂ ਹੈ। ਇਹਨਾਂ ਨੇ ਸਿਰ ਦੇਣ ਅਤੇ ਲੈਣ ਦੀ ਗੱਲ ਸ਼ੁਰੂ ਕੀਤੀ ਸੀ। ਇਹ ਗੱਲ ਵੱਖਰੀ ਹੈ ਕਿ ਜਦੋਂ ਮੌਕਾ ਆਇਆ ਤਾਂ ਅਮ੍ਰਿਤਪਾਲ ਸਿੰਘ ਖੁਦ ਲਾਪਤਾ ਹੋ ਗਏ।"

ਭਗਵੰਤ ਮਾਨ ਦੇ ਸੰਦੇਸ਼ ਦਾ ਕੀ ਅਰਥ ਹੈ ?

ਜਗਤਾਰ ਸਿੰਘ ਕਹਿੰਦੇ ਹਨ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣਾ ਸੰਦੇਸ਼ ਹਿੰਦੀ ਵਿੱਚ ਦਿੱਤਾ ਤਾਂ ਇਹ ਸਮਝਣ ਦੀ ਲੋੜ ਹੈ ਕਿ ਉਹ ਕਿਹੜੇ ਸੂਬਿਆਂ ਨੂੰ ਸੁਣਾਉਣਾ ਚਹੁੰਦੇ ਸਨ। ਇਹ ਪੰਜਾਬ ਲਈ ਹੁੰਦਾ ਤਾਂ ਉਹਨਾਂ ਨੂੰ ਪੰਜਾਬੀ ਵਿੱਚ ਬੋਲਣਾ ਚਾਹੀਦਾ ਸੀ।
"ਦੂਜੇ ਉਹਨਾਂ ਨੇ ਕਿਹਾ ਕਿ 'ਮੇਰੇ ਖੂਨ ਦੀ ਇੱਕ-ਇੱਕ ਬੂੰਦ ਪੰਜਾਬ ਲਈ ਹੈ', ਇਸ ਬਾਰੇ ਮੈਨੂੰ ਯਾਦ ਹੈ ਕਿ ਕਿਸੇ ਸਮੇਂ ਇੰਦਰਾ ਗਾਂਧੀ ਅਜਿਹਾ ਕਹਿੰਦੇ ਸਨ। ਉਹ ਇਸ ਤਰ੍ਹਾਂ ਦੇ ਭਾਸ਼ਨ ਦਿੰਦੇ ਸਨ ਕਿ ਮੇਰਾ ਖੂਨ ਦੇਸ਼ ਦੇ ਲੇਖੇ ਲਈ ਹੈ।"
"ਅਮ੍ਰਿਤਪਾਲ ਦੇ ਮਾਮਲੇ ਵਿੱਚ ਜੋ ਉਹਨਾਂ ਨੇ ਕਿਹਾ ਹੈ ਕਿ ਸ਼ਾਂਤੀ ਬਣਾ ਕੇ ਰੱਖਣੀ ਹੈ, ਇਹ ਇੱਕ ਮੁੱਖ ਮੰਤਰੀ ਦਾ ਕੰਮ ਹੈ। ਪਰ ਮਹਾਰਾਸ਼ਟਰ ਵਿੱਚ ਇੱਕ ਹਿੰਦੂ ਗਰੁੱਪ ਵੱਲੋਂ ਮੁਸਲਮਾਨਾਂ ਖਿਲਾਫ ਬਿਆਨਬਾਜੀ ਕੀਤੀ ਜਾ ਰਹੀ ਹੈ, ਉੱਥੇ ਕੋਈ ਕਾਰਵਾਈ ਨਹੀਂ ਹੁੰਦੀ।"
"ਜਦੋਂ ਪੰਜਾਬ ਵਿੱਚ ਕੋਈ ਅਜਿਹੀ ਘਟਨਾ ਵਾਪਰਦੀ ਹੈ ਤਾਂ ਇਹ ਦਿਖਾਇਆ ਜਾਂਦਾ ਹੈ ਜਿਵੇਂ ਕੋਈ ਅੱਗ ਲੱਗ ਗਈ ਹੋਵੇ।"

ਕੀ ਸਰਕਾਰ ਵਿੱਚ ਲੋਕਾਂ ਦਾ ਭਰੋਸਾ ਵਧੇਗਾ ?

ਜਗਤਾਰ ਸਿੰਘ ਕਹਿੰਦੇ ਹਨ ਕਿ ਇਸ ਕਾਰਵਾਈ ਨਾਲ ਸਰਕਾਰ ਦੀ ਜਿਆਦਾ ਚੰਗੀ ਤਸਵੀਰ ਬਣ ਕੇ ਸਾਹਮਣੇ ਨਹੀਂ ਆਈ ਸਗੋਂ ਬਦਨਾਮੀ ਹੀ ਹੋਈ ਹੈ। ਇਸ ਦਾ ਨਕਾਰਤਮਕ ਪ੍ਰਭਾਵ ਗਿਆ ਹੈ।
ਉਹ ਕਹਿੰਦੇ ਹਨ ਕਿ ਜੇਕਰ ਅਮ੍ਰਿਤਪਾਲ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਤਾਂ ਸ਼ਾਇਦ ਇਸ ਦਾ ਪੰਜਾਬ ਸਰਕਾਰ ਦੀ ਦਿੱਖ ਨੂੰ ਕੁਝ ਫਾਇਦਾ ਹੋ ਸਕਦਾ ਸੀ, ਪਰ ਹੁਣ ਤਾਂ ਇਸ ਦਾ ਅਸਰ ਨਾਂਹਪੱਖੀ ਹੀ ਲੱਗ ਰਿਹਾ ਹੈ।
ਜਿੱਥੇ ਜਿਸ ਇਨਸਾਨ ਨੂੰ ਤੁਸੀਂ ਫੜਨਾ ਸੀ, ਜੇ ਉਹ ਨਿਕਲ ਗਿਆ ਤਾਂ ਬਾਕੀ ਮੈਟਰ ਨਹੀਂ ਕਰਦਾ। ਮੇਰੇ ਖ?ਆਲ ਵਿੱਚ ਇਹ ਬਹੁਤ ਹੀ ਘਟੀਆ ਯੋਜਨਾਬੰਦੀ ਵਾਲਾ ਆਪਰੇਸ਼ਨ ਹੈ।
ਹੁਣ ਦਿੱਤੀ ਤੋਂ ਲਗਾਤਾਰ ਇਹ ਖਬਰਾਂ ਲੱਗ ਰਹੀਆਂ ਹਨ ਕਿ ਇਸ ਆਪਰੇਸ਼ਨ ਦੀ ਨਿਗਰਾਨੀ ਵੀ ਕੇਂਦਰੀ ਏਜੰਸੀਆਂ ਕਰ ਰਹੀਆਂ ਹਨ।
ਜਿਵੇਂ ਖਬਰਾਂ ਆ ਰਹੀਆਂ ਹਨ ਕਿ ਕਈ ਦਿਨਾਂ ਤੋਂ ਆਪਰੇਸ਼ਨ ਦੀ ਤਿਆਰੀ ਸੀ, ਜੇ ਤਿਆਰੀ ਅਜਿਹੀ ਹੁੰਦੀ ਹੈ ਤਾਂ ਗੱਲ ਸਮਝੋਂ ਬਾਹਰੀ ਹੈ, ਇਸ ਵਿੱਚ ਤਾਂ ਕੇਂਦਰੀ ਏਜੰਸੀਆਂ ਦੀ ਕਾਰਗੁਜਾਰੀ ਦੀ ਵੀ ਸਮਝ ਨਹੀਂ ਪੈਂਦੀ।
''ਇਹ ਮੈਸੇਜ ਕੀ ਦੇਣਾ ਚਾਹੁੰਦੇ ਹਨ, ਕੀ 2024 ਦੀ ਲੜਾਈ ਪੰਜਾਬ ਵਿੱਚੋਂ ਹੋ ਰਹੀ ਹੈ। ਇੱਕ ਪਾਸੇ ਕਿਹਾ ਜਾਂਦਾ ਹੈ ਕਿ ਕੇਂਦਰੀ ਏਜੰਸੀਆਂ ਦੇ ਤਾਲਮੇਲ ਨਾਲ ਕਾਰਵਾਈ ਹੋ ਰਹੀ ਹੈ, ਇਸ ਦਾ ਅਰਥ ਹੈ ਭਾਜਪਾ ਕਰ ਰਹੀ ਹੈ, ਇੱਕ ਇਹ ਸਿਆਸਤ ਹੈ।''''ਦੂਜੇ ਪਾਸੇ ਸਰਕਾਰ ਆਪ ਦੀ ਹੈ, ਪਰ ਕਿਹਾ ਜਾਂਦਾ ਹੈ ਕਿ ਭਗਵੰਤ ਮਾਨ ਮੁੱਖ ਮੰਤਰੀ ਆਪ ਦੇ ਹੀ ਨਹੀਂ, ਉਨ੍ਹਾਂ ਦਾ ਦਿੱਲੀ ਵਾਲਿਆਂ ਨਾਲ ਵੀ ਪੂਰਾ ਤਾਲਮੇਲ ਹੈ। ਜਾਣਿ ਕਿ ਭਾਜਪਾ ਦੀ ਸਰਕਾਰ ਨਾਲ। ਕਿੱਥੇ ਕੌਣ ਕਿਹਦੀ ਸਿਆਸਤ ਕਰਨ ਰਿਹਾ ਹੈ ਇਹ ਦੇਖਣ ਵਾਲੀ ਗੱਲ ਹੈ।'' ''ਜੇਕਰ ਇੰਨੇ ਦਿਨ ਦੀ ਯੋਜਨਾਬੰਦੀ ਤੋਂ ਬਾਅਦ ਆਪਰੇਸ਼ਨ ਸਿਰੇ ਨਹੀਂ ਚੜ੍ਹਿਆ ਤਾਂ ਸਵਾਲ ਦਿੱਲੀ ਵਾਲਿਆਂ ਦੇ ਨਾਲ ਪੰਜਾਬ ਸਰਕਾਰ ਉੱਤੇ ਜ਼ਿਆਦਾ ਹੈ।''

ਕੌਣ ਹੈ ਸਟੋਰਮੀ ਡੈਨੀਅਲਸ ਤੇ ਕੀ ਹਨ ਡੋਨਲਡ ਟਰੰਪ ਖਿਲਾਫ ਇਲਜ਼ਾਮ

ਅਮਰੀਕਾ ਦੇ ਸਾਬਕਾ ਰਾਸਟਰਪਤੀ ਡੋਨਲਡ ਟਰੰਪ ਨੇ ਖਦਸ਼ਾ ਜਤਾਇਆ ਕਿ ਉਨ੍ਹਾਂ ਨੂੰ 2016 ਵਿੱਚ ਪੋਰਨ ਸਟਾਰ ਸਟੋਰਮੀ ਡੈਨੀਅਲਸ ਨੂੰ 130,000 ਡਾਲਰ ਦੇ ਭੁਗਤਾਨ ਕਰਨ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ।

ਇਸ ਕੇਸ ਨੂੰ ਕਿਵੇਂ ਅੱਗੇ ਵਧਾਇਆ ਜਾਵੇ, ਇਸ 'ਤੇ ਫੈਸਲਾ ਨਿਊਯਾਰਕ ਸ਼ਹਿਰ ਦੇ ਜ਼ਿਲ੍ਹਾ ਅਟਾਰਨੀ ਐਲਵਿਨ ਬ੍ਰਾਗ 'ਤੇ ਨਿਰਭਰ ਕਰਦਾ ਹੈ।

ਪਰ ਜੇ ਟਰੰਪ ਉੱਤੇ ਅਪਰਾਧਿਕ ਮਾਮਲਾ ਦਰਜ ਹੁੰਦਾ ਹੈ ਤਾਂ ਉਹ ਗ੍ਰਿਫਤਾਰ ਹੋਣ ਵਾਲੇ ਪਹਿਲੇ ਸਾਬਕਾ ਰਾਸਟਰਪਤੀ ਹੋਣਗੇ। ਦੂਜੇ ਪਾਸੇ ਉਹ ਇਨ੍ਹਾਂ ਦੋਸਾਂ ਨੂੰ ਰੱਦ ਕਰਦੇ ਹਨ।

ਹੁਣ ਤੱਕ ਇਸ ਮਾਮਲੇ ਬਾਰੇ ਜੋ ਕੁਝ ਪਤਾ ਹੈ, ਆਓ ਜਾਣਦੇ ਹਾਂ...

ਟਰੰਪ ਖਿਲਾਫ਼ ਕੀ ਇਲਜਾਮ ਲਗਾਉਂਦੇ ਹਨ ?

ਇਸ ਮਾਮਲੇ ਦੀ ਸ਼ੁਰੂਆਤ ਜੁਲਾਈ, 2006 ਵਿੱਚ ਹੁੰਦੀ ਹੈ, ਉਦੋਂ ਤੱਕ ਟਰੰਪ ਨੇ ਅਮਰੀਕੀ ਰਾਸ਼ਟਰਪਤੀ ਬਣਨ ਦੀ ਦਿਸ਼ਾ ਵੱਲ ਗੰਭੀਰ ਕੋਸ਼ਿਸ਼ਾਂ ਸ਼ੁਰੂ ਨਹੀਂ ਕੀਤੀਆਂ ਸੀ।

ਡੈਨੀਅਲਸ ਦਾ ਦਾਅਵਾ ਹੈ ਕਿ ਟਰੰਪ ਨਾਲ ਉਨ੍ਹਾਂ ਦੀ ਮੁਲਾਕਾਤ ਕੈਲੀਫੋਰਨੀਆ ਅਤੇ ਨੇਵਾਦਾ ਵਿਚਾਲੇ ਤੋਹੇ ਝੀਲ ਵਿੱਚ ਹੋਣ ਵਾਲੇ ਚੈਰਿਟੀ ਹੋਲਫ ਟੂਰਨਾਮੈਂਟ ਦੌਰਾਨ ਹੋਈ ਸੀ।

ਡੈਨੀਅਲਸ ਨੇ ਦੋਸ ਲਗਾਇਆ ਹੈ ਕਿ ਉਨ੍ਹਾਂ ਦੋਵਾਂ ਨੇ ਹੋਟਲ ਦੇ ਕਮਰੇ ਵਿੱਚ ਸਰੀਰਕ ਸਬੰਧ ਬਣਾਏ ਸੀ। ਹਾਲਾਂਕਿ ਇਸ ਬਾਰੇ ਟਰੰਪ ਦੇ ਵਕੀਲ ਨੇ ਕਿਹਾ ਕਿ ਉਨ੍ਹਾਂ ਦੇ ਮੁਵੱਕਿਲ ਇਸ ਤੋਂ 'ਸਖ਼ਤ ਇਨਕਾਰ' ਕਰਦੇ ਹਨ।

ਜੇ ਡੈਨੀਅਲਸ ਦੀ ਗੱਲ ਸੱਚੀ ਹੈ ਤਾਂ ਇਹ ਸਭ ਕੁਝ ਟਰੰਪ ਦੇ ਸਭ ਤੋਂ ਛੋਟੇ ਬੱਚੇ ਬੈਰੋਨ ਦੇ ਜਨਮ ਤੋਂ ਸਿਰਫ਼ ਚਾਰ ਮਹੀਨੇ ਬਾਅਦ ਹੀ ਹੋਇਆ ਹੋਵੇਗਾ। ਮਾਰਚ 2018 ਵਿੱਚ ਪ੍ਰਸਾਰਿਤ ਇੱਕ ਟੀਵੀ ਇੰਟਰਵਿਊ ਵਿੱਚ ਡੈਨੀਅਲਸ ਨੇ ਦਾਅਵਾ ਕੀਤਾ

ਸਾਲ 2011 ਵਿੱਚ 'ਇਨ ਟਚ ਵੀਕਲੀ' ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਟਰੰਪ ਨੇ ਉਨ੍ਹਾਂ ਨੂੰ ਡਿਨਰ ਲਈ ਬੁਲਾਇਆ ਅਤੇ ਉਹ ਟਰੰਪ ਨੂੰ ਉਨ੍ਹਾਂ ਦੇ ਹੋਟਲ ਦੇ ਕਮਰੇ ਵਿੱਚ ਮਿਲਣ ਗਏ।

ਇਹ ਇੰਟਰਵਿਊ 2011 ਵਿੱਚ ਦਿੱਤਾ ਗਿਆ ਸੀ ਪਰ ਇਸ ਨੂੰ 2018 ਵਿੱਚ ਛਾਪਿਆ ਗਿਆ ਸੀ। ਇੰਟਰਵਿਊ ਵਿੱਚ ਡੈਨੀਅਲਸ ਨੇ ਕਿਹਾ ਸੀ, "ਉਹ ਸੋਫੇ 'ਤੇ ਪਏ ਹੋਏ ਸਨ, ਟੈਲੀਵਿਜਨ ਜਾਂ ਕੁਝ ਹੋਰ ਦੇਖ ਰਹੇ ਸਨ। ਉਨ੍ਹਾਂ ਨੇ ਪਜਾਮਾ ਪਹਿਨਿਆ ਹੋਇਆ ਸੀ।"

ਕਿ ਉਨ੍ਹਾਂ ਨੂੰ ਇਸ ਮਾਮਲੇ ਬਾਰੇ ਚੁੱਪ ਰਹਿਣ ਦੀ ਧਮਕੀ ਦਿੱਤੀ ਗਈ ਸੀ।

ਉਨ੍ਹਾਂ ਨੇ ਦੋਸ ਲਗਾਇਆ ਕਿ ਜਦੋਂ '2011 ਵਿੱਚ 'ਇਨ ਟਚ ਵੀਕਲੀ' ਨੂੰ ਇੰਟਰਵਿਊ ਦੇਣ ਲਈ ਮੈਂ ਹਾਂ ਕਹਿ ਦਿੱਤੀ ਤਾਂ ਉਸ ਦੇ ਕੁਝ ਦਿਨਾਂ ਬਾਅਦ ਲਾਸ ਵੇਗਾਸ ਦੀ ਇੱਕ ਕਾਰ ਪਾਰਕਿੰਗ ਵਿੱਚ ਮੇਰੇ ਕੋਲ ਇੱਕ ਸ਼ਖਸ ਆਇਆ ਤੇ ਕਹਿੰਦਾ 'ਟਰੰਪ ਨੂੰ ਇਕੱਲੇ ਛੱਡ ਦਿਓ।'

ਇਹ ਮਾਮਲਾ ਹੁਣ ਕਿਉਂ ਸਾਹਮਣੇ ਆਇਆ ਹੈ ?

ਜਨਵਰੀ 2018 ਵਿੱਚ ਅਮਰੀਕੀ ਅਖਬਾਰ 'ਵਾਲ ਸਟਰੀਟ ਜਰਨਲ' ਨੇ ਇੱਕ ਲੇਖ ਪ੍ਰਕਾਸ਼ਿਤ ਕੀਤਾ ਜਿਸ ਵਿੱਚ ਦਾਅਵਾ ਕੀਤਾ ਗਿਆ ਕਿ ਰਾਸਟਰਪਤੀ ਟਰੰਪ ਦੇ ਤਤਕਾਲੀ ਵਕੀਲ ਮਾਈਕਲ ਕੋਹੇਨ ਨੇ ਅਮਰੀਕੀ ਰਾਸਟਰਪਤੀ ਚੋਣ ਤੋਂ ਇੱਕ ਮਹੀਨਾ ਪਹਿਲਾਂ ਅਕਤੂਬਰ 2016 ਵਿੱਚ ਡੈਨੀਅਲਸ ਨੂੰ 130,000 ਡਾਲਰ ਦਾ ਭੁਗਤਾਨ ਕੀਤਾ ਸੀ।

ਇਨ੍ਹਾਂ ਚੋਣਾਂ ਵਿੱਚ ਟਰੰਪ ਨੇ ਜਿੱਤ ਹਾਸਲ ਹੋਈ ਸੀ।

ਡੈਨੀਅਲਸ ਨੇ ਕਥਿਤ ਤੌਰ 'ਤੇ ਆਪਣੇ ਅਫੇਅਰ ਦੀ ਕਹਾਣੀ ਨੂੰ ਵੇਚਣ ਲਈ ਅਮਰੀਕੀ ਅਖ਼ਬਾਰ 'ਨੈਸਨਲ ਇਨਕੁਆਇਰਰ' ਨਾਲ ਸੰਪਰਕ ਕੀਤਾ ਸੀ।

ਜਰਨਲ ਨੇ ਕਿਹਾ ਕਿ ਕਲਿਫੋਰਡ ਨੂੰ ਦਿੱਤਾ ਗਿਆ ਇਹ ਪੈਸਾ ਇੱਕ ਗੈਰ-ਖੁਲਾਸਾ ਸਮਝੌਤੇ (ਨੌਨ ਡਿਸਕਲੋਜਰ ਐਗਰੀਮੈਂਟ) ਦਾ ਹਿੱਸਾ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਉਹ ਇਸ ਮਾਮਲੇ ਬਾਰੇ ਜਨਤਕ ਤੌਰ 'ਤੇ ਚਰਚਾ ਨਹੀਂ ਕਰ ਸਕਦੇ ਸੀ।

ਕੀ ਇਹ ਗੈਰ-ਕਾਨੂੰਨੀ ਸੀ ?

ਇਹ ਅਦਾਇਗੀ ਗੈਰ-ਕਾਨੂੰਨੀ ਨਹੀਂ ਹੈ। ਹਾਲਾਂਕਿ, ਜਦੋਂ ਟਰੰਪ ਨੇ ਕੋਹੇਨ ਨੂੰ ਅਦਾਇਗੀ ਕੀਤੀ ਤਾਂ ਭੁਗਤਾਨ ਦੇ ਰਿਕਾਰਡ ਮੁਤਾਬਕ ਇਹ ਕਾਨੂੰਨੀ ਫੀਸ ਸੀ।

ਨਿਊਯਾਰਕ ਵਿੱਚ ਸਰਕਾਰੀ ਵਕੀਲਾਂ ਦਾ ਕਹਿਣਾ ਹੈ ਕਿ ਇਹ ਟਰੰਪ ਦੇ ਵਪਾਰਕ ਰਿਕਾਰਡਾਂ ਨੂੰ ਗਲਤ ਸਾਬਤ ਕਰਨ ਦੇ ਬਰਾਬਰ ਹੈ, ਜੋ ਨਿਊਯਾਰਕ ਵਿੱਚ ਇੱਕ ਸਜ਼ਾਯੋਗ ਅਪਰਾਧ ਹੈ।

ਸਰਕਾਰੀ ਵਕੀਲ ਸੰਭਾਵੀ ਤੌਰ 'ਤੇ ਇਹ ਦੋਸ ਵੀ ਲਗਾ ਸਕਦੇ ਹਨ ਕਿ ਇਹ ਚੋਣ ਕਾਨੂੰਨ ਨੂੰ ਤੋੜਦਾ ਹੈ, ਕਿਉਂਕਿ ਡੈਨੀਅਲਸ ਨੂੰ ਕੀਤੇ ਭੁਗਤਾਨ ਨੂੰ ਛੁਪਾਉਣ ਦੀ ਉਨ੍ਹਾਂ ਦੀ ਕੋਸਿ ?ਸ ਵੋਟਰਾਂ ਨੂੰ ਇਹ ਜਾਣਨ ਲਈ ਪ੍ਰੇਰਿਤ ਨਹੀਂ ਕਰਦੀ ਸੀ ਕਿ ਉਨ੍ਹਾਂ ਦਾ ਉਸ ਨਾਲ ਸਬੰਧ ਸੀ।

ਰਿਕਾਰਡਾਂ ਵਿੱਚ ਹੇਰਾਫੇਰੀ ਕਰਕੇ ਕਿਸੇ ਅਪਰਾਧ ਨੂੰ ਛੁਪਾਉਣਾ ਇੱਕ ਘੋਰ ਅਪਰਾਧ ਹੋਵੇਗਾ, ਜੋ ਹੋਰ ਵੀ ਜ਼ਿਆਦਾ ਗੰਭੀਰ ਦੋਸ ਹੈ।

ਕੀ ਟਰੰਪ 'ਤੇ ਅਸਲ ਵਿੱਚ ਦੋਸ ਲਗਾਏ ਜਾਣਗੇ ?

ਦੋਸ ਦਾਇਰ ਕਰਨ ਜਾਂ ਨਾ ਕਰਨ ਦਾ ਫੈਸਲਾ ਨਿਊਯਾਰਕ ਸ਼ਹਿਰ ਦੇ ਜ਼ਿਲ੍ਹਾ ਅਟਾਰਨੀ ਐਲਵਿਨ ਬ੍ਰੈਗ ਕੋਲ ਹੈ।

ਉਨ੍ਹਾਂ ਨੇ ਜਾਂਚ ਕਰਨ ਲਈ ਇੱਕ ਗ੍ਰੈਂਡ ਜਿਊਰੀ ਦੀ ਸਥਾਪਨਾ ਕੀਤੀ ਕਿ ਕੀ ਮੁਕੱਦਮੇ ਨੂੰ ਅੱਗੇ ਵਧਾਉਣ ਲਈ ਕਾਫੀ ਸਬੂਤ ਸਨ ਜਾਂ ਨਹੀਂ। ਇਹ ਉਹੀ ਹਨ ਜੋ ਜਾਣਦੇ ਹਨ ਕਿ ਕਦੋਂ ਦੋਸ ਦਾ ਐਲਾਨ ਕੀਤਾ ਜਾਵੇਗਾ।

ਟਰੰਪ ਦੇ ਵਕੀਲਾਂ ਨੇ 13 ਮਾਰਚ ਤੋਂ ਸ਼ੁਰੂ ਹੋਏ ਹਫਤੇ ਵਿੱਚ ਕਿਹਾ ਸੀ ਕਿ ਸਾਬਕਾ ਰਾਸਟਰਪਤੀ ਨੂੰ ਗ੍ਰੈਂਡ ਜਿਊਰੀ ਦੇ ਸਾਹਮਣੇ ਪੇਸ ਹੋਣ ਦਾ ਮੌਕਾ ਦਿੱਤਾ ਗਿਆ ਸੀ, ਜੋ ਇਸ ਗੱਲ ਦਾ ਸੰਕੇਤ ਮੰਨਿਆ ਜਾਂਦਾ ਹੈ ਕਿ ਜਾਂਚ ਖਤਮ ਹੋਣ ਦੇ ਕਰੀਬ ਹੈ।

ਉਨ੍ਹਾਂ ਨੇ ਇਹ ਕਹਿੰਦੇ ਹੋਏ ਸੁਝਾਵਾਂ ਨੂੰ ਖਾਰਜ ਕਰ ਦਿੱਤਾ ਕਿ ਉਨ੍ਹਾਂ ਜਾਂ ਟਰੰਪ ਕੋਲ ਆਗਾਮੀ ਦੋਸ ਦੀ ਕੋਈ ਅਗਾਊਂ ਸੂਚਨਾ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਟਰੰਪ ਦੀ ਟਿੱਪਣੀ ਮੀਡੀਆ ਰਿਪੋਰਟਾਂ 'ਤੇ ਆਧਾਰਿਤ ਸੀ।

ਮਾਈਕਲ ਕੋਹੇਨ ਨੂੰ 2018 ਵਿੱਚ ਸੰਘੀ ਅਦਾਲਤ ਵਿੱਚ ਟਰੰਪ ਦੀ 2016 ਦੀ ਰਾਸਟਰਪਤੀ ਚੋਣ ਮੁਹਿੰਮ ਦੌਰਾਨ ਹੋਰ ਅਪਰਾਧਾਂ ਦੇ ਨਾਲ ਹੀ ਡੈਨੀਅਲਸ ਅਤੇ ਇੱਕ ਹੋਰ ਔਰਤ ਨੂੰ ਪੈਸੇ ਦੀ ਅਦਾਇਗੀ ਵਿੱਚ ਦੋਸੀ ਮੰਨਣ ਤੋਂ ਬਾਅਦ ਜੇਲ੍ਹ ਦੀ ਸਜਾ ਸੁਣਾਈ ਗਈ ਸੀ।

20 ਮਾਰਚ ਨੂੰ ਟਰੰਪ ਦੇ ਸਾਬਕਾ ਕਾਨੂੰਨੀ ਸਲਾਹਕਾਰ ਰੌਬਰਟ ਕੌਸਟੇਲੋ ਦੇ ਨਾਲ ਮਾਈਕਲ ਕੋਹੇਨ ਦੀ ਗਵਾਹੀ ਦਰਜ ਹੋਣ ਦੀ ਉਮੀਦ ਸੀ।

ਸਟੋਰਮੀ ਡੈਨੀਅਲਸ ਕੌਣ ਹਨ ?

ਸਟੋਰਮੀ ਡੈਨੀਅਲਸ ਦਾ ਅਸਲੀ ਨਾਮ ਸਟੈਫਨੀ ਕਲਿਫੋਰਡ ਹੈ ਤੇ ਉਨ੍ਹਾਂ ਦਾ ਜਨਮ ਲੁਈਸਿਆਨਾ ਵਿੱਚ 1979 ਵਿੱਚ ਹੋਇਆ ਸੀ।

2004 ਵਿੱਚ ਨਿਰਦੇਸਨ ਅਤੇ ਲੇਖਣੀ ਵਿੱਚ ਆਉਣ ਤੋਂ ਪਹਿਲਾਂ ਉਹ ਪਹਿਲੀ ਵਾਰ ਪੋਰਨ ਫਿਲਮ ਇੰਡਸਟਰੀ ਵਿੱਚ ਇੱਕ ਕਲਾਕਾਰ ਦੇ ਰੂਪ ਵਿੱਚ ਸ਼ਾਮਲ ਹੋਏ ਸਨ।

ਬਤੌਰ ਸਟੇਜ ਪਰਫਾਰਮਰ ਉਨ੍ਹਾਂ ਦੇ ਨਵੇਂ ਨਾਮ ਪਿੱਛੇ ਇੱਕ ਦਿਲਚਸਪ ਕਹਾਣੀ ਹੈ।

ਉਨ੍ਹਾਂ ਦੇ ਨਾਮ ਵਿੱਚ ਸਟੋਰਮੀ ਸ਼ਬਦ ਮਸ਼ਹੂਰ ਅਮਰੀਕੀ ਬੈਂਡ ਮੋਤਲੇ ਕ੍ਰਿਊ ਦੇ ਬੇਸ ਗਿਟਾਰਿਸਟ ਨਿੱਕੀ ਸਿਕਸ ਦੀ ਧੀ ਸਟੋਰਮ ਤੋਂ ਲਿਆ ਗਿਆ ਹੈ। ਜਦਕਿ ਡੈਨੀਅਲਸ, ਅਮਰੀਕੀ ਵ੍ਹਿਸਕੀ ਬ੍ਰਾਂਡ ਜੈਕ ਡੈਨੀਅਲਸ ਤੋਂ ਲਿਆ ਗਿਆ ਹੈ।

ਅਮਰੀਕਾ ਦੇ ਦੱਖਣੀ ਹਿੱਸੇ ਤੋਂ ਆਉਣ ਵਾਲੀ ਕਲਿਫੋਰ ਨੇ ਇਸ ਵ੍ਹਿਸਕੀ ਦਾ ਇਸ਼ਤਿਹਾਰ ਦੇਖਿਆ ਸੀ ਜਿਸ ਵਿੱਚ ਦਾਅਵਾ ਕੀਤਾ ਸੀ ਕਿ 'ਇਹ ਦੱਖਣੀ ਅਮਰੀਕਾ ਵਿੱਚ ਰਹਿਣ ਵਾਲੇ ਲੋਕਾਂ ਦਾ ਪਸੰਦੀਦਾ ਡਰਿੰਕ ਹੈ।'

ਹਾਲਾਂਕਿ, 'ਦਿ 40-ਯੀਅਰ-ਓਲਡ ਵਰਜਿਨ' ਅਤੇ 'ਨੌਕਡ ਅੱਪ' ਫਿ ?ਲਮਾਂ ਵਿੱਚ ਕੈਮਿਓ ਰੋਲ ਅਤੇ ਪੌਪ ਬੈਂਡ 'ਮਾਰੂਨ ਫਾਈਵ' ਦੇ ਗੀਤ 'ਵੇਕ ਅੱਪ ਕਾਲ' ਦੀ ਵੀਡੀਓ ਵਿੱਚ ਆਉਣ ਨਾਲ ਉਹ ਹੋਰ ਮਸ਼ਹੂਰ ਹੋਏ।

ਉਨ੍ਹਾਂ 2010 ਵਿੱਚ ਲੁਈਸਿਆਨਾ ਵਿੱਚ ਅਮਰੀਕੀ ਸੈਨੇਟ ਦੀ ਸੀਟ ਲਈ ਚੋਣ ਲੜਨ ਬਾਰੇ ਵੀ ਸੋਚਿਆ ਸੀ। ਪਰ ਬਾਅਦ ਵਿੱਚ ਉਹ ਇਸ ਦੌੜ ਤੋਂ ਇਹ ਕਹਿੰਦੇ ਵੱਖਰੇ ਹੋ ਗਏ ਕਿ ਉਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ।

ਸਟੋਰਮੀ ਡੈਨੀਅਲਸ ਨੇ ਜਾਂਚ ਵਿੱਚ ਸਾਮਲ ਸਰਕਾਰੀ ਵਕੀਲਾਂ ਨਾਲ ਵੀ ਮੁਲਾਕਾਤ ਕੀਤੀ ਹੈ।

ਇਹ ਮਾਮਲਾ ਅਹਿਮ ਕਿਉਂ ਹੈ ?

ਸਾਬਕਾ ਰਾਸਟਰਪਤੀ ਟਰੰਪ ਦੇ ਸਮਰਥਕਾਂ, ਇੱਥੋਂ ਤੱਕ ਕਿ ਧਾਰਮਿਕ ਖਿਆਲਾਂ ਵਾਲੇ ਲੋਕਾਂ ਨੇ ਵੀ ਉਨ੍ਹਾਂ ਦੇ ਪਿਛਲੇ ਵਿਵਹਾਰ ਅਤੇ ਉਨ੍ਹਾਂ ਦੇ ਖਿਲਾਫ਼ ਔਰਤਾਂ ਦੇ ਦੋਸਾਂ ਨੂੰ ਰੱਦ ਕਰ ਦਿੱਤਾ ਹੈ।

ਪਰ ਸਟੋਰਮੀ ਡੈਨੀਅਲਸ ਕਾਂਡ ਵਿੱਚ ਟਰੰਪ ਨੂੰ ਅਦਾਲਤ ਵਿੱਚ ਗਵਾਹੀ ਦੇਣ ਲਈ ਬੁਲਾਇਆ ਜਾ ਸਕਦਾ ਹੈ।

ਟਰੰਪ ਨੇ 2024 ਵਿੱਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ਫਿ ?ਰ ਤੋਂ ਮੈਦਾਨ ਵਿੱਚ ਆਉਣ ਦੀ ਇੱਛਾ ਜਾਹਿਰ ਕੀਤੀ ਹੈ, ਇਸ ਨੂੰ ਦੇਖਦਿਆਂ ਇਸ ਮਾਮਲੇ ਦਾ ਫੈਸਲਾ ਹੁਣ ਬੇਹੱਦ ਅਹਿਮ ਹੋ ਗਿਆ ਹੈ।

ਬੀਬੀਸੀ ਉੱਤਰੀ ਅਮਰੀਕਾ ਦੇ ਪੱਤਰਕਾਰ ਐਂਥਨੀ ਜਰਕਰ ਦਾ ਕਹਿਣਾ ਹੈ ਕਿ ਇਹ ਦੋਸ ਜਾਂ ਅਪਰਾਧਿਕ ਸਜਾ ਵੀ ਟਰੰਪ ਨੂੰ ਆਪਣੀ ਰਾਸਟਰਪਤੀ ਚੋਣ ਮੁਹਿੰਮ ਨੂੰ ਜਾਰੀ ਰੱਖਣ ਤੋਂ ਨਹੀਂ ਰੋਕ ਸਕੇਗੀ।

ਅਸਲ ਵਿੱਚ ਅਮਰੀਕੀ ਕਾਨੂੰਨ ਵਿੱਚ ਅਜਿਹੀ ਕੋਈ ਤਜਵੀਜ ਨਹੀਂ ਹੈ ਜੋ ਕਿਸੇ ਅਜਿਹੇ ਉਮੀਦਵਾਰ ਨੂੰ ਚੋਣ ਪ੍ਰਚਾਰ ਕਰਨ ਅਤੇ ਰਾਸਟਰਪਤੀ ਦੇ ਰੂਪ ਵਿੱਚ ਕਾਰਜ ਕਰਨ ਤੋਂ ਰੋਕਦੀ ਹੈ। ਇੱਥੋਂ ਤੱਕ ਕਿ ਕੋਈ ਕਾਨੂੰਨ ਰਾਸ਼ਟਰਪਤੀ ਨੂੰ ਜੇਲ੍ਹ ਤੋਂ ਵੀ ਕਾਰਜ ਕਰਨ ਤੋਂ ਨਹੀਂ ਰੋਕਦਾ। ਹਾਲਾਂਕਿ, ਟਰੰਪ ਦੀ ਗ੍ਰਿਫ਼ਤਾਰੀ ਨਿਸਚਤ ਰੂਪ ਨਾਲ ਉਨ੍ਹਾਂ ਦੀ ਰਾਸਟਰਪਤੀ ਚੋਣ ਮੁਹਿੰਮ ਨੂੰ ਗੁੰਝਲਦਾਰ ਬਣਾਏਗੀ।

ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਖਿਲਾਫ ਕਾਰਵਾਈ ਬਿਨਾਂ ਸਰਤ ਤੁਰੰਤ ਬੰਦ ਕੀਤੀ ਜਾਵੇ : ਸੰਤ ਗਿਆਨੀ ਹਰਨਾਮ ਸਿੰਘ ਖਾਲਸਾ

ਸੈਨਫਰਾਂਸਿਸਕੋ / ਮਹਿਤਾ ਚੌਕ(ਅੰਮ੍ਰਿਤਸਰ) - ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਤੇ ਹੋਰ ਸਿੰਘਾਂ ਅਤੇ ਸਿੱਖ ਨੌਜੁਆਨਾਂ ਦੀਆਂ ਗ੍ਰਿਫਤਾਰੀਆਂ ਅਤੇ ਛਾਪੇ ਮਾਰੀਆਂ ਦੀ ਨਿਖੇਧੀ ਕਰਦਿਆਂ ਇਸ ਨੂੰ ਤੁਰੰਤ ਬੰਦ ਕਰਨ ਤੋਂ ਇਲਾਵਾ ਗ੍ਰਿਫਤਾਰ ਕੀਤੇ ਗਏ ਸਾਰੇ ਸਿੰਘਾ ਨੂੰ ਬਿਨਾਂ ਸਰਤ ਰਿਹਾ ਕਰਨ ਮੰਗ ਕੀਤੀ ਹੈ। ਉਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨੀ ਦੀ ਵੱਡੀ ਪੱਧਰ 'ਤੇ ਕੀਤੀਆਂ ਗੈਰਕਾਨੂੰਨੀ ਗ੍ਰਿਫਤਾਰੀਆਂ ਪੰਜਾਬ ਦੇ ਸਾਂਤਮਈ ਮਾਹੌਲ ਨੂੰ ਲਾਂਬੂ ਲਾਉਣ ਦੇ ਤੁੱਲ ਹੋਵੇਗਾ।

ਅਮਰੀਕਾ ਦੀ ਵਿਦੇਸੀ ਦੌਰੇ 'ਤੇ ਸੈਨਫਰਾਂਸਿਸਕੋ ਹਵਾਈ ਅੱਡੇ 'ਤੇ ਪਹੁੰਚੇ ਦਮਦਮੀ ਟਕਸਾਲ ਦੇ ਮੁਖੀ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਹੋਣ ਜਾਂ ਨਾ ਹੋਣ ਬਾਰੇ ਪੰਜਾਬ ਸਰਕਾਰ ਦੀ ਚੁੱਪੀ ਕਈ ਤਰਾਂ ਦੇ ਸੰਕੇ ਪੈਦਾ ਕਰ ਰਹੀ ਹੈ ਉਨ੍ਹਾਂ ਨੇ ਸਮੂਹ ਸਿੱਖ ਜਥੇਬੰਦੀਆਂ ,ਧਾਰਮਿਕ ਸਖਸੀਅਤਾਂ ਅਤੇ ਪੰਥ ਦਰਦੀਆਂ ਨੂੰ ਇਸ ਮਸਲੇ 'ਤੇ ਤੁਰੰਤ ਇੱਕ ਜੁੱਟ ਹੋ ਕੇ ਇਸ ਕਾਰਵਾਈ ਖਿ ?ਲਾਫ ਸਾਂਝੀ ਅਵਾਜ ਬੁਲੰਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮਾਮਲੇ 'ਚ ਨਿੱਜੀ ਜਾਂ ?ਮੇਵਾਰੀ ਲੈਂਦੇ ਹੋਏ ਉਹ ਸਮੂਹ

ਪੰਜਾਬੀਆਂ ਨੂੰ ਸਚਾਈ ਤੋਂ ਜਾਣੂ ਕਰਵਾਉਣਾ ਦਾ ਆਪਣਾ ਫਰਜ ਨਿਭਾਉਂਣ ਅਤੇ ਭਾਈ ਅੰਮ੍ਰਿਤਪਾਲ ਸਿੰਘ ਤੇ ਹੋਰ ਸਿੰਘਾਂ ਨੂੰ ਤੁਰੰਤ ਸੁਰੱਖਿਅਤ ਸਿੱਖ ਕੌਮ ਦੇ ਹਵਾਲੇ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਹੋਰਨਾਂ ਮੁਲਕਾਂ ਵਿਚ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ 'ਤੇ ਕੀਤੇ ਜਾ ਰਹੇ ਜਬਰ ਜੁਲਮ ਵਿਰੁੱਧ ਸੰਗਤਾਂ ਮੁਜਾਹਰੇ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਨਾਂ ਨੌਜਵਾਨਾਂ ਨੇ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿਚ ਨੌਜਵਾਨਾਂ ਦੇ ਨਸੇ ਛਡਵਾਉਣ ਲਈ ਅਤੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਦਿਨ ਰਾਤ ਇਕ ਕਰ ਰਹੇ ਸਨ, ਅਸੀਂ ਇਸ ਗਲ ਨੂੰ ਭਲੀਭਾਂਤ ਸਮਝ ਦੇ ਹਾਂ ਕਿ ਜਦੋਂ ਵੀ ਕੋਈ ਪੰਥ ਦਾ ਸੇਵਾਦਾਰ ਜਾਂ ਆਗੂ ਪੰਥ ਦੀ ਚੜ੍ਹਦੀ ਕਲਾ ਲਈ ਕਾਰਜ ਕਰਦੇ ਹਨ ਤਾਂ ਸਰਕਾਰਾਂ ਵੱਲੋਂ ਦਮਨ ਦੀ ਨੀਤੀ ਅਪਣਾਈ ਜਾਂਦੀ, ਇਸ ਤਰਾਂ ਦੀਆਂ ਨੀਤੀਆਂ ਨਾਲ ਪਹਿਲਾਂ ਹੀ ਕੌਮ ਅੰਦਰ ਹਕੂਮਤਾਂ ਪ੍ਰਤੀ ਨਫਰਤ ਪੈਦਾ ਕੀਤੀ ਹੋਈ ਹੈ। ਉਨ੍ਹਾਂ ਦੁਨੀਆ ਭਰ ਦੇ ਸਿੱਖਾਂ ਅੰਦਰੋਂ ਰੋਸ ਨੂੰ ਦੂਰ ਕਰਦਿਆਂ ਉਨਾਂ ਦੇ ਮਨਾਂ ਨੂੰ ਸਾਂਤ ਕਰਨ ਲਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੇ ਘੇਰਾਬੰਦੀ ਤੁਰੰਤ ਬੰਦ ਕਰਨ ਅਤੇ ਸਿੱਖੀ ਪ੍ਰਚਾਰ ਲਈ ਵਹੀਰ 'ਤੇ ਰੋਕ ਹਟਾਉਣ ਲਈ ਕਿਹਾ।

ਜਿਣਸੀ ਸ਼ੋਸ਼ਣ ਮਾਮਲੇ ’ਚ ਰਾਹੁਲ ਵਲੋਂ ਦਿੱਲੀ ਪੁਲੀਸ ਦੇ ਨੋਟਿਸ ਦਾ ਮੁੱਢਲਾ ਜਵਾਬ

ਨਵੀਂ ਦਿੱਲੀ: ਕਾਂਗਰਸ ਆਗੂ ਰਾਹੁਲ ਗਾਂਧੀ ਨੇ ਮਹਿਲਾਵਾਂ ਦੇ ਜਿਣਸੀ ਸ਼ੋਸ਼ਣ ਬਾਰੇ ਦਿੱਤੇ ਗਏ ਬਿਆਨ ਦੇ ਸਬੰਧ ’ਚ ਦਿੱਲੀ ਪੁਲੀਸ ਦੇ ਨੋਟਿਸ ਦਾ ਚਾਰ ਪੰਨਿਆਂ ਦਾ ਮੁੱਢਲਾ ਜਵਾਬ ਭੇਜ ਦਿੱਤਾ ਹੈ। ਉਨ੍ਹਾਂ ਅਧਿਕਾਰੀਆਂ ਵਲੋਂ ਅਪਣਾਈ ਗਈ ਪ੍ਰਕਿਰਿਆ ਅਤੇ 45 ਦਿਨਾਂ ਦੀ ਦੇਰੀ ਮਗਰੋਂ ਅਚਾਨਕ ਕੀਤੀ ਗਈ ਕਾਰਵਾਈ ’ਤੇ ਸਵਾਲ ਉਠਾਏ ਹਨ। ਕਾਂਗਰਸ ਨੇ ਦਿੱਲੀ ਪੁਲੀਸ ਦੀ ਕਾਰਵਾਈ ਦੀ ਨਿਖੇਧੀ ਕਰਦਿਆਂ ਕੇਂਦਰ ਸਰਕਾਰ ’ਤੇ ਹਮਲਾ ਬੋਲਿਆ ਅਤੇ ਕਿਹਾ ਕਿ ਇਹ ਸਿਆਸੀ ਬਦਲਾਖੋਰੀ ਅਤੇ ਪਰੇਸ਼ਾਨ ਕਰਨ ਦਾ ਢੰਗ-ਤਰੀਕਾ ਹੈ। ਇਹ ਕਾਰਵਾਈ ਉਸ ਸਮੇਂ ਅਮਲ ’ਚ ਲਿਆਂਦੀ ਗਈ ਹੈ ਜਦੋਂ ਕਾਂਗਰਸ ਅਤੇ ਹੋਰ ਵਿਰੋਧੀ ਧਿਰਾਂ ਦੋਸ਼ ਲਗਾ ਰਹੀਆਂ ਹਨ ਕਿ ਸਿਆਸੀ ਦੁਸ਼ਮਣਾਂ ਨੂੰ ਨਿਸ਼ਾਨਾ ਬਣਾਉਣ ਲਈ ਕੇਂਦਰ ਸਰਕਾਰ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ।

ਸੂਤਰਾਂ ਨੇ ਕਿਹਾ ਕਿ ਪਿਛਲੇ ਪੰਜ ਦਿਨਾਂ ’ਚ ਪੁਲੀਸ ਦੇ ਤੀਜੀ ਵਾਰ ਰਾਹੁਲ ਗਾਂਧੀ ਦੀ ਰਿਹਾਇਸ਼ ’ਤੇ ਪਹੁੰਚਣ ਦੇ ਕੁਝ ਘੰਟਿਆਂ ਬਾਅਦ ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਆਪਣੇ ਜਵਾਬ ’ਚ 10 ਨੁਕਤਿਆਂ ਦਾ ਜ਼ਿਕਰ ਕੀਤਾ ਹੈ। ਉਨ੍ਹਾਂ 30 ਜਨਵਰੀ ਦੇ ਬਿਆਨ ਨੂੰ ਲੈ ਕੇ ਦਿੱਲੀ ਪੁਲੀਸ ਦੇ ਨੋਟਿਸ ਦਾ ਵਿਸਥਾਰਤ ਜਵਾਬ ਦੇਣ ਲਈ 8 ਤੋਂ 10 ਦਿਨ ਦਾ ਸਮਾਂ ਮੰਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਵਿਸ਼ੇਸ਼ ਪੁਲੀਸ ਕਮਿਸ਼ਨਰ (ਕਾਨੂੰਨ ਪ੍ਰਬੰਧ) ਸਾਗਰ ਪ੍ਰੀਤ ਹੁੱਡਾ ਦੀ ਅਗਵਾਈ ਹੇਠ ਪੁਲੀਸ ਟੀਮ ਰਾਹੁਲ ਗਾਂਧੀ ਦੀ 12, ਤੁਗਲਕ ਲੇਨ ਸਥਿਤ ਰਿਹਾਇਸ਼ ’ਤੇ ਸਵੇਰੇ 10 ਵਜੇ ਦੇ ਕਰੀਬ ਪੁੱਜੀ ਅਤੇ ਦੋ ਘੰਟਿਆਂ ਬਾਅਦ ਉਹ ਕਾਂਗਰਸ ਆਗੂ ਨੂੰ ਮਿਲ ਸਕੇ। ਉਸ ਮਗਰੋਂ ਟੀਮ ਉਨ੍ਹਾਂ ਦੇ ਘਰ ਤੋਂ ਕਰੀਬ ਇੱਕ ਵਜੇ ਪਰਤੀ। ਪੁਲੀਸ ਮੁਤਾਬਿਕ ਰਾਹੁਲ ਗਾਂਧੀ ਨੇ ਭਾਰਤ ਜੋੜੋ ਯਾਤਰਾ ਦੌਰਾਨ ਸ਼ ਨਗਰ ’ਚ ਕਿਹਾ ਸੀ ਕਿ ਉਨ੍ਹਾਂ ਸੁਣਿਆ ਹੈ ਕਿ ਮਹਿਲਾਵਾਂ ਦਾ ਅਜੇ ਵੀ ਜਿਣਸੀ ਸ਼ੋਸ਼ਣ ਹੋ ਰਿਹਾ ਹੈ।” ਯਾਤਰਾ ਦਿੱਲੀ ’ਚੋਂ ਵੀ ਲੰਘੀ ਸੀ, ਅਤੇ ਅਸੀਂ ਪਤਾ ਲਾਉਣਾ ਚਾਹੁੰਦੇ ਸੀ ਕਿ ਕਿਸੇ ਪੀੜਤਾ ਨੇ ਕਾਂਗਰਸ ਆਗੂ ਕੋਲ ਪਹੁੰਚ ਕੀਤੀ ਹੈ ਤਾਂ ਉਸ ਦੀ ਜਾਣਕਾਰੀ ਲੈ ਕੇ ਇਸ ਮਾਮਲੇ ’ਚ ਜਾਂਚ ਨੂੰ ਅੱਗੇ ਵਧਾਇਆ ਜਾ ਸਕੇ।” ਅਧਿਕਾਰੀ ਨੇ ਕਿਹਾ ਕਿ ਪੁਲੀਸ ਨੇ ਉਨ੍ਹਾਂ ਤੋਂ ਪੀੜਤਾਂ ਦੇ ਵੇਰਵੇ ਮੰਗੇ ਹਨ ਤਾਂ ਜੋ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਜਾ ਸਕੇ। ਸ਼ਾਮ ਚਾਰ ਵਜੇ ਤੋਂ ਕੁਝ ਸਮਾਂ ਪਹਿਲਾਂ ਮੁੱਢਲਾ ਜਵਾਬ ਭੇਜਦਿਆਂ ਰਾਹੁਲ ਗਾਂਧੀ ਨੇ ਪੁਲੀਸ ਕਾਰਵਾਈ ਨੂੰ ਬੇਮਿਸਾਲ ਕਰਾਰ ਦਿੱਤਾ ਅਤੇ ਪੁੱਛਿਆ ਕਿ ਕੀ ਅਡਾਨੀ ਮੁੱਦੇ ’ਤੇ ਸੰਸਦ ਦੇ ਅੰਦਰ ਅਤੇ ਬਾਹਰ ਉਨ੍ਹਾਂ ਦੇ ਰਵੱਈਏ ਨਾਲ ਇਸ ਕਾਰਵਾਈ ਦਾ ਕੋਈ ਸਬੰਧ ਹੈ।

ਸੂਤਰਾਂ ਨੇ ਦੱਸਿਆ ਕਿ ਰਾਹੁਲ ਨੇ ਆਪਣੇ ਜਵਾਬ ’ਚ ਸ਼ ਨਗਰ ’ਚ ਉਨ੍ਹਾਂ ਵਲੋਂ ਕੀਤੀ ਗਈ ਟਿੱਪਣੀ ਦੇ 45 ਦਿਨਾਂ ਮਗਰੋਂ ਪੁਲੀਸ ਦੇ ਅਚਾਨਕ ਸਰਗਰਮ ਹੋਣ ’ਤੇ ਵੀ ਸਵਾਲ ਖੜ੍ਹਾ ਕੀਤਾ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਇਹ ਵੀ ਪੁੱਛਿਆ ਕਿ ਕੀ ਸਿਆਸੀ ਮੁਹਿੰਮਾਂ ਨੂੰ ਲੈ ਕੇ ਹਾਕਮ ਧਿਰ ਸਮੇਤ ਕਿਸੇ ਹੋਰ ਸਿਆਸੀ ਪਾਰਟੀ ਦੀ ਇਸ ਤਰ੍ਹਾਂ ਦੇ ਮਾਮਲੇ ’ਚ ਜਾਂਚ ਜਾਂ ਉਨ੍ਹਾਂ ਤੋਂ ਕੋਈ ਪੁੱਛ-ਪੜਤਾਲ ਕੀਤੀ ਗਈ ਹੈ। ਇਸ ਤੋਂ ਪਹਿਲਾਂ ਪੁਲੀਸ ਟੀਮ ਦੇ ਰਾਹੁਲ ਗਾਂਧੀ ਦੀ ਰਿਹਾਇਸ਼ ’ਤੇ ਪਹੁੰਚਣ ਮਗਰੋਂ ਕਾਂਗਰਸ ਆਗੂ ਪਵਨ ਖੇੜਾ, ਅਭਿਸ਼ੇਕ ਮਨੂ ਸਿੰਘਵੀ, ਜੈਰਾਮ ਰਮੇਸ਼ ਅਤੇ ਹੋਰ ਆਗੂ ਉੱਥੇ ਪਹੁੰਚ ਗਏ। ਪਾਰਟੀ ਵਰਕਰਾਂ ਨੇ ਘਰ ਬਾਹਰ ਨਾਅਰੇਬਾਜ਼ੀ ਕੀਤੀ ਅਤੇ ਇਸ ਦੌਰਾਨ ਉਨ੍ਹਾਂ ਦੀ ਪੁਲੀਸ ਨਾਲ ਤਕਰਾਰ ਵੀ ਹੋਈ।

ਇੱਕ ਅਧਿਕਾਰੀ ਨੇ ਕਿਹਾ ਕਿ 4-5 ਕਾਂਗਰਸ ਵਰਕਰਾਂ ਨੂੰ ਹਿਰਾਸਤ ’ਚ ਲੈਣ ਮਗਰੋਂ ਉਨ੍ਹਾਂ ਨੂੰ ਬਾਅਦ ’ਚ ਰਿਹਾਅ ਕਰ ਦਿੱਤਾ ਗਿਆ। ਵਿਸ਼ੇਸ਼ ਪੁਲੀਸ ਕਮਿਸ਼ਨਰ ਹੁੱਡਾ ਨੇ ਕਿਹਾ ਕਿ ਰਾਹੁਲ ਦੇ ਬਿਆਨ ਮਗਰੋਂ ਉਨ੍ਹਾਂ ਪੀੜਤਾਂ ਦੀ ਭਾਲ ਦੀ ਕੋਸ਼ਿਸ਼ ਕੀਤੀ ਸੀ, ਪਰ ਕੋਈ ਜਾਣਕਾਰੀ ਨਹੀਂ ਮਿਲੀ। ਰਾਹੁਲ ਗਾਂਧੀ ਨੂੰ ਸਵਾਲਾਂ ਦੇ ਨਾਲ ਨੋਟਿਸ ਭੇਜਿਆ ਗਿਆ ਸੀ, ਪਰ ਉਹ ਵਿਦੇਸ਼ ’ਚ ਸਨ ਜਿਸ ਕਾਰਨ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ, ਅਤੇ ਅੱਜ ਉਹ ਉਨ੍ਹਾਂ ਦੀ ਰਿਹਾਇਸ਼ ’ਤੇ ਗਏ ਸਨ। ਕਾਂਗਰਸ ਦਫ਼ਤਰ ’ਤੇ ਇੱਕ ਸਾਂਝੀ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਅਤੇ ਕੌਮੀ ਤਰਜਮਾਨ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ ਇਹ ਬਦਲਾਖੋਰੀ, ਪਰੇਸ਼ਾਨ ਕਰਨ ਅਤੇ ਧਮਕਾਉਣ ਦਾ ਮਾਮਲਾ ਹੈ ਤਾਂ ਜੋ ਪਾਰਟੀ ਦੇ ਸਾਬਕਾ ਪ੍ਰਧਾਨ ਖ਼ਿਲਾਫ਼ ਮਾਹੌਲ ਬਣਾਇਆ ਜਾ ਸਕੇ।

ਗਹਿਲੋਤ ਨੇ ਚਿਤਾਵਨੀ ਦਿੱਤੀ ਕਿ ਕੇਂਦਰ ਸਰਕਾਰ ਵਿਰੋਧੀ ਆਗੂਆਂ ਦੀਆਂ ਸਿਆਸੀ ਮੁਹਿੰਮਾਂ ਦੌਰਾਨ ਦਿੱਤੇ ਗਏ ਬਿਆਨਾਂ ਦੇ ਆਧਾਰ ’ਤੇ ਕੇਸ ਦਰਜ ਕਰਕੇ ਮਾੜੀ ਮਿਸਾਲ ਕਾਇਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਗ਼ੈਰ ਭਾਜਪਾਈ ਸੂਬਿਆਂ ’ਚ ਅਜਿਹੀ ਕਾਰਵਾਈ ਦਾ ਸਾਹਮਣਾ ਭਾਜਪਾ ਆਗੂਆਂ ਅਤੇ ਕੇਂਦਰੀ ਮੰਤਰੀਆਂ ਨੂੰ ਕਰਨਾ ਪੈ ਸਕਦਾ ਹੈ।

ਜੇਲ੍ਹ ’ਚ ਖੰਭਾਂ ਵਾਂਗ ਲਟਕਦੀਆਂ ਨੇ ਲਾਸ਼ਾਂ

ਤਹਿਰਾਨ (ਪੰਜਾਬੀ ਅਖਬਾਰ ਬਿਊਰੋ)- ਤੁਸੀਂ ਦੁਨੀਆਂ ਦੀਆਂ ਸਾਰੀਆਂ ਬਦਨਾਮ ਜੇਲ੍ਹਾਂ ਬਾਰੇ ਸੁਣਿਆ ਹੋਵੇਗਾ। ਕਿਤੇ ਕੈਦੀ ਇੱਕ-ਦੂਜੇ ਨੂੰ ਮਾਰ ਕੇ ਖਾ ਜਾਂਦੇ ਹਨ ਅਤੇ ਕਿਤੇ ਉਨ੍ਹਾਂ ਨੂੰ 24 ਘੰਟੇ ਗੋਡਿਆਂ ਭਾਰ ਬਿਤਾਉਣੇ ਪੈਂਦੇ ਹਨ। ਪਰ ਅਸੀਂ ਤੁਹਾਨੂੰ ਇਰਾਨ ਦੀ ਇੱਕ ਖੌਫ਼ਨਾਕ ਜੇਲ੍ਹ ਬਾਰੇ ਦੱਸਣ ਜਾ ਰਹੇ ਹਾਂ ਜਿਸ ਬਾਰੇ ਜਾਣ ਕੇ ਤੁਹਾਡੀ ਰੂਹ ਕੰਬ ਜਾਵੇਗੀ। ਅਜਿਹੀ ਜੇਲ੍ਹ ਜਿੱਥੇ ਕੈਦੀਆਂ ਦੀਆਂ ਲਾਸ਼ਾਂ ਖੰਭਾਂ ਵਾਂਗ ਲਟਕਦੀਆਂ ਹਨ। ਔਰਤਾਂ ਨੂੰ ਨਰਕ ਤੋਂ ਵੀ ਭੈੜੀ ਜ਼ਿੰਦਗੀ ਬਤੀਤ ਕਰਨੀ ਪੈਂਦੀ ਹੈ। ਇਸ ਜੇਲ੍ਹ ’ਚ ਮਹੀਨੇ ਬਿਤਾਉਣ ਤੋਂ ਬਾਅਦ ਇੱਕ ਔਰਤ ਬਾਹਰ ਆਈ, ਅਤੇ ਉਸ ਨੇ ਜੋ ਖ਼ੁਲਾਸਾ ਕੀਤਾ ਉਹ ਹੈਰਾਨ ਕਰਨ ਵਾਲਾ ਹੈ।

ਮਰਜੀਆ ਅਮੀਰਿਜਾਦੇਹ ਨਾਂ ਦੀ ਇਸ ਔਰਤ ਨੂੰ 2009 ’ਚ ਤਹਿਰਾਨ ਦੀ ਏਵਿਨ ਜੇਲ੍ਹ ’ਚ ਰੱਖਿਆ ਗਿਆ ਸੀ। ਦੋਸ਼ ਲਾਇਆ ਗਿਆ ਸੀ ਕਿ ਉਹ ਈਸਾਈ ਧਰਮ ਦਾ ਪਾਲਣ ਕਰਦੀ ਹੈ। ਸੱਤ ਮਹੀਨੇ ਜੇਲ੍ਹ ਕੱਟਣ ਤੋਂ ਬਾਅਦ ਜਦੋਂ ਉਹ ਬਾਹਰ ਆਈ ਅਤੇ ਇਸ ਤਸੀਹੇ ਘਰ ਬਾਰੇ ਉਸ ਨੇ ਜੋ ਖ਼ੁਲਾਸਾ ਕੀਤਾ, ਉਹ ਡਰਾਉਣਾ ਹੈ। ਮਰਜੀਆ ਨੇ ਦੱਸਿਆ, “ਕੁਝ ਦਿਨ ਪਹਿਲਾਂ ਸੰਯੁਕਤ ਰਾਸ਼ਟਰ ਤੋਂ ਲੋਕ ਇਰਾਨ ਦੀਆਂ ਜੇਲ੍ਹਾਂ ’ਤੇ ਖੋਜ ਕਰਨ ਆਏ ਸਨ। ਫ਼ਿਰ ਵਧੀਆ ਵਾਰਡ ਬਣਾ ਦਿੱਤਾ ਗਿਆ। ਕੁਝ ਕੈਦੀ ਬਿਠਾ ਦਿੱਤੇ ਗਏ। ਬਾਕੀ ਵਾਰਡਾਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ। ਅਸੀਂ ਰੌਲਾ ਪਾਇਆ, ਪਰ ਕਿਸੇ ਨੇ ਸਾਡੀ ਆਵਾਜ਼ ਨਹੀਂ ਸੁਣੀ ਤਾਂ ਮੈਂ ਹੈਰਾਨ ਰਹਿ ਗਈ। ਹੱਥ-ਪੈਰ ਸੁੰਨ ਹੋ ਗਏ। ਮੈਨੂੰ ਨਹੀਂ ਪਤਾ ਸੀ ਕਿ ਹੋ ਕੀ ਰਿਹਾ ਹੈ।”

ਇਸੇ ਵਿਚਾਲੇ ਇੱਕ ਦਿਨ ਪੁਰਸ਼ ਗਾਰਡ ਮਹਿਲਾ ਵਾਰਡ ਦੀ ਤਲਾਸ਼ੀ ਲੈਣ ਆਏ ਅਤੇ ਉਨ੍ਹਾਂ ਨੇ ਕੁੱਟਣਾ ਸ਼ੁਰੂ ਕਰ ਦਿੱਤਾ। ਅਸੀਂ ਮਹਿਲਾ ਕੈਦੀਆਂ ਦੇ ਸਿਸਕਣ ਦੀ ਆਵਾਜ਼ ਸੁਣ ਸਕਦੇ ਸੀ। ਬਾਅਦ ’ਚ ਉਨ੍ਹਾਂ ਨੂੰ ਜੇਲ੍ਹ ਦੇ ਵਿਹੜੇ ’ਚ ਕੱਢ ਕੇ ਕੁੱਟਿਆ ਗਿਆ। ਔਰਤਾਂ ’ਤੇ ਮਰਦ ਹਮਲਾ ਕਰਨ ਇਹ ਸ਼ਰੀਆ ਕਾਨੂੰਨ ਦੇ ਖ਼ਿਲਾਫ਼ ਹੈ, ਪਰ ਉਥੇ ਹਰ ਕੋਈ ਇੰਨਾ ਡਰਿਆ ਹੋਇਆ ਸੀ ਕਿ ਕੋਈ ਕੁਝ ਬੋਲ ਨਹੀਂ ਸਕਿਆ। ਸਾਡੇ ਸਾਹਮਣੇ ਹੀ ਇੱਕ ਬੰਦੇ ਦਾ ਕਤਲ ਕਰ ਦਿੱਤਾ ਗਿਆ। ਕੈਦੀਆਂ ਨੂੰ ਮਜਬੂਰ ਕੀਤਾ ਗਿਆ ਕਿ ਉਹ ਦੇਖਣ ਕਿ ਕਤਲ ਕਿਵੇਂ ਕੀਤਾ ਜਾ ਰਿਹਾ ਹੈ।” ਰਿਪੋਰਟ ਮੁਤਾਬਿਕ ਮਰਜੀਆ ਅਮੀਰਿਜਾਦੇਹ ਨੇ ਦੱਸਿਆ ਕਿ ਇੱਕ ਔਰਤ ਨੂੰ ਕਲੀਨਿਕ ’ਚ ਨੌਕਰੀ ਦੀ ਪੇਸ਼ਕਸ਼ ਕੀਤੀ ਗਈ, ਪਰ ਬਾਅਦ ’ਚ ਪਤਾ ਲੱਗਾ ਕਿ ਉਸ ਨਾਲ ਜ਼ਬਰਦਸਤੀ ਕੀਤੀ ਗਈ। ਮਰਦ ਗਾਰਡ ਉਸ ਦੇ ਸਖਰੀਰ ਨੂੰ ਰੋਜ਼ ਨੋਚਦੇ ਸਨ। ਮੇਰੀ ਇੱਕ ਦੋਸਤ ਦੀਆਂ ਅੱਖਾਂ ’ਤੇ ਪੱਟੀ ਬੰਨ੍ਹ ਕੇ ਉਸ ਤੋਂ ਪੁੱਛਗਿੱਛ ਲਈ ਲਿਜਾਇਆ ਗਿਆ, ਪਰ ਜਦੋਂ ਉਹ ਵਾਪਿਸ ਆਈ ਤਾਂ ਕੰਬ ਰਹੀ ਸੀ ਕਿਉਂਕਿ ਜਿਥੇ ਉਸ ਤੋਂ ਪੁੱਛਗਿੱਛ ਕੀਤੀ ਗਈ ਉੱਥੇ ਖੰਭਾਂ ਵਾਂਗ ਕੈਦੀਆਂ ਦੀ ਡੈੱਡ ਬਾਡੀ ਲਟਕੀ ਹੋਈ ਸੀ। ਇੱਕ ਕਮਰੇ ’ਚ 15 ਤੋਂ ਵੱਧ ਲੋਕ ਰੱਖੇ ਜਾਂਦੇ ਸਨ। ਖਟਮਲ, ਕੌਕਰੋਚ, ਚੂਹੇ ਅਤੇ ਸੜਿਆ ਹੋਇਆ ਖਾਣਾ, ਇਹੀ ਕੈਦੀਆਂ ਦੇ ਨਸੀਬ ’ਚ ਹੁੰਦਾ ਸੀ।

ਵਿਦਿਆਰਥੀਆਂ ਨੂੰ ਡੀਪੋਰਟ ਕਰਨ ਦੇ ਮਾਮਲੇ ’ਚ ਦਖਲ ਦੇਣ ਦੀ ਕੀਤੀ ਅਪੀਲ

ਨਵੀਂ ਦਿੱਲੀ: ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਭਾਰਤ ਦੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੂੰ ਇੱਕ ਮੰਗ ਪੱਤਰ ਸੌਂਪਿਆ, ਅਤੇ ਕੈਨੇਡਾ ਨੂੰ 700 ਭਾਰਤੀ ਵਿਦਿਆਰਥੀਆਂ ਦੇ ਦੇਸ਼ ਨਿਕਾਲੇ ਨੂੰ ਰੋਕਣ ਲਈ ਦਖਲ ਦੇਣ ਦੀ ਅਪੀਲ ਕੀਤੀ ਹੈ। ਇਸ ’ਤੇ ਐੱਸ.ਜੈਸ਼ੰਕਰ ਨੇ ਮਾਮਲੇ ’ਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਸਾਹਨੀ ਨੂੰ ਦੱਸਿਆ ਕਿ ਹੁਣ ਤਕ 100 ਦੇ ਤਕਰੀਬਨ ਵਿਦਿਆਰਥੀ ਟੋਰੰਟੋ ਸਥਿਤ ਭਾਰਤੀ ਵਣਜ ਦੂਤਘਰ ਤਕ ਪਹੁੰਚ ਚੁੱਕੇ ਹਨ। ਇਨ੍ਹਾਂ ’ਚੋਂ ਬਹੁਤੇ ਵਿਦਿਆਰਥੀ ਟੋਰੰਟੋ ਅਤੇ ਕੁਝ ਵੈਨਕੂਵਰ ’ਚ ਸਥਿਤ ਹਨ।

ਵਿਦਸ਼ ਮੰਤਰਾਲੇ ਨੇ ਵੀ ਇਹ ਮੁੱਦਾ ਦਿੱਲੀ ਸਥਿਤ ਕੈਨੇਡੀਅਨ ਹਾਈ ਕਮਿਸ਼ਨ ਅਤੇ ਔਟਵਾ ਸਥਿਤ ਉਨ੍ਹਾਂ ਦੇ ਹਮਰੁਤਬਾ ਕੋਲ ਉਠਾਇਆ ਹੈ, ਅਤੇ ਉਨ੍ਹਾਂ ਨੂੰ ਸਮੁੱਚੇ ਮਾਮਲੇ ਦੀ ਜਾਂਚ ਕਰਨ ਅਤੇ ਵਿਦਿਆਰਥੀਆਂ ਨੂੰ ਡੀਪੋਰਟ ਨਾ ਕਰਨ ਦੀ ਬੇਨਤੀ ਕੀਤੀ ਹੈ ਕਿਉਂਕਿ ਉਨ੍ਹਾਂ ਨੇ ਕੈਨੇਡਾ ਜਾਣ ਲਈ ਲੱਖਾਂ ਰੁਪਏ ਖ਼ਰਚ ਕੀਤੇ ਹਨ, ਅਤੇ ਜਿਨ੍ਹਾਂ ਨੇ ਆਪਣੀ ਪੜ੍ਹਾਈ ਪੂਰੀ ਕਰ ਲਈ ਹੈ ਅਤੇ ਉਨ੍ਹਾਂ ਕੋਲ ਜ਼ਰੂਰੀ ਕੰਮ ਦਾ ਤਜਰਬਾ ਹੈ। ਸਾਹਨੀ, ਜੋ ਵਿਸ਼ਵ ਪੰਜਾਬੀ ਸੰਸਥਾ ਦੇ ਅੰਤਰਰਾਸ਼ਟਰੀ ਪ੍ਰਧਾਨ ਵੀ ਹਨ, ਨੇ ਐਲਾਨ ਕੀਤਾ ਕਿ ਇਹ ਮਾਮਲਾ ਦੋਵਾਂ ਸਰਕਾਰਾਂ ਕੋਲ ਉਠਾਉਣ ਤੋਂ ਇਲਾਵਾ WPO ਇਨ੍ਹਾਂ ਵਿਦਿਆਰਥੀਆਂ ਨੂੰ ਕੈਨੇਡਾ ’ਚ ਪ੍ਰਮੁੱਖ ਇਮੀਗ੍ਰੇਸ਼ਨ ਵਕੀਲਾਂ ਰਾਹੀਂ ਆਪਣੇ ਕੇਸ ਲੜਨ ਲਈ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰੇਗਾ।

ਸਾਹਨੀ ਨੇ ਵਿਦੇਸ਼ ਮੰਤਰਾਲੇ ’ਚ ਉੱਤਰੀ ਅਮਰੀਕਾ ਵਿਭਾਗ ਦੇ ਮੰਤਰੀ ਅਤੇ ਅਧਿਕਾਰੀਆਂ ਦੇ ਧਿਆਨ ’ਚ ਲਿਆਂਦਾ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਵੱਖ-ਵੱਖ ਕਾਲਜਾਂ ਦੇ ਜਾਅਲੀ ਅਤੇ ਜਾਅਲੀ ਐਡਮਿਟ ਕਾਰਡ ਬਣਾ ਕੇ ਕੈਨੇਡਾ ਭੇਜਿਆ ਗਿਆ ਸੀ। ਕੈਨੇਡਾ ਪਹੁੰਚਣ ’ਤੇ ਇਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਉਕਤ ਕਾਲਜਾਂ ’ਚ ਦਾਖਲਾ ਰੱਦ ਹੋ ਗਿਆ ਹੈ, ਇਸ ਲਈ ਉਨ੍ਹਾਂ ਨੇ ਆਪਣੇ ਪੈਸਿਆਂ ਨਾਲ ਦੂਜੇ ਕਾਲਜਾਂ ’ਚ ਦਾਖਲਾ ਲੈ ਕੇ ਆਪਣੀ ਪੜ੍ਹਾਈ ਪੂਰੀ ਕਰ ਲਈ, ਪਰ ਹੈਰਾਨੀ ਦੀ ਗੱਲ ਹੈ ਕਿ ਕੈਨੇਡੀਅਨ ਐਮਬੈਸੀ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਜਾਇਜ਼ ਵੀਜੇ ਜਾਰੀ ਕੀਤੇ ਅਤੇ ਇੱਥੋਂ ਤਕ ਕਿ ਉਨ੍ਹਾਂ ਨੂੰ ਕੈਨੇਡਾ ਦੇ ਹਵਾਈ ਅੱਡਿਆਂ ’ਤੇ ਇਮੀਗ੍ਰੇਸ਼ਨ ਕਲੀਅਰੈਂਸ ਵੀ ਦਿੱਤੀ ਗਈ। ਇਹ ਦਿਲਚਸਪ ਹੈ ਕਿ ਇੰਨੀ ਵੱਡੀ ਗਿਣਤੀ ’ਚ ਵਿਦਿਆਰਥੀ ਕੈਨੇਡਾ ਕਿਵੇਂ ਪਹੁੰਚੇ ਜੇਕਰ ਇੱਕ ਧੋਖੇਬਾਜ਼ ਅਤੇ ਬਦਨਾਮ ਏਜੰਟ ਵਲੋਂ ਉਨ੍ਹਾਂ ਨੂੰ ਦਿੱਤੇ ਗਏ ਦਾਖਲਾ ਪੱਤਰ ਜਾਅਲੀ ਸਨ।

ਸਾਹਨੀ ਨੇ ਅੱਗੇ ਦੱਸਿਆ ਕਿ ਇਨ੍ਹਾਂ ’ਚੋਂ ਜ਼ਿਆਦਾਤਰ ਵਿਦਿਆਰਥੀਆਂ ਨੇ ਆਪਣੀ ਪੜ੍ਹਾਈ ਪੂਰੀ ਕਰ ਲਈ ਹੈ ਅਤੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੇ ਤਹਿਤ ਇੱਕ ਸਾਲ ਲਈ ਕੈਨੇਡਾ ’ਚ ਕੰਮ ਕੀਤਾ ਹੈ। ਹੁਣ ਜਦੋਂ ਉਨ੍ਹਾਂ ਨੇ ਪਰਮਾਨੈਂਟ ਰੈਜ਼ੀਡੈਂਸੀ ਲਈ ਐਪਲਾਈ ਕੀਤਾ ਤਾਂ ਕੈਨੇਡਾ ਬੌਰਡਰ ਸੈਕਿਓਰਿਟੀ ਏਜੰਸੀ ਦੇ ਵਿਭਾਗ ਨੇ ਇਹ ਮੁੱਦਾ ਉਠਾਇਆ ਹੈ, ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਡੀਪੋਰਟ ਕਰਨ ਦੀ ਧਮਕੀ ਦੇ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਇਨ੍ਹਾਂ ਵਿਦਿਆਰਥੀਆਂ ਨੂੰ ਡੀਪੋਰਟ ਕੀਤਾ ਜਾਂਦਾ ਹੈ ਤਾਂ ਇਹ ਕੈਨੇਡਾ ਜਾਣ ਦੇ ਚਾਹਵਾਨ ਹੋਰ ਸੰਭਾਵੀ ਭਾਰਤੀ ਵਿਦਿਆਰਥੀਆਂ ਨੂੰ ਬਹੁਤ ਗ਼ਲਤ ਸੰਦੇਸ਼ ਜਾਵੇਗਾ। ਵਰਤਮਾਨ ’ਚ, 2.5 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਕੈਨੇਡੀਅਨ ਯੂਨੀਵਰਸਿਟੀਆਂ ’ਚ ਪੜ੍ਹ ਰਹੇ ਹਨ। ਉਨ੍ਹਾਂ ਉਮੀਦ ਜਤਾਈ ਕਿ ਚੰਗੀ ਭਾਵਨਾ ਕਾਇਮ ਹੋਵੇਗੀ ਅਤੇ ਕੈਨੇਡੀਅਨ ਸਰਕਾਰ ਇਸ ਮਾਮਲੇ ’ਤੇ ਤਰਸ ਦੇ ਆਧਾਰ ’ਤੇ ਵਿਚਾਰ ਕਰੇਗੀ ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਡੀਪੋਰਟ ਨਹੀਂ ਕਰੇਗੀ।

ਸਿੱਖ ਵਿਦਿਆਰਥੀ ਦੀ ਪੱਗ ਲਾਹ ਕੇ ਵਾਲਾਂ ਤੋਂ ਫੜ ਘਸੀਸਿਆ

ਸਰੀ: ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਇੱਕ 21 ਸਾਲਾ ਸਿੱਖ ਵਿਦਿਆਰਥੀ ਉੱਤੇ ਕੁਝ ਅਣਪਛਾਤੇ ਵਿਅਕਤੀਆਂ ਨੇ ਹਮਲਾ ਕਰ ਕੇ ਉਸ ਦੀ ਪੱਗ ਲਾਹ ਦਿੱਤੀ ਅਤੇ ਵਾਲਾਂ ਤੋਂ ਘਸੀਸਦੇ ਹੋਏ ਸੜਕ ਦੇ ਕਿਨਾਰੇ ਲੈ ਗਏ। ਮੀਡੀਆ ਰਿਪੋਰਟਾਂ 'ਚ ਇਹ ਜਾਣਕਾਰੀ ਦਿੱਤੀ ਗਈ ਹੈ। 3"ਹ ਦੀ ਖ਼ਬਰ ਮੁਤਾਬਿਕ ਗਗਨਦੀਪ ਸਿੰਘ 'ਤੇ ਪਿਛਲੇ ਸ਼ੁੱਕਰਵਾਰ ਰਾਤ ਨੂੰ ਉਸ ਸਮੇਂ ਹਮਲਾ ਕੀਤਾ ਗਿਆ ਜਦੋਂ ਉਹ ਆਪਣੇ ਘਰ ਪਰਤ ਰਿਹਾ ਸੀ। ਕੌਂਸਲਰ ਮੋਹਿਨੀ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਹਮਲੇ ਬਾਰੇ ਕੁਝ ਦੇਰ ਬਾਅਦ ਪਤਾ ਲੱਗਾ ਅਤੇ ਉਹ ਗਗਨਦੀਪ ਨੂੰ ਮਿਲਣ ਗਈ।

ਉਨ੍ਹਾਂ ਨੇ ਦੱਸਿਆ, "ਮੈਂ ਉਸ ਨੂੰ ਦੇਖ ਕੇ ਹੈਰਾਨ ਰਹਿ ਗਈ। ਉਹ ਆਪਣਾ ਮੂੰਹ ਵੀ ਨਹੀਂ ਸੀ ਖੋਲ੍ਹ ਪਾ ਰਿਹਾ।" ਸਿੰਘ ਨੇ ਕਿਹਾ ਕਿ ਗਗਨਦੀਪ ਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ, ਅਤੇ ਉਹ ਬਹੁਤ ਦਰਦ 'ਚ ਸੀ। ਕੌਂਸਲਰ ਨੇ ਦੱਸਿਆ ਕਿ ਗਗਨਦੀਪ ਰਾਤ ਕਰੀਬ 10.30 ਵਜੇ ਗਰੌਸਰੀ ਦੀ ਖ਼ਰੀਦਦਾਰੀ ਕਰ ਕੇ ਘਰ ਜਾ ਰਿਹਾ ਸੀ ਜਦੋਂ ਬੱਸ 'ਚ ਉਸ ਦਾ 12 ਤੋਂ 15 ਨੌਜਵਾਨਾਂ ਨਾਲ ਸਾਹਮਣਾ ਹੋ ਗਿਆ। ਉਸ ਨੇ ਦੱਸਿਆ ਕਿ ਉਹ ਨੌਜਵਾਨ ਉਸ ਨੂੰ ਪਰੇਸ਼ਾਨ ਕਰਨ ਲੱਗੇ ਅਤੇ ਉਸ 'ਤੇ ਇੱਕ ਵਿੱਗ ਸੁੱਟ ਦਿੱਤੀ। ਵਿਦਿਆਰਥੀ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਉਸ ਨੂੰ ਪਰੇਸ਼ਾਨ ਨਾ ਕਰਨ, ਨਹੀਂ ਤਾਂ ਉਹ ਪੁਲੀਸ ਨੂੰ ਬੁਲਾ ਲਵੇਗਾ, ਪਰ ਉਹ ਨਹੀਂ ਰੁਕੇ ਅਤੇ ਉਸ ਨੂੰ ਤੰਗ ਕਰਦੇ ਰਹੇ।" ਉਸ ਤੋਂ ਬਾਅਦ ਗਗਨਦੀਪ ਬੱਸ ਤੋਂ ਹੇਠਾਂ ਉਤਰ ਗਿਆ। ਗਗਨ ਨੇ ਦੱਸਿਆ ਕਿ ਉਹ ਲੜਕੇ ਵੀ ਉਸ ਦੇ ਪਿੱਛੇ ਉਤਰੇ ਅਤੇ ਬੱਸ ਦੇ ਜਾਣ ਦੀ ਉਡੀਕ ਕਰਨ ਲੱਗੇ। ਫ਼ਿਰ ਉਨ੍ਹਾਂ ਨੇ ਉਸ 'ਤੇ ਹਮਲਾ ਕਰ ਕੇ ਉਸ ਦੇ ਚਿਹਰੇ, ਢਿੱਡ, ਬਾਹਾਂ ਅਤੇ ਪੈਰਾਂ 'ਤੇ ਸੱਟਾਂ ਮਾਰੀਆਂ ... ਉਸ ਦੀ ਪੱਗ ਲਾਹ ਦਿੱਤੀ ਅਤੇ ਉਸ ਨੂੰ ਵਾਲਾਂ ਤੋਂ ਘਸੀਸ ਕੇ ਸੜਕ ਕਿਨਾਰੇ ਗੰਦੀ ਬਰਫ਼ 'ਤੇ ਸੁੱਟ ਦਿੱਤਾ।" ਹਮਲਾਵਰ ਉਸ ਦੀ ਪੱਗ ਆਪਣੇ ਨਾਲ ਲੈ ਗਏ। ਹੋਸ਼ ਆਉਣ 'ਤੇ ਗਗਨਦੀਪ ਨੇ ਆਪਣੇ ਦੋਸਤ ਨੂੰ ਫ਼ੋਨ ਕੀਤਾ।

ਮੋਹਿਨੀ ਸਿੰਘ ਨੇ ਦੱਸਿਆ ਕਿ ਗਗਨਦੀਪ ਦੇ ਦੋਸਤ ਅਤੇ ਅੰਤਰਰਾਸ਼ਟਰੀ ਸਾਥੀ ਵਿਦਿਆਰਥੀ ਹਮਲੇ ਤੋਂ ਬਹੁਤ ਪਰੇਸ਼ਾਨ ਅਤੇ ਡਰੇ ਹੋਏ ਹਨ। ਬੱਸ ਸਟੌਪ 'ਤੇ ਮੀਟਿੰਗ ਕੀਤੀ ਗਈ ਜਿਸ 'ਚ ਉਨ੍ਹਾਂ ਨੇ ਆਪਣੇ ਸੁਰੱਖਿਆ ਦੇ ਮੁੱਦਿਆਂ ਨੂੰ ਇੱਕ-ਦੂਜੇ ਨਾਲ ਸਾਂਝਾ ਕੀਤਾ। ਸਿੰਘ ਨੇ ਕਿਹਾ ਕਿ ਗਗਨਦੀਪ ਦਾ ਸਿੱਖ ਅਤੇ ਭਾਰਤੀ ਹੋਣਾ ਯਕੀਨੀ ਤੌਰ 'ਤੇ ਉਸ 'ਤੇ ਹਮਲੇ ਦਾ ਕਾਰਨ ਸੀ। ਕਲੋਨਾ ਰੌਇਲ ਕੈਨੇਡੀਅਨ ਮਾਊਂਟੇਡ ਪੁਲੀਸ ਨੇ ਇੱਕ ਬਿਆਨ 'ਚ ਪੁਸ਼ਟੀ ਕੀਤੀ ਕਿ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ। ਕਾਂਸਟੇਬਲ ਮਾਈਕ ਡੇਲਾ-ਪੈਲਰ ਨੇ ਕਿਹਾ, "ਕਲੋਨਾ RCMP ਇਸ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੀ ਹੈ, ਅਤੇ ਉਹ ਸਹਿਰ 'ਚ ਇਸ ਤਰ੍ਹਾਂ ਦੇ ਅਪਰਾਧਾਂ ਨੂੰ ਲੈ ਕੇ ਚਿੰਤਤ ਹੈ।"

ਬ੍ਰਿਸਬੇਨ 'ਚ ਖਾਲਿਸਤਾਨ ਰੈਫ਼ਰੈਂਡਮ ਨਿਕਲਿਆ ਫ਼ਲੌਪ ਸ਼ੋਅ



ਬ੍ਰਿਸਬੇਨ: ਆਸਟ੍ਰੇਲੀਆ ਦੇ ਬ੍ਰਿਸਬੇਨ 'ਚ ਖ਼ਾਲਿਸਤਾਨ ਸਮਰਥਕਾਂ ਵਲੋਂ ਬੁਲਾਈ ਗਈ ਇੱਕ ਮੀਟਿੰਗ ਜਿਸ ਨੂੰ ਉਨ੍ਹਾਂ ਨੇ ਰੈਫ਼ਰੈਂਡਮ ਕਰਾਰ ਦਿੱਤਾ ਸੀ ਪੂਰੀ ਤਰ੍ਹਾਂ ਫ਼ਲੌਪ ਸਾਬਿਤ ਹੋਈ ਕਿਉਂਕਿ ਮੀਟਿੰਗ 'ਚ ਕੁਝ ਲੋਕ ਹੀ ਸ਼ਾਮਿਲ ਹੋਏ। ਆਸਟ੍ਰੇਲੀਆ ਟੂਡੇ ਦੇ ਸੰਸਥਾਪਕ ਅਤੇ ਮੁੱਖ ਸੰਪਾਦਕ ਜੀਤਾਰਥ ਜੈ ਭਾਰਦਵਾਜ, ਜੋ ਕਿ ਖ਼ੁਦ ਮੀਟਿੰਗ ਵਾਲੀ ਥਾਂ 'ਤੇ ਪਹੁੰਚੇ ਸਨ, ਨੇ ਕਿਹਾ ਕਿ ਮੈਂ ਇਸ ਨੂੰ ਸਿੱਖ ਰੈਫ਼ਰੈਂਡਮ ਨਹੀਂ ਕਹਿਣਾ ਚਾਹਾਂਗਾ, ਇਹ ਸਿਰਫ਼ ਖ਼ਾਲਿਸਤਾਨ ਰੈਫ਼ਰੈਂਡਮ ਸੀ ਅਤੇ ਇਹ ਸਿੱਖ ਕੌਮ ਦਾ ਸਮਰਥਨ ਪ੍ਰਾਪਤ ਕਰਨ 'ਚ ਬੁਰੀ ਤਰ੍ਹਾਂ ਅਸਫ਼ਲ ਰਿਹਾ।ਕੁਈਨਜ਼ਲੈਂਡ ਸੂਬੇ ਦੇ ਬ੍ਰਿਸਬੇਨ 'ਚ ਸਿੱਖ ਭਾਈਚਾਰੇ ਦੇ 15 ਤੋਂ 20 ਹਜ਼ਾਰ ਲੋਕ ਰਹਿੰਦੇ ਹਨ। ਭਾਰਦਵਾਜ ਨੇ ਦੱਸਿਆ ਕਿ ਵੋਟਿੰਗ ਲਈ ਹਰ ਘੰਟੇ 100 ਤੋਂ 150 ਲੋਕ ਹੀ ਆ ਰਹੇ ਸਨ ਜਿਸ ਕਾਰਨ ਉਨ੍ਹਾਂ ਨੂੰ 5 ਦੀ ਬਜਾਏ 4 ਵਜੇ ਆਪਣੀ ਪੋਲ ਇੱਕ ਘੰਟਾ ਪਹਿਲਾਂ ਹੀ ਬੰਦ ਕਰਨੀ ਪਈ ਕਿਉਂਕਿ ਜ਼ਿਆਦਾ ਲੋਕ ਵੋਟ ਪਾਉਣ ਨਹੀਂ ਆ ਰਹੇ ਸਨ। ਪ੍ਰਬੰਧਕ ਭੀੜ ਇਕੱਠੀ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਬੱਸਾਂ ਦਾ ਪ੍ਰਬੰਧ ਕਰਨ ਲਈ ਗੁਰਦੁਆਰਿਆਂ ਨੂੰ ਫ਼ੋਨ ਕਰ ਰਹੇ ਸਨ, ਸੈਂਕੜੇ ਫ਼ੋਨ ਨੰਬਰਾਂ 'ਤੇ ਫ਼ੋਨ ਕਰ ਕੇ ਆਪਣੇ ਪਰਿਵਾਰਾਂ ਨੂੰ ਲਿਆਉਣ ਲਈ ਕਹਿ ਰਹੇ ਸਨ, ਪਰ ਕਿਸੇ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ।

ਆਸਟ੍ਰੇਲੀਆ ਟੂਡੇ ਦੇ ਸੰਸਥਾਪਕ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਨਾਲ ਆਸਟ੍ਰੇਲੀਆ 'ਚ ਕਿਸੇ ਦਾ ਕੋਈ ਸਬੰਧ ਨਹੀਂ। ਜੇਕਰ ਦੋ ਲੱਖ ਤੋਂ ਵੱਧ ਆਸਟ੍ਰੇਲੀਅਨ ਸਿੱਖਾਂ ਦੀ ਗੱਲ ਕਰੀਏ ਤਾਂ ਸ਼ਾਇਦ ਹੀ ਇੱਕ ਫ਼ੀਸਦੀ ਨੂੰ ਹੀ ਪਤਾ ਹੋਵੇਗਾ ਕਿ ਅੰਮ੍ਰਿਤਪਾਲ ਕੌਣ ਹੈ? ਉਹ ਜੋ ਵੀ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ, ਜ਼ਮੀਨ 'ਤੇ ਉਸ ਦਾ ਕੋਈ ਮਤਲਬ ਨਹੀਂ। ਭਾਰਤੀ-ਆਸਟ੍ਰੇਲੀਅਨ ਭਾਈਚਾਰਾ ਇਸ ਬਾਰੇ ਬਿਲਕੁਲ ਵੀ ਚਿੰਤਤ ਨਹੀਂ।

ਭਗਵੰਤ ਮਾਨ ਦੇ ਹੱਥਾਂ 'ਚ ਪੰਜਾਬ ਸੁਰੱਖਿਅਤ - ਧਾਲੀਵਾਲ

ਚੰਡੀਗੜ- ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਆਖਿਆ ਹੈ ਕਿ ਪੰਜਾਬ ਦੀ ਅਮਨ ਸ਼ਾਂਤੀ ਨੂੰ ਕਿਸੇ ਕੀਮਤ 'ਤੇ ਭੰਗ ਨਹੀਂ ਹੋਣ ਦਿੱਤਾ ਜਾਵੇਗਾ। ਧਾਲੀਵਾਲ ਨੇ ਕਿਹਾ ਕਿ ਅੱਜ ਸਾਬਿਤ ਹੋ ਗਿਆ ਹੈ ਕਿ ਪੰਜਾਬ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੱਥਾਂ 'ਚ ਪੂਰੀ ਤਰ੍ਹਾਂ ਸੁਰੱਖਿਅਤ ਹੈ। ਧਾਲੀਵਾਲ ਨੇ ਕਿਹਾ ਕਿ ਅਜਨਾਲਾ ਵਾਲੀ ਘਟਨਾ ਤੋਂ ਲੈ ਕੇ ਹੁਣ ਤਕ ਜਿਸ ਢੰਗ, ਸੰਜਮ ਅਤੇ ਸਿਆਸੀ ਸੂਝ ਨਾਲ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਗੰਭੀਰ ਸਥਿਤੀ ਨੂੰ ਨਜਿੱਠਿਆ ਹੈ, ਇਸ ਲਈ ਪੂਰੀ ਪਾਰਟੀ ਮੁੱਖ ਮੰਤਰੀ ਨੂੰ ਵਧਾਈ ਦਿੰਦੀ ਹੈ। ਉਨ੍ਹਾਂ ਕਿਹਾ ਕਿ ਅਮਨ ਕਾਨੂੰਨ ਦੀ ਸਥਿਤੀ ਨੂੰ ਕਿਸੇ ਹਾਲਤ 'ਚ ਵਿਗੜਨ ਨਹੀਂ ਦਿੱਤਾ ਜਾਵੇਗਾ।

ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ। ਪਿਛਲੇ ਕਈ ਦਿਨਾਂ ਤੋਂ ਪੰਜਾਬ ਅਤੇ ਵਿਦੇਸ਼ 'ਚ ਜਿਹੜੇ ਲੋਕ ਸਾਡੇ 'ਤੇ ਸਵਾਲ ਚੁੱਕ ਰਹੇ ਸਨ, ਹਾਲਾਤ ਬਾਰੇ ਪੁੱਛ ਰਹੇ ਸਨ, ਅੱਜ ਉਹੀ ਲੋਕ ਸਾਨੂੰ ਫ਼ੋਨ ਕਰ ਕੇ ਵਧਾਈ ਦੇ ਰਹੇ ਹਨ ਅਤੇ ਪੰਜਾਬ ਸਰਕਾਰ ਦੀ ਸ਼ਲਾਘਾ ਕਰ ਰਹੇ ਹਨ। ਅੱਜ ਸਪੱਸ਼ਟ ਹੋ ਗਿਆ ਕਿ ਪੰਜਾਬ ਭਗਵੰਤ ਮਾਨ ਦੀ ਅਗਵਾਈ ਹੇਠ ਵਿਕਾਸ ਦੀਆਂ ਲੀਹਾਂ 'ਤੇ ਚੱਲ ਰਿਹਾ ਹੈ, ਅਤੇ ਜਿਹੜਾ ਵੀ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰੇਗਾ, ਉਸ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਧਾਲੀਵਾਲ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਬੰਦੂਕਾਂ ਦੀ ਨਹੀਂ ਸਗੋਂ ਲੈਪਟੌਪ ਦੀ ਲੋੜ ਹੈ ਜਿਸ ਸਦਕਾ ਪੰਜਾਬ ਵਿਕਾਸ ਦੇ ਰਾਹ 'ਤੇ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਕੁਝ ਦਿਨ ਤੋਂ ਜਿਸ ਤਰ੍ਹਾਂ ਸਥਿਤੀ ਨੂੰ ਕੰਟਰੋਲ ਕੀਤਾ ਗਿਆ ਹੈ, ਉਹ ਅੱਜ ਤਕ ਨਹੀਂ ਹੋਇਆ। ਇਸ ਤੋਂ ਪਹਿਲਾਂ ਕਈ ਲੀਡਰਾਂ ਨੇ ਪੰਜਾਬ ਨੂੰ ਅੱਗ 'ਚ ਝੋਂ, ਕਿਆ ਪਰ ਪੰਜਾਬ ਦੀ ਪੁਲੀਸ ਨੇ ਭਗਵੰਤ ਮਾਨ ਦੀ ਅਗਵਾਈ ਹੇਠ ਸ਼ਲਾਘਾਯੋਗ ਕੰਮ ਕੀਤਾ ਹੈ ਲਿਹਾਜ਼ਾ ਉਹ ਉਨ੍ਹਾਂ ਪੁਲੀਸ ਮੁਲਾਜ਼ਮਾਂ ਨੂੰ ਸਲਾਮ ਕਰਦੇ ਹਨ ਜਿਨ੍ਹਾਂ ਨੇ ਇਸ ਗੰਭੀਰ ਮਾਮਲੇ 'ਤੇ ਸੂਝਬੂਝ ਨਾਲ ਕੰਮ ਲਿਆ।

ਭਗੌੜੇ ਨੀਰਵ ਮੋਦੀ ਦਾ ਬੈਂਕ ਐਕਾਊਂਟ ਖਾਲੀ, ਬੈਲੇਂਸ ਜ਼ਬਤ,

ਲੰਡਨ -ਭਗੌੜਾ ਹੀਰਾ ਕਾਰੋਬਾਰੀ ਨੀਰਵ ਮੋਦੀ ਇਸ ਵੇਲੇ ਆਪਣੇ ਸਭ ਤੋਂ ਮਾੜੇ ਆਰਥਿਕ ਦੌਰ ਤੋਂ ਲੰਘ ਰਿਹਾ ਹੈ। ਕਦੇ ਇੱਕ ਨਾਮੀਂ ਅਰਬਪਤੀ ਹੁਣ ਪੂਰੀ ਤਰ੍ਹਾਂ ਤੋਂ ਦੀਵਾਲੀਆ ਹੋ ਗਿਆ ਹੈ। ਨੀਰਵ ਮੋਦੀ ਦੀ ਮਾੜੀ ਹਾਲਤ ਸਾਲ 2019 'ਚ ਲੰਦਨ ਪੁਲੀਸ ਵਲੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਸ਼ੁਰੂ ਹੋਈ। ਨੀਰਵ ਪੰਜਾਬ ਨੈਸ਼ਨਲ ਬੈਂਕ ਨਾਲ ਜੁੜੇ ਹਜ਼ਾਰਾਂ ਕਰੋੜ ਰੁਪਏ ਦੀਆਂ ਵੱਡੀਆਂ ਮਾਲੀ ਬੇਨਿਯਮਿਤਾਵਾਂ ਦਾ ਮੁੱਖ ਦੋਸ਼ੀ ਹੈ।

ਰਿਪੋਰਟ ਮੁਤਾਬਿਕ ਮੋਦੀ ਦੀ ਫ਼ਾਇਰਸਟਾਰ ਡਾਇਮੰਡ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਦੇ ਕੋਲ 236 ਰੁਪਏ ਦਾ ਬੈਂਕ ਬੈਲੇਂਸ ਬਚਿਆ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਨੀਰਵ ਮੋਦੀ ਦੀ ਫ਼ਰਮ ਦੇ ਇੱਕ ਬੈਂਕ ਖਾਤੇ 'ਚ ਸਿਰਫ਼ 236 ਰੁਪਏ ਬਚੇ ਹਨ। ਕੋਟਕ ਮਹਿੰਦਰਾ ਬੈਂਕ ਨੇ ਇਨਕਮ ਟੈਕਸ ਬਕਾਇਆ ਲਈ SBI ਨੂੰ 2.46 ਕਰੋੜ ਰੁਪਏ ਟਰਾਂਸਫ਼ਰ ਕੀਤੇ ਹਨ।

ਦੂਜੇ ਪਾਸੇ ਕੰਪਨੀ ਲਈ ਨਿਯੁਕਤ ਲਿਕਵਿਡੇਟਰ ਨੇ ਵਿਸ਼ੇਸ਼ ਅਦਾਲਤ 'ਚ ਪੈਸੇ ਜਾਰੀ ਕਰਨ ਦੀ ਮੰਗ ਕੀਤੀ। 2021 'ਚ ਅਦਾਲਤ ਨੇ ਹਦਾਇਤਾਂ ਦਿੱਤੀਆਂ ਸਨ ਕਿ ਭਗੌੜਾ ਆਰਥਿਕ ਅਪਰਾਧੀ ਐਕਟ ਦੇ ਤਹਿਤ FDIP* ਸਬੰਧੀ ਨਿਯੁਕਤ ਲਿਕੁਈਡੇਟਰ ਰਾਹੀਂ ਦਾਅਵੇਦਾਰ ਪੰਜਾਬ ਨੈਸ਼ਨਲ ਬੈਂਕ ਨੂੰ ਰਕਮ ਜਾਰੀ ਕੀਤੀ ਜਾਵੇ।

ਕੋਰਟ ਨੇ ਕਿਹਾ ਕਿ ਦੋਵੇਂ ਬੈਂਕਾਂ ਨੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ। ਲਿਕੁਈਡੇਟਰ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੇ ਯੂਨੀਅਨ ਔਫ਼ ਬੈਂਕ ਔਫ਼ ਇੰਡੀਆ ਨੂੰ ਕੰਪਨੀ ਦੇ ਖਾਤੇ 'ਚ ਪਈ ਰਕਮ ਨੂੰ ਟਰਾਂਸਫ਼ਰ ਕਰਨ ਲਈ ਸੂਚਿਤ ਕੀਤਾ ਸੀ। ਦੋਸ਼ ਹੈ ਕਿ ਬੈਂਕ ਨੇ ਈ-ਮੇਲ ਦਾ ਜਵਾਬ ਨਹੀਂ ਦਿੱਤਾ। ਬੈਂਕ ਨੇ ਸਿਰਫ਼ 17 ਕਰੋੜ ਰੁਪਏ ਟਰਾਂਸਫ਼ਰ ਕੀਤੇ, ਪੂਰਾ ਬੈਲੇਂਸ ਨਹੀਂ। ਦੂਜੇ ਪਾਸੇ ਲਿਕੁਈਡੇਟਰ ਦੀ ਪਟੀਸ਼ਨ ਦੇ ਜਵਾਬ ਵਿੱਚ, ਵਿਸ਼ੇਸ਼ ਅਦਾਲਤ ਨੇ ਤੇ ਬੈਂਕ ਨੂੰ ਤਿੰਨ ਮਹੀਨੇ ਦੇ ਅੰਦਰ ਆਪਣੇ ਪਹਿਲਾਂ ਦੇ ਹੁਕਮ ਦੀ ਪਾਲਣਾ ਕਰਨ ਤੇ ਲਿਕੁਈਡੇਟਰ ਦੇ ਖਾਤੇ 'ਚ ਪੈਸਾ ਟਰਾਂਸਫ਼ਰ ਕਰਨ ਦਾ ਹੁਕਮ ਦਿੱਤਾ।

ਜ਼ਿਕਰਯੋਗ ਹੈ ਕਿ ਪਿਛਲੇ ਹਫ਼ਤੇ ਇੱਕ ਰਿਪੋਰਟ ਆਈ ਜਿਸ 'ਚ ਨੀਰਵ ਮੋਦੀ ਨੇ ਦਾਅਵਾ ਕੀਤਾ ਕਿ ਉਸ ਦੇ ਕੋਲ ਕੋਈ ਪੈਸਾ ਨਹੀਂ ਹੈ ਅਤੇ ਉਹ ਅਦਾਲਤ ਵਲੋਂ ਦਿੱਤੇ ਹੁਕਮ ਦੀ ਕਾਨੂੰਨੀ ਲਾਗਤ ਦਾ ਭੁਗਤਾਨ ਕਰਨ ਲਈ 150,000 ਪਾਊਂਡ ਤੋਂ ਵੱਧ ਦੀ ਰਕਮ ਉਧਾਰ ਲੈਣ ਦਾ ਸਹਾਰਾ ਲੈ ਰਿਹਾ ਹੈ। ਮੋਦੀ ਦੀ ਫ਼ਰਮ ਦੇ ਬੈਂਕ ਖਾਤਿਆਂ ਵਿੱਚੋਂ ਸਿਰਫ਼ 236 ਰੁਪਏ ਬਾਕੀ ਹੈ।

ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com +1 (201) 312-4180

PRITPAL KAUR
Editor-In-Chief
+1 201-312-4180
+1 917-328-8436

ADVISORY BOARD

ਜੋਗਾ ਸਿੰਘ

****

ਜਸਵਿੰਦਰ ਸਿੰਘ ਨਿਊਜਰਸੀ

****

ਗੁਰਮੀਤ ਸਿੰਘ ਧਲਵਾਨ ਸ਼ਿਕਾਗੋ

****

ਜੀ. ਐਸ ਸਿੰਘ ਪੰਜਾਬ

****

ਸੁਜਾਨ ਨਾਗ, ਯੂ.ਐਸ.ਏ.

****

ਸਰਬਜੀਤ ਕੌਰ ਪੰਜਾਬ

****

ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,

****

ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822

****

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

Preetnamausa@gmail.com
www.preetnama.com

ਕੀ ਆਈਸੀਸੀ ਕਦੇ ਪੁਤਿਨ ਨੂੰ ਗ੍ਰਿਫਤਾਰ ਕਰ ਪਾਏਗੀ?

ਸੁਰਜੀਤ ਸਿੰਘ ਫਲੋਰਾ

ਇੰਟਰਨੈਸ਼ਨਲ ਕ੍ਰਿਮੀਨਲ ਕੋਰਟ ਨੇ ਯੂਕਰੇਨ ਯੁੱਧ ਨੂੰ ਲੈ ਕੇ ਵਲਾਦੀਮੀਰ ਪੁਤਿਨ ਲਈ ਗ੍ਰਿਫਤਾਰੀ ਵਾਰੰਟ ਜਾਰੀ ਕਰਨ ਦਾ ਵੱਡਾ ਕਦਮ ਚੁੱਕਿਆ ਹੈ।

ਪਰ ਕੀ ਇਸਦਾ ਮਤਲਬ ਇਹ ਹੈ ਕਿ ਰੂਸੀ ਰਾਸ਼ਟਰਪਤੀ, ਬੱਚਿਆਂ ਨੂੰ ਦੇਸ਼ ਨਿਕਾਲਾ ਦੇਣ ਦੇ ਯੁੱਧ ਅਪਰਾਧ ਦੇ ਦੋਸ਼ੀ, ਦੇ ਹੇਗ ਵਿੱਚ ਮੁਕੱਦਮੇ ਦਾ ਸਾਹਮਣਾ ਕਰਨ ਦੀ ਸੰਭਾਵਨਾ ਹੈ ?

ਆਈਸੀਸੀ ਦੇ ਮੈਂਬਰ ਦੇਸ਼ ਪੁਤਿਨ ਅਤੇ ਬੱਚਿਆਂ ਦੇ ਅਧਿਕਾਰਾਂ ਲਈ ਰੂਸ ਦੀ ਰਾਸ਼ਟਰਪਤੀ ਕਮਿਸ਼ਨਰ ਮਾਰੀਆ ਲਵੋਵਾ-ਬੇਲੋਵਾ 'ਤੇ ਗ੍ਰਿਫਤਾਰੀ ਵਾਰੰਟ ਲਾਗੂ ਕਰਨ ਲਈ ਪਾਬੰਦ ਹਨ, ਜੇਕਰ ਉਹ ਆਪਣੇ ਦੇਸ਼ਾਂ ਦੀ ਯਾਤਰਾ ਕਰਦੇ ਹਨ।

"ਇਹ ਸਹੀ ਹੈ," ਆਈਸੀਸੀ ਦੇ ਵਕੀਲ ਕਰੀਮ ਖਾਨ ਨੇ ਏਐਫਪੀ ਨੂੰ ਇਹ ਪੁੱਛੇ ਜਾਣ 'ਤੇ ਦੱਸਿਆ ਕਿ ਕੀ ਪੁਤਿਨ ਉਨ੍ਹਾਂ 123 ਦੇਸ਼ਾਂ ਵਿੱਚੋਂ ਕਿਸੇ ਵਿੱਚ ਵੀ ਪੈਰ ਰੱਖਦਾ ਹੈ ਤਾਂ ਉਹ ਗ੍ਰਿਫਤਾਰੀ ਲਈ ਜ਼ਿੰਮੇਵਾਰ ਹੋਵੇਗਾ। ਇਹ ਪੁਤਿਨ ਦੀਆਂ ਕਈ ਦੇਸਾਂ ਦੀਆਂ ਯਾਤਰਾਵਾਂ ਨੂੰ ਮੁਸ਼ਕਲ ਬਣਾ ਸਕਦਾ ਹੈ, ਇਹ ਵੀ ਸੱਚ ਹੈ ਕਿ ਅਦਾਲਤ ਕੋਲ ਆਪਣੇ ਵਾਰੰਟਾਂ ਨੂੰ ਲਾਗੂ ਕਰਨ ਲਈ ਕੋਈ ਪੁਲਿਸ ਬਲ ਨਹੀਂ ਹੈ, ਅਤੇ ਪੂਰੀ ਤਰ੍ਹਾਂ ਆਈਸੀਸੀ ਰਾਜਾਂ 'ਤੇ ਨਿਰਭਰ ਕਰਦਾ ਹੈ ਜੋ ਗੇਂਦ ਖੇਡ ਰਹੇ ਹਨ। ਦੇਸ਼ਾਂ ਨੇ ਹਮੇਸ਼ਾ ਅਜਿਹਾ ਨਹੀਂ ਕੀਤਾ - ਖਾਸ ਤੌਰ 'ਤੇ ਜਦੋਂ ਇਸ ਵਿੱਚ ਪੁਤਿਨ ਵਰਗਾ ਰਾਜ ਦਾ ਮੁਖੀ ਸ਼ਾਮਲ ਹੁੰਦਾ ਹੈ।

ਸੂਡਾਨ ਦੇ ਸਾਬਕਾ ਨੇਤਾ ਉਮਰ ਅਲ-ਬਸ਼ੀਰ ਆਈਸੀਸੀ ਵਾਰੰਟ ਦੇ ਅਧੀਨ ਹੋਣ ਦੇ ਬਾਵਜੂਦ ਦੱਖਣੀ ਅਫਰੀਕਾ ਅਤੇ ਜਾਰਡਨ ਸਮੇਤ ਕਈ ਆਈਸੀਸੀ ਮੈਂਬਰ ਦੇਸ਼ਾਂ ਦਾ ਦੌਰਾ ਕਰਨ ਵਿੱਚ ਕਾਮਯਾਬ ਰਹੇ।

2019 ਵਿੱਚ ਬੇਦਖਲ ਕੀਤੇ ਜਾਣ ਦੇ ਬਾਵਜੂਦ, ਸੁਡਾਨ ਨੇ ਅਜੇ ਤੱਕ ਉਸਨੂੰ ਆਈਸੀਸੀ ਨੂੰ ਨਹੀਂ ਸੌਂਪਿਆ।

ਕੋਲੰਬੀਆ ਲਾਅ ਸਕੂਲ ਦੇ ਪ੍ਰੋਫੈਸਰ ਮੈਥਿਊ ਵੈਕਸਮੈਨ ਨੇ ਕਿਹਾ ਕਿ ਇਹ ਆਈਸੀਸੀ ਦਾ ਬਹੁਤ ਮਹੱਤਵਪੂਰਨ ਕਦਮ ਹੈ ਪਰ ਸੰਭਾਵਨਾ ਬਹੁਤ ਘੱਟ ਹੈ ਕਿ ਅਸੀਂ ਕਦੇ ਪੁਤਿਨ ਨੂੰ ਗ੍ਰਿਫਤਾਰ ਕਰ ਪਾਵਾਂਗੇ।

ਮੁੱਖ ਰੁਕਾਵਟਾਂ ਕੀ ਹਨ ?

ਸਭ ਤੋਂ ਪਹਿਲਾਂ ਅਤੇ ਪ੍ਰਮੁੱਖ: ਰੂਸ, ਸੰਯੁਕਤ ਰਾਜ ਅਤੇ ਚੀਨ ਵਾਂਗ, ਆਈਸੀਸੀ ਦਾ ਮੈਂਬਰ ਨਹੀਂ ਹੈ। ਆਈਸੀਸੀ ਪੁਤਿਨ ਵਿਰੁੱਧ ਦੋਸ਼ ਦਾਇਰ ਕਰਨ ਦੇ ਯੋਗ ਸੀ ਕਿਉਂਕਿ ਯੂਕਰੇਨ ਨੇ ਮੌਜੂਦਾ ਸਥਿਤੀ 'ਤੇ ਆਪਣੇ ਅਧਿਕਾਰ ਖੇਤਰ ਨੂੰ ਸਵੀਕਾਰ ਕਰ ਲਿਆ ਹੈ, ਹਾਲਾਂਕਿ ਕੀਵ ਵੀ ਇਸ ਦਾ ਮੈਂਬਰ ਨਹੀਂ ਹੈ।

ਪਰ ਮਾਸਕੋ ਨੇ ਪੁਤਿਨ ਦੇ ਖਿਲਾਫ ਵਾਰੰਟ ਨੂੰ ਹੱਥੋਂ ਖਾਰਜ ਕਰ ਦਿੱਤਾ ਹੈ। ਰੂਸ ਕਿਸੇ ਵੀ ਹਾਲਤ ਵਿੱਚ ਆਪਣੇ ਨਾਗਰਿਕਾਂ ਦੀ ਹਵਾਲਗੀ ਨਹੀਂ ਕਰਦਾ।

ਕ੍ਰੇਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਕਿਹਾ ਕਿ ਰੂਸ "ਇਸ ਅਦਾਲਤ ਦੇ ਅਧਿਕਾਰ ਖੇਤਰ ਨੂੰ ਮਾਨਤਾ ਨਹੀਂ ਦਿੰਦਾ ਹੈ ਅਤੇ ਇਸ ਲਈ ਕਾਨੂੰਨੀ ਦ੍ਰਿਸ਼ਟੀਕੋਣ ਤੋਂ, ਇਸ ਅਦਾਲਤ ਦੇ ਫੈਸਲੇ ਬੇਕਾਰ ਹਨ।

ਰੂਸ ਨੇ ਅਸਲ ਵਿੱਚ ਅਦਾਲਤ ਦੇ ਸੰਸਥਾਪਕ ਰੋਮ ਕਾਨੂੰਨ 'ਤੇ ਹਸਤਾਖਰ ਕੀਤੇ ਪਰ ਮੈਂਬਰ ਬਣਨ ਲਈ ਇਸ ਦੀ ਪੁਸ਼ਟੀ ਨਹੀਂ ਕੀਤੀ, ਅਤੇ ਫਿਰ 2016 ਵਿੱਚ ਪੁਤਿਨ ਦੇ ਆਦੇਸ਼ਾਂ 'ਤੇ ਆਪਣੇ ਦਸਤਖਤ ਵਾਪਸ ਲੈ ਲਏ, ਜਦੋਂ ਆਈਸੀਸੀ ਦੁਆਰਾ ਜਾਰਜੀਆ ਵਿੱਚ 2008 ਦੇ ਯੁੱਧ ਦੀ ਜਾਂਚ ਸ਼ੁਰੂ ਕੀਤੀ ਗਈ।

By all accounts the RBI will not be able to meet the projected inflation rate of 5.7 per cent for this fiscal. This will be possible only if inflation crashes by over 230 points in the last month of the financial year. This will call for the RBI to explain why it failed in the inflation management as mandated by Parliament. We already know that couple of the members of the MPC had opposed the Repo Rate hike in the last meeting. Therefore, it will be desired that the RBI embraces a course correction in the light of the fresh developments globally.

Pausing the rate hike trend will be most desired by the stakeholders. Cut in the rate hikes will, however, be the demand of the prevailing situations. Also, the fact that India had not resorted to printing of currencies to deal with the situations arising out of the Covid-19 pandemic may be factored in since the market is not flush with cash that requires to be sucked out.

Life Insurance under the new I-T schemeCat

S Kalyanasundaram

What to do with the insurance policies already taken, is the big question

The Union Budget presented for the next fiscal year has provided the necessary incentive for taxpayers to switch to a new income tax scheme. Individual taxpayers are free to choose the old scheme or the updated scheme as per his/her convenience. Under the old scheme, tax payers were claiming deductions based on different savings, expenses and loan repayments as per provisions of the IT Act. The revised scheme does not allow any such deductions and immediately provides a higher exemption limit. Therefore, individuals opting for the new scheme need not continue with their savings.

The situation provides an opportunity for individuals to continue or discontinue endowment policies (and also similar life cover instruments like Money back policies, ULIP etc.). Though ideally term insurance will be the best option for life coverage, many have contracted for endowment policies on the perception that it is also a saving instrument. If they have taken the insurance only as a saving measure, they now have the option to discontinue it. The following options are available when choosing a new tax scheme for endowment policies (and similar policies).

Surrender the policy

It is possible to surrender the insurance policy to the issuer. This means no more premium is payable on this and the life cover will also lapse. The insurance company will return what is called the surrender value. Surrender value is the amount the policyholder will get from the life insurance company if he decides to exit the policy before maturity. Surrender value varies from policy to policy and it is printed on the policy itself.

Do not surrender but stop paying premium

This would not be the only option available. One need not surrender the policy but simply stop paying further premiums. When one continues with the policy without paying any further premium, the policy will have what is called “Paid up Value”. In other words, the paid up value is the value payable at maturity of the discontinued policy (of premium payment).

Generally, a life insurance policy with an investment value earns some paid up value after at least 3 years in force (5 years for ULIPs). This means that policies like money-back endowment will have paid-up value after 3 years and ULIP will have market value after 5 years. To calculate the paid up value, multiply the number of premiums paid by the sum assured by the total number of premiums. This method will offer continuing life coverage at a reduced amount (paid up value) and maturing.

Allow it to lapse

By not paying premiums further, one can allow the policy to lapse if it has no surrender value. The premium paid will be a loss. But cash outflows for many more years in the future will be a big saving.

Taxation

The surrender value of a life policy is allowed as a tax-free benefit only if it fulfils some conditions with regard to the number of years premium paid. But as the surrender value eligibility matches this, the surrender value will be tax free. (Only if the policy was issued between 1st April 2003 and 31st March 2012, there are additional conditions). There is no change in the deductions allowed in earlier years on account of premium payment. For paid up value, the amount received on maturity will be tax free.

Takeaway- The revised income tax regime allows the discontinuation of insurance policies taken with intent to save. This should not be confused with the necessity of life insurance. One may need life insurance protection, and it may be appropriate to have term insurance for the amount of coverage required. The decision of surrendering, continuing the policy without further premiums, or letting it lapse depends on the individual's determination of opportunity cost.

Elusive fugitive

Politics, Niccolo Machiavelli said, has no relation to morals. Often, it also has no relation to facts, commonsense, and decency. Nothing else explains Delhi Chief Minister Arvind Kejriwal’s praise for his Punjab counterpart and party colleague Bhagwant Mann for the latter’s handling of the situation arising out of Khalistani leader Amritpal Singh’s inflammatory remarks and violent activities. Amritpal has the temerity to take on the entire official machinery of Punjab. The Central Government believes that Amritpal is a Pakistani agent. He openly supports Khalistan, makes anti-national statements, and disregards the Indian Constitution; his followers, protesting against the arrest of one of Amritpal’s supporters, attack a police station, leaving many cops injured. The result? The cops meekly endure the assaults; and his follower is released the next day. When an attempt is made to arrest Amritpal, he dodges the police. Even after a number of days, in which many of his supporters were arrested and many arms recovered from them, police are unable to find him. And yet, Kejriwal has the cheek to say, “I want to congratulate Punjab CM Bhagwant Mann for maintaining the law and order situation in a patient and mature way.” Congratulate for what? Letting a non-entity emerge as a great rebel? Restraining the police to act against an anti-national character so that he grows bigger, becomes Bhindranwale 2.0? Letting violent Khalistanis attack a police station — and getting away with it? Party camaraderie and partisanship are important but more important is national interest.

Instead of lauding his party leader and Punjab CM, Kejriwal should pay heed to what the Punjab and Haryana High Court said on Tuesday. Blasting the Punjab police for their inability to arrest Amritpal who heads an outfit called Waris Punjab De, the court said, “You have 80,000 cops. What were they doing? How did Amritpal Singh escape?” The Punjab Police informed the high court that, in a major crackdown against Amritpal Singh and his outfit, they arrested 120 of his supporters, but that didn’t impress the court. And rightly so. He should have been under watch — very strict watch. After all, he not only promotes secession but also assassination. Former Punjab CM Beant Singh was blown up by Dilawar Singh, who acted as a human bomb. Amritpal Singh says that many Dilawars are ready in Punjab. But the Mann Government did not do that. Bharatiya Janata Party national executive member Sunil Jakhar correctly said, “The operation that could have been carried out without any force and show-off is now today being done in front of the whole country.” It looks like the Aam Aadmi Party, which rules Punjab, is weighing political gains and losses before doing anything against Amritpal Singh. AAP leaders became successful by making all manner of statements and distributing freebies. But you need more than fiscal profligacy to tackle separatism.

ਬਾਲ ਸੰਸਾਰ

ਬੜਾ ਹੀ ਅਦਭੁਤ ਨਜ਼ਾਰਾ ਹੁੰਦਾ ਹੈ-ਪੂਰਨ ਸੂਰਜ ਗ੍ਰਹਿਣ ਸਮੇਂ

ਕਾਫ਼ੀ ਸਮੇਂ ਤੋਂ ਹੀ ਮਨੁੱਖ ਤੇ ਵਿਗਿਆਨੀ ਪੁਲਾੜੀ ਘਟਨਾਵਾਂ ਨੂੰ ਦੇਖਣ ਲਈ ਉਸ ਤਰੀਖ ਦੀ ਬੇਸਬਰੀ ਨਾਲ ਉਡੀਕ ਕਰਦੇ ਆ ਰਹੇ ਹਨ। ਇਨ੍ਹਾਂ ਪੁਲਾੜੀ ਘਟਨਾਵਾਂ ਨੂੰ ਬੱਚੇ ਵੀ ਬੜੇ ਚਾਅ ਨਾਲ ਦੇਖਦੇ ਹਨ। ਇਸ ਸਾਲ 20 ਅਪ੍ਰੈਲ ਤੇ 14 ਅਕਤੂਬਰ ਨੂੰ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੇ ਲੋਕ ਇਸ ਅਦਭੁਤ ਨਜ਼ਾਰੇ ਨੂੰ ਦੇਖ ਸਕਣਗੇ।

ਸੂਰਜ ਸਾਡੀ ਧਰਤੀ ਦਾ ਸਭ ਤੋਂ ਨੇੜਲਾ ਤਾਰਾ ਹੈ ਜੋ ਸਾਨੂੰ ਪ੍ਰਕਾਸ਼ ਦਿੰਦਾ ਹੈ। ਸਾਡੀ ਧਰਤੀ ਦਾ ਸੂਰਜ ਦੁਆਲੇ ਰਸਤਾ ਅੰਡਾਕਾਰ ਹੈ। 365.24 ਦਿਨਾਂ ਵਿਚ ਧਰਤੀ ਸੂਰਜ ਦੁਆਲੇ ਇਕ ਚੱਕਰ ਪੂਰਾ ਕਰਦੀ ਹੈ। ਸੂਰਜ ਗ੍ਰਹਿਣ ਸਮੇਂ ਧਰਤੀ ਦੇ ਉਪਗ੍ਰਹਿ ਚੰਦਰਮਾ ਦਾ ਵੀ ਬੜਾ ਅਹਿਮ ਰੋਲ ਹੁੰਦਾ ਹੈ। ਚੰਨ ਦੀ ਧਰਤੀ ਤੋਂ ਦੂਰੀ ਤਿੰਨ ਲੱਖ ਚੁਰਾਸੀ ਹਜ਼ਾਰ ਕਿਲੋਮੀਟਰ ਹੈ ਤੇ ਸੂਰਜ ਧਰਤੀ ਤੋਂ 15 ਕਰੋੜ ਕਿਲੋਮੀਟਰ ਦੂਰ ਹੈ। ਇਹ ਤਿੰਨੇ ਘੁੰਮਦੇ ਘੁੰਮਦੇ ਕਦੇ-ਕਦੇ ਇਕ ਸੇਧ ਵਿਚ ਆ ਜਾਂਦੇ ਹਨ। ਜਦੋਂ ਚੰਨ ਧਰਤੀ 'ਤੇ ਸੂਰਜ ਦੇ ਵਿਚਕਾਰ ਆ ਜਾਂਦਾ ਹੈ ਉਦੋਂ ਚੰਨ ਦਾ ਪਰਛਾਵਾਂ ਧਰਤੀ 'ਤੇ ਪੈਂਦਾ ਹੈ ਤੇ ਧਰਤੀ 'ਤੇ ਦਿਨ ਵੇਲੇ ਹੀ ਹਨੇਰਾ ਹੋ ਜਾਂਦਾ ਹੈ। ਚੰਦਰਮਾ ਸੂਰਜ ਨੂੰ ਕਈ ਵਾਰ ਜਦੋਂ ਪੂਰਾ ਢਕ ਲੈਂਦਾ ਹੈ ਤਾਂ ਇਸ ਨੂੰ ਪੂਰਨ ਸੂਰਜ

ਗ੍ਰਹਿਣ ਕਹਿੰਦੇ ਹਨ ਪਰ ਕਈ ਵਾਰ ਚੰਦਰਮਾ ਸੂਰਜ ਨੂੰ ਪੂਰੀ ਤਰ੍ਹਾਂ ਨਹੀਂ ਢਕਦਾ ਜਿਸ ਕਰਕੇ ਅਸੀਂ ਇਸ ਨੂੰ ਚੱਕਰਾਕਾਰ ਸੂਰਜ ਗ੍ਰਹਿਣ ਕਹਿ ਦਿੰਦੇ ਹਾਂ। ਇਸ ਸਮੇਂ ਸੂਰਜ ਪੂਰਾ ਢਕਿਆ ਨਹੀਂ ਜਾਂਦਾ ਤੇ ਧਰਤੀ ਤੋਂ ਇਸ ਨਜ਼ਾਰੇ ਨੂੰ ਦੇਖਣ ਵਾਲੇ ਲੋਕਾਂ ਨੂੰ ਸੂਰਜ ਦੁਆਲੇ ਇਕ ਗੋਲ ਚਮਕਦਾਰ 'ਰਿੰਗ ਆਫ ਫਾਇਰ' ਦਿਖਾਈ ਦਿੰਦਾ ਹੈ।

ਸੰਸਾਰ ਵਿਚ ਕਈ ਲੋਕ ਅਜੇ ਵੀ ਸੂਰਜ ਗ੍ਰਹਿਣ ਲੱਗਣ ਨੂੰ ਸੰਸਾਰ ਦਾ ਅੰਤ ਜਾਂ ਧਰਤੀ 'ਤੇ ਆਉਣ ਵਾਲੀ ਕੋਈ ਭਿਆਨਕ ਆਫਤ ਮੰਨਦੇ ਹਨ। ਕਈ ਲੋਕ ਤਾਂ ਸੂਰਜ ਗ੍ਰਹਿਣ ਨੂੰ ਅੰਧ-ਵਿਸ਼ਵਾਸ ਨਾਲ ਜੋੜ ਕੇ ਆਮ ਲੋਕਾਂ ਨੂੰ ਠੱਗ ਵੀ ਲੈਂਦੇ ਹਨ। ਇਸ ਕਰਕੇ ਸਾਨੂੰ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਬਚਣਾ ਚਾਹੀਦਾ ਹੈ। ਸੂਰਜ ਗ੍ਰਹਿਣ ਦਾ ਨਜ਼ਾਰਾ ਸਾਨੂੰ ਕਦੇ ਵੀ ਨੰਗੀ ਅੱਖ ਨਾਲ ਨਹੀਂ ਵੇਖਣਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਸਾਡੀਆਂ ਅੱਖਾਂ ਦੀ ਰੌਸ਼ਨੀ ਸਦਾ ਲਈ ਜਾ ਸਕਦੀ ਹੈ। ਇਸ ਪੁਲਾੜੀ ਨਜ਼ਾਰੇ ਨੂੰ ਸੁਰੱਖਿਅਤ ਢੰਗ ਨਾਲ ਦੂਰਬੀਨ, ਟੈਲੀਸਕੋਪ ਜਾਂ ਕਿਸੇ ਵੈਲਡਿੰਗ ਗਿਲਾਸ ਜਾਂ ਸੋਲਰ ਫਿਲਟਰ ਦੀ ਮਦਦ ਨਾਲ ਦੇਖਣਾ ਚਾਹੀਦਾ ਹੈ ਪਰ 30 ਸਕਿੰਟਾਂ ਤੋਂ ਵੱਧ ਕਦੇ ਨਹੀਂ। ਜੇ ਮੌਸਮ ਸਾਫ਼ ਹੋਵੇ ਤਾਂ ਪੂਰਨ ਸੂਰਜ ਗ੍ਰਹਿਣ ਦੇਖਣ ਦਾ ਨਜ਼ਾਰਾ ਕੁਝ ਵੱਖਰਾ ਹੀ ਹੁੰਦਾ ਹੈ। ਜਿਉਂ ਜਿਉਂ ਥੋੜ੍ਹਾ ਜਿਹਾ ਹਨੇਰਾ ਹੋਣਾ ਸ਼ੁਰੂ ਹੁੰਦਾ ਹੈ, ਉਸ ਸਮੇਂ ਪੰਛੀ ਵੀ ਇਕ ਵਾਰ ਰਾਤ ਹੋਣ ਦਾ ਭੁਲੇਖਾ ਖਾ ਜਾਂਦੇ ਹਨ।

ਸ਼ਮਸ਼ੇਰ ਸਿੰਘ ਸੋਹੀ

ਸਾਡਾ ਤਿਰੰਗਾ ਝੰਡਾ

ਜਸਪ੍ਰੀਤ ਕੌਰ ਰੂਪਨਗਰ (ਪੰਜਾਬ)
ਗਾਈਡ ਅਧਿਆਪਕ ਸਟੇਟ
ਐਵਾਰਡੀ ਮਾਸਟਰ ਸੰਜੀਵ ਧਰਮਾਣੀ

ਸਾਡੇ ਦੇਸ਼ ਦੇ ਝੰਡੇ ਦਾ ਨਾਂ ਤਿਰੰਗਾ ਹੈ। ਇਸ ਵਿੱਚ ਤਿੰਨ ਰੰਗ ਹੁੰਦੇ ਹਨ। ਪਹਿਲਾ ਰੰਗ ਕੇਸਰੀ ਹੁੰਦਾ ਹੈ । ਝੰਡੇ ਦਾ ਦੂਸਰਾ ਰੰਗ ਸਫੈਦ ਰੰਗ ਹੁੰਦਾ ਹੈ । ਝੰਡੇ ਦਾ ਤੀਸਰਾ ਰੰਗ ਹਰਾ ਹੁੰਦਾ ਹੈ । ਵਿਚਕਾਰਲੀ ਪੱਟੀ ਵਿੱਚ ਅਸ਼ੋਕ ਚੱਕਰ ਹੁੰਦਾ ਹੈ । ਉਸ ਵਿੱਚ 24 ਲਾਇਨਾਂ ਹੁੰਦੀਆਂ ਹਨ। ਇਨ੍ਹਾਂ ਤੋਂ ਭਾਵ ਹੈ ਕਿ ਸਾਨੂੰ 24 ਘੰਟੇ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ। ਸਾਡੇ ਦੇਸ਼ ਭਾਰਤ ਦੇ ਮਹਾਨ ਫੌਜੀ ਵੀਰ ਜਵਾਨ , ਪੁਲਿਸ ਤੇ ਸਾਰੇ ਨਾਗਰਿਕ ਸਾਡੇ ਤਿਰੰਗੇ ਦੀ ਰੱਖਿਆ ਕਰਦੇ ਹਨ। ਸਾਰੀ ਦੁਨੀਆ ਸਾਡੇ ਤਿਰੰਗੇ ਝੰਡੇ ਦੀ ਇੱਜਤ ਕਰਦੀ ਹੈ। ਸਾਨੂੰ ਸਾਰਿਆਂ ਨੂੰ ਤਿਰੰਗੇ ਦੀ ਇੱਜਤ ਕਰਨੀ ਚਾਹੀਦੀ ਹੈ। ਤਿਰੰਗਾ ਸਾਡੀ ਜਾਨ ਹੈ। ਤਿਰੰਗਾ ਸਾਡੀ ਸ਼ਾਨ ਹੈ।

ਬਾਲ ਕਵਿਤਾ-ਲਾਇਬ੍ਰੇਰੀ

ਮੇਰੇ ਦੇਸ਼ ਦਾ ਭਵਿੱਖ ਮੇਰੇ ਬੱਚੇ ਪਿਆਰੇ,
ਲਾਇਬ੍ਰੇਰੀ ਤੁਹਾਨੂੰ 'ਵਾਜਾਂ ਪਈ ਮਾਰੇ।

ਬਣਾ ਦਿਆਂ ਥੋਨੂੰ ਮੈਂ ਵਿਰਸੇ ਦੇ ਵਾਰਸ,
ਤੁਸੀਂ ਪੜ੍ਹ ਕੇ ਕਿਤਾਬਾਂ ਬਣ ਜਾਉਗੇ ਪਾਰਸ।

ਮਨ ਸਾਫ਼ ਕਰ ਦਿਆਂ ਕੱਢ ਕੇ ਬੁਰਾਈਆਂ,
ਵੱਡੇ ਹੋ ਸਮਾਜ ਲਈ ਕਰੋਗੇ ਭਲਾਈਆਂ।

ਕਿਤਾਬਾਂ ਦਾ ਮੇਰੇ ਕੋਲ ਵੱਡਾ ਭੰਡਾਰ ਬਈ,
ਪੜ੍ਹਨ ਲਈ ਤੁਸੀਂ ਬਸ ਹੋ ਜਾਉ ਤਿਆਰ ਬਈ।

ਵਿਦਵਾਨਾਂ ਦੀਆਂ ਜਦੋਂ ਤੁਸੀਂ ਜੀਵਨੀਆਂ ਪੜ੍ਹੋਗੇ,
ਉੱਚੇ ਹੋ ਕੇ ਫਿਰ ਵੱਡੇ ਬੰਦਿਆਂ 'ਚ ਖੜ੍ਹੋਗੇ।

ਥੋਡੇ ਵਿਚੋਂ ਬਹੁਤੇ ਸਾਹਿਤਕਾਰ ਬਣਨਗੇ,
ਕਾਦਰ ਦੀ ਕੁਦਰਤ ਨੂੰ ਪਿਆਰ ਕਰਨਗੇ।

ਪੜ੍ਹ-ਪੜ੍ਹ ਕੇ ਕਿਤਾਬਾਂ ਜਾਣ ਸੱਚ ਜਾਓਗੇ,
ਸਿਹਤ ਲਈ ਮਾਰੂ ਨਸ਼ਿਆਂ ਤੋਂ ਬਚ ਜਾਉਗੇ।

ਵੱਡਿਆਂ ਦਾ ਸਦਾ ਹੀ ਤੁਸੀਂ ਆਦਰ ਕਰੋਗੇ,
ਕਦੇ ਨਾ ਇਨਸਾਨ ਦਾ ਨਿਰਾਦਰ ਕਰੋਗੇ।

ਮੁਸੀਬਤਾਂ ਦੇ ਸਾਗਰ ਹੱਸ-ਹੱਸ ਭਰੋਗੇ,
ਮਨਚਾਹੀਆਂ ਮੰਜ਼ਿਲਾਂ ਨੂੰ ਸਰ ਕਰੋਗੇ।

ਮਿਲਦੇ ਮੋਤੀ ਜਦ ਕਿਤਾਬਾਂ ਨੂੰ ਫਰੋਲੀਦਾ,
ਬੱਚਿਓ, ਬਣੋਗੇ ਮਾਣ ਤੁਸੀਂ ਮਾਂ ਬੋਲੀ ਦਾ।

ਜੀਹਨੇ ਮੇਰੇ ਕਹਿਣ 'ਤੇ ਅਮਲ ਕਰਿਆ,
'ਭਲੂਰੀਆ' ਉਹ ਗੁਣਾਂ ਨਾਲ ਰਹੂ ਭਰਿਆ।

-ਜਸਬੀਰ ਸਿੰਘ ਭਲੂਰੀਆ
ਮੋਬਾਈਲ : 99159-95505

ਬਾਲ ਕਵਿਤਾ : ਮਿੱਠੇ - ਮਿੱਠੇ ਸੇਬ

ਜਸਵਿੰਦਰ ਸਿੰਘ
ਰੂਪਨਗਰ (ਪੰਜਾਬ)
ਗਾਈਡ ਅਧਿਆਪਕ ਸਟੇਟ ਐਵਾਰਡੀ ਮਾਸਟਰ
ਸੰਜੀਵ ਧਰਮਾਣੀ

ਮਿੱਠੇ - ਮਿੱਠੇ ਸੇਬ ਖਾਓ ,
ਮਿੱਠੇ - ਮਿੱਠੇ ਸੇਬ ਖਾਓ ,
ਸੇਬ ਦਾ ਬੂਟਾ ਲਾਓ ,
ਮਿੱਠੇ - ਮਿੱਠੇ ਸੇਬ ਖਾਓ ,
ਸੇਬ ਖਾ ਕੇ ਸਿਹਤ ਬਣਾਓ ,
ਮਿੱਠੇ - ਮਿੱਠੇ ਸੇਬ ਖਾਓ ,
ਲਾਲ - ਲਾਲ ਸੇਬ ਨੇ ,
ਮਿੱਠੇ - ਮਿੱਠੇ ਸੇਬ ਨੇ ,
ਲਾਲ - ਲਾਲ ਸੇਬ ਖਾਓ ,
ਮਿੱਠੇ - ਮਿੱਠੇ ਸੇਬ ਖਾਓ ,
ਸੇਬ ਖਾ ਕੇ ਸਿਹਤ ਬਣਾਓ ,
ਮਿੱਠੇ - ਮਿੱਠੇ ਸੇਬ ਖਾਓ ,
ਹਰ ਰੋਜ ਸੇਬ ਖਾ ਕੇ ,
ਰੋਗ ਦੂਰ ਭਜਾਓ ।

ਪਾਣੀ ਵੀ ਹੋਇਆ ਜ਼ਹਿਰੀਲਾ

ਵਿਸ਼ਵ ਪਾਣੀ ਦਿਵਸ

ਦਿੱਲੀ ਸਮੇਤ ਅਨੇਕਾਂ ਸ਼ਹਿਰਾਂ ਦਾ ਪਾਣੀ ਪੀਣ ਯੋਗ ਨਹੀਂ ਰਿਹਾ ।ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵੀ ਅੱਠਵੇਂ ਨੰਬਰ ਤੇ ਆ ਗਿਆ ।ਮੁੰਬਈ ਦੇ ਪਾਣੀ ਦੀ ਗੁਣਵੱਤਾ ਸਭ ਤੋਂ ਵਧੀਆ ਰਹੀ ।ਹਵਾ ਤਾਂ ਪਲੀਤ ਹੋਈ ਹੀ ਸੀ, ਹੁਣ ਪੀਣ ਜੋਗਾ ਪਾਣੀ ਵੀ ਨਹੀਂ ਰਿਹਾ ।ਪਾਣੀ ਬਿਨਾਂ ਤਾਂ ਸਾਡਾ ਗੁਜ਼ਾਰਾ ਨਹੀਂ ਹੋ ਸਕਦਾ ।ਹਰ ਇੱਕ ਕੰਮ ਵਿੱਚ ਪਾਣੀ ਦੀ ਵਰਤੋਂ ਹੁੰਦੀ ਹੈ ।ਜੇ ਗੰਦਾ ਪਾਣੀ ਪੀਵਾਂਗੇ, ਤਾਂ ਅਨੇਕ ਤਰ੍ਹਾਂ ਦੀ ਬਿਮਾਰੀਆਂ ਦੇ ਸ਼ਿਕਾਰ ਹੋਵਾਂਗੇ ।ਅਕਸਰ ਜਿਵੇਂ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਜੇ ਅਸੀਂ ਗੰਦਾ ਪਾਣੀ ਪੀਂਦੇ ਹਾਂ, ਤਾਂ ਸਾਡਾ ਲੀਵਰ ਖਰਾਬ ਹੋ ਜਾਂਦਾ ਹੈ। ਜੇ ਲੀਵਰ ਖਰਾਬ ਹੋ ਜਾਂਦਾ ਹੈ, ਤਾਂ ਹੌਲੀ-ਹੌਲੀ ਸਰੀਰ ਦੇ ਹੋਰ ਅੰਗਾਂ ਤੇ ਵੀ ਅਸਰ ਪੈਣਾ ਸ਼ੁਰੂ ਹੋ ਜਾਂਦਾ ਹੈ। ਹੋਰ ਵੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿ?ਕਾਰ ਹੋ ਜਾਂਦੇ ਹਨ।

ਹਾਲ ਹੀ ਵਿੱਚ ਨਸ਼ਰ ਹੋਈ ਇੱਕ ਰਿਪੋਰਟ ਮੁਤਾਬਕ ਪੰਜਾਬ ਦਾ ਪਾਣੀ ਪੀਣਯੋਗ ਯੋਗ ਨਹੀਂ ਰਿਹਾ ਹੈ। ਚਾਲੀ ਫੀਸਦੀ ਪਾਣੀ ਖਰਾਬ ਹੋ ਚੁੱਕਾ ਹੈ। ਕਈ ਧਾਤਾਂ ਜਿਵੇਂ ਲੈੱਡ, ਕੈਡਮੀਅਮ, ਕ੍ਰੋਮੀਅਮ ਅਤੇ ਹੋਰ ਜਲਨਸੀਲ ਪਦਾਰਥ ਪਾਣੀ ਵਿੱਚ ਮਿਲ ਚੁੱਕੇ ਹਨ । ਜੋ ਮਾਲਵੇ ਦਾ ਇਲਾਕਾ ਹੈ, ਉਸ ਵਿਚ ਕੈਂਸਰ ਦੇ ਬਹੁਤ ਮਰੀਜ ਹੋ ਗਏ ਹਨ। ਮਾਨਸਾ, ਬਠਿੰਡਾ , ਤੇ ਹੋਰ ਬਾਕੀ ਜਿ?ਲ੍ਹਿਆਂ ਵਿੱਚ ਤਾਂ ਪਾਣੀ ਪੀਣਯੋਗ ਬਿਲਕੁਲ ਵੀ ਨਹੀਂ ਰਿਹਾ ਹੈ। ਸਾਫ ਪਾਣੀ ਨਾ ਮਿਲਣ ਕਰਕੇ ਹਰ ਰੋਜ ਕੋਈ ਨਾ ਕੋਈ ਪਿੰਡਾਂ ਵਿੱਚ ਮੌਤ ਹੋ ਜਾਂਦੀ ਹੈ। ਹਾਲਾਂਕਿ ਕਈ ਪਿੰਡਾਂ ਵਿੱਚ ਆਰ ਓ ਸਿਸਟਮ ਵੀ ਲੱਗੇ

ਹੋਏ ਹਨ। ਫਿ?ਰ ਵੀ ਕਈ ਅਜਿਹੇ ਪਿੰਡ ਹਨ, ਜਿੱਥੇ ਇਹ ਪ੍ਰਣਾਲੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੈ। ਮਾਲਵਾ ਇਲਾਕੇ ਦੇ ਲੋਕ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿ?ਕਾਰ ਹੋ ਰਹੇ ਹਨ। ਹਾਲਾਂਕਿ ਉਹਨਾਂ ਨੂੰ ਸਾਫ ਸੁਥਰਾ ਪੀਣਯੋਗ ਪਾਣੀ ਵੀ ਨਹੀਂ ਮਿਲ ਰਿਹਾ ਹੈ। ਮੋਹਾਲੀ ਜਿ?ਲ੍ਹੇ ਦੇ ਤਹਿਸੀਲ ਡੇਰਾਬੱਸੀ ਖੇਤਰ ਵਿੱਚ ਵੀ ਕੈਂਸਰ ਨਾਲ ਕਾਫੀ ਪੀੜਤ ਵਿਅਕਤੀਆਂ ਦੀ ਰਿਪੋਰਟ ਸਾਹਮਣੇ ਆ ਰਹੀ ਹੈ। ਇੱਥੇ ਕੈਮੀਕਲ ਫੈਕਟਰੀਆਂ ਨੇ ਬਹੁਤ ਗਲਤ ਕੰਮ ਕੀਤੇ ਹੋਏ ਹਨ ਜੋ ਕਿ ਅਧਿਕਾਰੀਆਂ ਦੀ ਜਾਂਚ ਪੜਤਾਲ ਤੋਂ ਬਾਅਦ ਸਾਹਮਣੇ ਆ ਰਹੇ ਹਨ। ਹਾਲ ਹੀ ਵਿਚ ਇੱਥੇ ਹਲਕਾ ਵਿਧਾਇਕ ਨੇ ਜਹਿਰੀਲੇ ਪਾਣੀ ਦਾ ਟੈਂਕਰ ਫੜਿਆ। ਤੇ ਜੋ ਵੀ ਕੈਮੀਕਲ ਫੈਕਟਰੀਆਂ ਹਨ, ਇਨ੍ਹਾਂ ਦੀ ਜਾਂਚ ਪੜਤਾਲ ਕੀਤੀ। ਜੋ ਕਿ ਬਹੁਤ ਸਲਾਘਾਯੋਗ ਕਦਮ ਹੈ। ਹੋਰ ਤਾਂ ਹੋਰ ਅਖਬਾਰ ਵਿੱਚ ਖਬਰ ਵੀ ਪੜ੍ਹਨ ਨੂੰ ਮਿਲੀ ਕਿ ਕਿਸੇ ਫੈਕਟਰੀ ਦੇ ਦੂਸਿ?ਤ ਪਾਣੀ ਦੇ ਨਿਕਾਸ ਲਈ ਧਰਤੀ ਹੇਠ ਡੂੰਘਾ ਬੋਰ ਕੀਤਾ ਹੋਇਆ ਹੈ। ਜਿਸ ਕਰਕੇ ਦੂਸਿ?ਤ ਪਾਣੀ ਧਰਤੀ ਦੇ ਥੱਲੇ ਜਾ ਰਿਹਾ ਹੈ।

ਇਨ੍ਹਾਂ ਦਰਿੰਦਿਆਂ ਨੇ ਤਾਂ ਦਰਿਆਈ ਜੀਵਾਂ ਨੂੰ ਵੀ ਨਹੀਂ ਬਖਸਿ?ਆ ।ਹਾਲ ਹੀ ਵਿੱਚ ਖ਼ਬਰਾਂ ਵੀ ਆਇਆਂ ਕਿ ਫੈਕਟਰੀਆਂ ਦਾ ਗੰਦਾ ਪਾਣੀ ਟੋਭਿਆਂ ਵਿੱਚ ਗਿਆ ,ਜਿਸ ਕਾਰਨ ਪਸ਼ੂਆਂ ਦੀ ਵੀ ਮੌਤ ਹੋਈ । ਪੰਜਾਬ ਦੇ ਕਈ ਜ਼ਿਲ੍ਹੇ ਕੈਂਸਰ ਦੀ ਮਾਰ ਹੇਠ ਹਨ । ਕੈਮੀਕਲ ਦਰਿਆਵਾਂ, ਨਹਿਰਾਂ ਵਿੱਚ ਸੁੱਟਣ ਨਾਲ ਜੀਵ-ਜੰਤੂ ਵੀ ਮਰ ਜਾਂਦੇ ਹਨ। ਹਰ ਤਬਕਾ ਪ੍ਰਭਾਵਿਤ ਹੁੰਦਾ ਹੈ । ਅਸੀਂ ਬੇਜੁਬਾਨੇ ਜੀਵ-ਜੰਤੂਆਂ ਲਈ ਵੀ ਕਹਿਰ ਢਾਹ ਰਹੇ ਹਨ।

ਜਦੋਂ 2020 ਮਾਰਚ ਤਾਲਾਬੰਦੀ ਕਰ ਦਿੱਤੀ ਗਈ, ਤਾਂ ਸਾਰਾ ਵਾਤਾਵਰਣ ਸਾਫ-ਸੁਥਰਾ ਹੋ ਚੁੱਕਿਆ ਸੀ। ਨਿਜੀ ਸੁਆਰਥ ਖਾਤਰ ਮਨੁੱਖ ਕੁਦਰਤ ਨਾਲ ਲਗਾਤਾਰ ਖਿਲਵਾੜ ਕਰ ਰਿਹਾ ਹੈ। ਵੇਖਿਆ ਇਹ ਹੈ ਅਸੀਂ ਕਿ ਜਦੋਂ ਤਾਲਾਬੰਦੀ ਸੀ ਤਾਂ ਸਾਰੀ ਗਤੀਵਿਧੀਆਂ ਰੁਕ ਗਈਆਂ ਸਨ। ਫੈਕਟਰੀਆਂ ਵੀ ਬੰਦ ਹੋ ਗਈਆਂ ਸਨ। ਦਰਿਆ ਤੱਕ ਸਾਫ ਹੋ ਚੁੱਕੇ ਸਨ। ਦਰਿਆਈ ਜੀਵ ਜੰਤੂਆਂ ਨੇ ਸੁੱਖ ਦਾ ਸਾਹ ਲਿਆ ਸੀ। ਕਿਉਂਕਿ ਕੈਮੀਕਲ ਬਿਲਕੁਲ ਵੀ ਦਰਿਆਵਾਂ ਵਿੱਚ ਨਹੀਂ ਜਾ ਰਿਹਾ ਸੀ। ਜਦੋਂ ਹੌਲੀ ਹੌਲੀ ਤਾਲਾਬੰਦੀ ਵਿੱਚ ਖੁੱਲ੍ਹ ਦਿੱਤੀ ਗਈ ਤਾਂ ਮਨੁੱਖ ਫਿਰ ਆਪਣੀਆਂ ਆਦਤਾਂ ਤੋਂ ਬਾਜ ਨਹੀਂ ਆਇਆ। ਉਸ ਨੇ ਫਿਰ ਆਪਣੇ ਨਿੱਜੀ ਸਵਾਰਥਾਂ ਖਾਤਰ ਕੁਦਰਤ ਨਾਲ ਜੀਵ ਜੰਤੂਆ ਨਾਲ ਛੇੜ-ਛਾੜ ਸੁਰੂ ਕਰ ਦਿੱਤੀ। ਪਿੱਛੇ ਜਿਹੇ ਖਬਰ ਵੀ ਪੜ੍ਹਨ ਨੂੰ ਮਿਲੀ ਸੀ ਕਿ ਬਿਆਸ ਦਰਿਆਵਾਂ ਵਿੱਚ ਡਾਲਫਿਨਾਂ ਮੱਛੀਆਂ ਦੀ ਮੌਤ ਹੋ ਗਈ। ਹੋਰ ਵੀ ਕਈ ਦਰਿਆਈ ਜੀਵ ਜੰਤੂ ਪ੍ਰਭਾਵਿਤ ਹੋਏ। ਵਿਚਾਰਨ ਵਾਲੀ ਗੱਲ ਹੈ ਕਿ ਇਸ ਧਰਤੀ ਤੇ ਸਿਰਫ ਮਨੁੱਖ ਨੂੰ ਹੀ ਰਹਿਣ ਦਾ ਹੀ ਹੱਕ ਹੈ ? ਕੀ ਗੱਲ ਮਨੁੱਖ ਆਪਣੀ ਪੱਕੀ ਵਸੀਅਤ ਕਰਵਾ ਕੇ ਆਇਆ ਹੈ। ਕੀ ਸਿਰਫ ਧਰਤੀ ਤੇ ਮੈਂ ਹੀ ਰਹਿਣਾ ਹੈ ? ਕਿਸੇ ਹੋਰ ਜੀਵ ਜੰਤੂ ਨੇ ਨਹੀਂ ਰਹਿਣਾ ਹੈ ? ਇਸ ਧਰਤੀ ਤੇ ਜਿੰਨਾ ਮਨੁੱਖ ਦਾ ਹੱਕ ਹੈ, ਉਨ੍ਹਾਂ ਸਾਰੇ ਜੀਵ-ਜੰਤੂਆਂ ਦਾ ਹੱਕ ਹੈ।

ਜੇ ਸਮਾਂ ਰਹਿੰਦੇ ਕੋਈ ਠੋਸ ਨੀਤੀ ਨਾ ਬਣਾਈ ਗਈ ਤਾਂ ਜਲਦ ਹੀ ਪੂਰਾ ਪੰਜਾਬ ਕੈਂਸਰ ਨਾਲ ਪ੍ਰਭਾਵਿਤ ਹੋ ਜਾਏਗਾ ।ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਕੋਲ ਇਹ ਮੁੱਦਾ ਉਠਾਉਣਾ ਚਾਹੀਦਾ ਹੈ, ਤਾਂ ਕਿ ਸਮਾਂ ਰਹਿੰਦਿਆਂ ਕੋਈ ਠੋਸ ਨੀਤੀ ਬਣਾ ਕੇ ਉਸ ਤੇ ਅਮਲ ਦਰਾਮਦ ਹੋ ਸਕੇ। ਅਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਰੁਕ ਸਕੇ ।ਸਭ ਨੂੰ ਸਮਝਣਾ ਚਾਹੀਦਾ ਹੈ ਕਿ ਸਿਹਤ ਹੀ ਅਸਲੀ ਧਨ ਦੌਲਤ ਹੈ ।

ਸੰਜੀਵ ਸਿੰਘ ਸੈਣੀ ,
ਮੋਹਾਲੀ 7888966168

ਸ਼ਾਨਦਾਰ ਇਤਿਹਾਸ ਸਿਰਜ ਗਿਆ 'ਪੀਫਾ 2023' ਐਵਾਰਡ ਸ਼ੋਅ

-ਪੰਜਾਬੀ ਮਨੋਰੰਜਨ ਇੰਡਸਟਰੀ ਦਾ ਪਹਿਲਾ ਫੈਸਟੀਵਲ ਤੇ ਐਵਾਰਡ ਸ਼ੋਅ "ਪੰਜਾਬੀ ਇੰਟਰਟੇਨਮੈਂਟ ਫੈਸਟੀਵਲ ਅਤੇ ਐਵਾਰਡ 2023" ਇਤਿਹਾਸ ਸਿਰਜ ਗਿਆ। ਪੰਜਾਬੀ ਇੰਡਸਟਰੀ ਵਿੱਚ ਇਹ ਪਹਿਲਾ ਮੌਕਾ ਸੀ ਜਦੋਂ ਪੰਜਾਬੀ ਸਿਨਮਾ ਤੇ ਸੰਗੀਤ ਨੂੰ ਸਮਰਪਿਤ ਵੱਖ ਵੱਖ ਸਖਸੀਅਤਾਂ ਨੂੰ ਐਵਾਰਡ ਦੇ ਰੂਪ ਵਿੱਚ ਸਨਮਾਨਿਤ ਕਰਕੇ ਉਨ੍ਹਾਂ ਦੀ ਸ਼ਾਨ ਵਿੱਚ ਹੋਰ ਵਾਧਾ ਕੀਤਾ ਗਿਆ। ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿੱਚ 23 ਫ਼ਰਵਰੀ ਨੂੰ ਹੋਇਆ ਇਹ ਐਵਾਰਡ ਸਮਾਰੋਹ ਕਈ ਨਵੀਆਂ ਪਿਰਤਾਂ ਪਾ ਗਿਆ। ਪੰਜਾਬੀ ਇੰਡਸਟਰੀ ਦੇ ਨਾਮਵਰ ਪ੍ਰੋਮਟਰ ਤੇ ਫਾਈਵਵੁੱਡ ਮੀਡੀਆ ਦੇ ਮੁਖੀ ਸਪਨ ਮਨਚੰਦਾ ਤੇ ਉਨ੍ਹਾਂ ਦੀ ਟੀਮ ਵੱਲੋਂ ਕਰਵਾਏ ਗਏ ਇਸ ਐਵਾਰਡ ਨਾਈਟ ਦੀ ਸ਼ੁਰੂਆਤ ਪੰਜਾਬ ਦੇ ਸੱਭਿਆਚਾਰ ਅਤੇ ਸੈਰ ਸਪਾਟਾ ਮੰਤਰੀ ਅਨਮੋਲ ਗਗਨ ਮਾਨ ਨੇ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ। ਉਹਨਾਂ ਇਸ ਐਵਾਰਡ ਸਮਾਰੋਹ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਐਸੇ ਐਵਾਰਡ ਪੰਜਾਬੀ ਇੰਡਸਟਰੀ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਪੀਫਾ ਦੇ ਫਾਊਡਰ ਸਪਨ ਮਨਚੰਦਾ ਅਤੇ ਕੋ-ਫਾਊਡਰ ਨਿਹਾਰਕਾ ਨੂੰ ਮੁਬਾਰਕਾਂ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦਾ ਐਵਾਰਡ ਸ਼ੋਅ ਕਰਵਾਉਣਾ ਸੌਖਾ ਕੰਮ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਇੰਡਸਟਰੀ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਛੇਤੀ ਪੰਜਾਬ ਵਿੱਚ ਵੱਡੀ ਫ਼ਿਲਮ ਸਿਟੀ ਵੀ ਬਣਾਈ ਜਾਵੇਗੀ। ਇਸ ਮੌਕੇ ਸਪਨ ਮਨਚੰਦਾ ਨੇ ਦੱਸਿਆ ਕਿ ਇਸ ਐਵਾਰਡ ਸ਼ੋਅ ਦਾ ਮਕਸਦ ਪੰਜਾਬੀ ਸਿਨਮਾ ਤੇ ਸੰਗੀਤ ਜਗਤ ਨੂੰ ਦੁਨੀਆਂ ਭਰ ਵਿੱਚ ਮਕਬੂਲ ਕਰਨ ਵਾਲੀਆਂ ਸਖਸੀਅਤਾਂ ਨੂੰ ਐਵਾਰਡ ਦੇ ਰੂਪ ਵਿੱਚ ਸਨਮਾਨਿਤ ਕਰਨ ਦੇ ਨਾਲ ਨਾਲ ਪੰਜਾਬੀ ਸਿਨਮਾ ਤੇ ਸੰਗੀਤ ਦੇ ਉਨ੍ਹਾਂ ਨਾਮਾਂ ਨੂੰ ਜ਼ਿੰਦਾ ਰੱਖਣ ਦੀ ਕੋਸ਼ਿਸ਼ ਹੈ ਜਿੰਨਾ ਨੇ ਇਸ ਇੰਡਸਟਰੀ ਦੀ ਸ਼ੁਰੂਆਤ ਕੀਤੀ ਹੈ।

ਇਸ ਮੌਕੇ ਪੰਜਾਬੀ ਗਾਇਕ ਸਤਿੰਦਰ ਸਰਤਾਜ ਅਤੇ ਸੰਗੀਤ ਸਮਰਾਟ ਚਰਨਜੀਤ ਸਿੰਘ ਅਹੂਜਾ ਨੂੰ ਪੰਜਾਬ ਰਤਨ ਐਵਾਰਡ, ਜੈਜੀ ਬੀ ਅਤੇ ਮਨਿੰਦਰ ਬੁੱਟਰ ਨੂੰ ਗਲੋਬਲ ਸਟਾਰ ਐਵਾਰਡ, ਯੋਗਰਾਜ ਸਿੰਘ, ਸਰਦਾਰ ਸੋਹੀ ਅਤੇ ਸੁਨੀਤਾ ਧੀਰ ਨੂੰ ਪ੍ਰਿਥਵੀ ਰਾਜ ਕਪੂਰ ਲਾਈਫ ਟਾਈਮ ਅਚੀਵਮੈਂਟ ਐਵਾਰਡ, ਸਰਗੁਣ ਮਹਿਤਾ ਨੂੰ ਦਲਜੀਤ ਕੌਰ ਯਾਦਗਾਰੀ ਐਵਾਰਡ, ਗੁਰਪ੍ਰੀਤ ਘੁੱਗੀ ਅਤੇ ਵਿਜੇ ਟੰਡਨ ਨੂੰ ਪ੍ਰਾਈਡ ਆਫ ਪੰਜਾਬੀ ਸਿਨਮਾ, ਸਰਬਜੀਤ ਚੀਮਾ ਅਤੇ ਸ਼ਿਪਰਾ ਗੋਇਲ ਨੂੰ ਪ੍ਰਾਈਡ ਆਫ ਪੰਜਾਬੀ ਮਿਊਜ਼ਿਕ ਐਵਾਰਡ ਨਾਲ ਨਿਵਾਜਿਆ ਗਿਆ। ਕਾਮੇਡੀਅਨ ਜਸਵਿੰਦਰ ਭੱਲਾ ਨੂੰ ਗੋਪਾਲ ਦਾਸ ਸਹਿਗਲ ਯਾਦਗਾਰੀ ਐਵਾਰਡ, ਬੀਨੂੰ ਢਿੱਲੋਂ ਅਤੇ ਦੇਵ ਖਰੌੜ ਨੂੰ ਬਲਰਾਜ ਸਾਹਨੀ ਯਾਦਗਾਰੀ ਐਵਾਰਡ, ਗਾਇਕਾ ਮੰਨਤ ਨੂਰ ਗੁਰਮੀਤ ਬਾਵਾ ਯਾਦਗਾਰੀ ਐਵਾਰਡ , ਗੁਰਮੀਤ ਸਿੰਘ ਤੇ ਐਵੀ ਸਰ੍ਹਾ ਨੂੰ ਜਸਵੰਤ ਭੰਵਰਾ ਯਾਦਗਾਰੀ ਐਵਾਰਡ, ਅਸ਼ੀਸ਼ ਦੁੱਗਲ ਨੂੰ ਗੁਰਕੀਰਤਨ ਯਾਦਗਾਰੀ ਐਵਾਰਡ, ਪ੍ਰਿੰਸ ਕੰਵਲਜੀਤ ਸਿੰਘ ਤੇ ਜੈਸਮੀਨ ਬਾਜਵਾ ਪ੍ਰੋਮਿਸਿੰਗ ਐਵਾਰਡ, ਕਰਤਾਰ ਚੀਮਾ ਅਤੇ ਹਰਦੀਪ ਗਰੇਵਾਲ ਨੂੰ ਯੂਥ ਆਈਕੋਨ ਐਵਾਰਡ, ਅਨੀਤਾ ਸ਼ਬਦੀਸ਼ ਨੂੰ ਭਾਈ ਮੰਨਾ ਸਿੰਘ ਯਾਦਗਾਰੀ ਐਵਾਰਡ, ਨਿਰਦੇਸ਼ਕ ਸਿਮਰਜੀਤ ਸਿੰਘ ਨੂੰ ਵਰਿੰਦਰ ਯਾਦਗਾਰੀ ਐਵਾਰਡ, ਹੈਪੀ ਰਾਏਕੋਟੀ ਨੂੰ ਨੰਦ ਲਾਲ ਨੂਰਪੂਰੀ ਐਵਾਰਡ, ਅੰਬਰਦੀਪ ਨੂੰ ਮੁਲਕਰਾਜ ਭਾਖੜੀ ਐਵਾਰਡ , ਕੁਲਵਿੰਦਰ ਬਿੱਲਾ ਨੂੰ ਕੁਲਦੀਪ ਮਾਣਕ ਯਾਦਗਾਰੀ ਐਵਾਰਡ, ਖਾਨ ਸਾਹਬ ਨੂੰ ਸਰਦੂਲ ਸਿਕੰਦਰ ਯਾਦਗਾਰੀ ਐਵਾਰਡ, ਰਾਜ ਸ਼ੋਕਰ ਨੂੰ ਲਾਈਨਲਾਈਟ ਸਟਾਰ ਐਵਾਰਡ, ਅਮਰ ਨੂਰੀ ਨੂੰ ਸ਼ਾਨ ਏ ਪੰਜਾਬ ਐਵਾਰਡ, ਨਾਲ ਨਿਵਾਜਿਆ ਗਿਆ। ਇਸ ਮੌਕੇ ਫ਼ਲਮ ਡਿਸਟੀਬਿਊਟਰ ਮੁਨੀਸ਼ ਸਾਹਨੀ, ਹਿੰਦੀ ਅਤੇ ਪੰਜਾਬੀ ਫਿਲਮਾਂ ਦੇ ਨਾਮੀ ਅਦਾਕਾਰ ਮੁਕੇਸ਼ ਰਿਸ਼ੀ, ਮੰਚ ਸੰਚਾਲਕ ਸਤਿੰਦਰ ਸੱਤੀ, ਗਾਇਕਾ ਸਰਘੀ ਮਾਨ, ਮਿਊਜ਼ਿਕ ਪ੍ਰੋਡਿਊਸਰ ਦਿਨੇਸ਼ ਔਲਖ ਨੂੰ ਸਪੈਸ਼ਲ ਐਪਰੀਸੇਸ਼ਨ ਐਵਾਰਡ ਨਾਲ ਨਿਵਾਜਿਆ ਗਿਆ। ਇਸ ਮੌਕੇ ਸਪਨ ਮਨਚੰਦਾ ਵੱਲੋਂ ਤਿਆਰ ਕੀਤੀ ਪੰਜਾਬੀ ਇੰਡਸਟਰੀ ਦੀ ਡਾਟਾ-ਇਨਫਰਮੇਸ਼ਨ ਅਤੇ ਟੈਲੀਫੋਨ ਡਾਇਰੈਕਟਰੀ ਦਾ ਸਾਲ 2023-24 ਦਾ ਨਵਾਂ ਅਡੀਸ਼ਨ ਵੀ ਰਿਲੀਜ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਨੇ ਕਿਹਾ ਕਿ ਅਜਿਹੇ ਐਵਾਰਡ ਸਮਾਰੋਹਾਂ ਦੀ ਪੰਜਾਬੀ ਇੰਡਸਟਰੀ ਨੂੰ ਬੇਹੱਦ ਜ਼ਰੂਰਤ ਸੀ। ਅਜਿਹੇ ਐਵਾਰਡ ਕਲਾਕਾਰਾਂ ਦਾ ਹੌਸਲਾ ਬੁਲੰਦ ਕਰਦੇ ਹਨ। ਇਸ ਮੌਕੇ ਪੰਜਾਬੀ ਗਾਇਕ ਸਰਬਜੀਤ ਚੀਮਾ , ਵਿੱਕੀ, ਬੈਨਟ ਦੁਸਾਂਝ, ਰਮਨ ਗਿੱਲ, ਸੰਗਰਾਮ ਹੰਜਰਾ, ਸਰਘੀ ਮਾਨ ਸਮੇਤ ਨਾਮੀਂ ਗਾਇਕਾਂ ਦੇ ਲਾਈਵ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ । ਇਸ ਮੌਕੇ ਪੀਫਾ ਦੇ ਸਹਿਯੋਗੀ ਲਾਡੀ ਕਾਂਗੜ, ਗੁਰਪ੍ਰੀਤ ਖੇਤਲਾ ,ਲਵਪੀਤ ਲੱਕੀ ਸੰਧੂ ਤੇ ਜਰਨੈਲ ਸਿੰਘ ਤੋਂ ਇਲਾਵਾ ਪੰਜਾਬੀ ਇੰਡਸਟਰੀ ਦੀਆਂ ਨਾਮੀ ਹੋਰ ਨਾਮੀ ਸਖ਼ਸ਼ੀਅਤਾਂ ਹਾਜ਼ਰ ਸਨ।

ਸੁਰਜੀਤ ਜੱਸਲ
9814607737

26 ਮਾਰਚ ਬਾਬਾ ਈਸ਼ਰ ਸਿੰਘ ਜੀ ਕਲੇਰਾ ਵਾਲਿਆ ਦੇ ਜਨਮ ਦਿਵਸ ਤੇ ਵਿਸ਼ੇਸ਼

"ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ"

ਸੁਰਜੀਤ ਸਿੰਘ ਫਲੋਰਾ

ਕੁਦਰਤ ਦੇ ਵਖਰੇਵਿਆਂ ਅਤੇ ਕਿਸਮਾਂ ਨੂੰ ਦੇਖ ਕੇ ਮਨੁੱਖ ਹੈਰਾਨ ਹੋ ਜਾਂਦਾ ਹੈ। ਪਰਮ ਪੁਰਖ ਨੇ ਇੱਕ ਪਾਸੇ ਪਦਾਰਥਵਾਦ ਦੇ ਜਾਲ ਨੂੰ ਬੁਣਿਆ ਹੋਇਆ ਹੈ ਅਤੇ ਦੂਜੇ ਪਾਸੇ ਸਾਡੀ ਰੂਹ ਨੂੰ ਨਿਰੰਤਰ ਸੰਦੇਸ਼ ਪ੍ਰਾਪਤ ਹੁੰਦੇ ਹਨ ਜੋ ਸਾਨੂੰ ਆਪਣੇ ਫਰਜ਼ਾਂ ਨੂੰ ਪੂਰਾ ਕਰਨ ਲਈ ਕਹਿੰਦੇ ਹਨ ਜਿਸ ਲਈ ਉਸਨੇ ਸਾਨੂੰ ਇਸ ਸੰਸਾਰ ਵਿੱਚ ਭੇਜਿਆ ਹੈ। ਇਸ ਨਾਲ ਵਿਅਕਤੀ ਕਿਤੇ ਵੀ ਨਹੀਂ ਜਾਂਦਾ। ਇਸ ਤਰ੍ਹਾਂ ਦੀ ਸਥਿਤੀ ਵਿਚ ਉਨ੍ਹਾਂ ਮਹਾਨ ਆਤਮਾਵਾਂ ਦੀ ਸੰਗਤ ਦੀ ਲੋੜ ਹੁੰਦੀ ਹੈ, ਜੋ ਆਪਣੇ ਸੰਵਾਦਾਂ ਰਾਹੀਂ ਜਾਂ ਭਜਨ ਗਾਇਨ ਰਾਹੀਂ ਅਕਾਲ ਪੁਰਖ ਦੇ ਸੰਦੇਸ਼ ਨੂੰ ਸਾਡੇ ਕੰਨਾਂ ਵਿਚ ਨਿਰੰਤਰ ਪਾਉਂਦੇ ਰਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਜਿਹਾ ਹੀ ਇੱਕ ਅਵਤਾਰ 13 ਚੇਤਰ ਸੰਮਤ 1973 (26 ਮਾਰਚ, 1916) ਨੂੰ ਪਿੰਡ ਝੋਰੜਾਂ, ਜ਼ਿਲ੍ਹਾ ਵਿੱਚ ਇਸ ਪਦਾਰਥਵਾਦੀ ਸੰਸਾਰ ਵਿੱਚ ਪ੍ਰਗਟ ਹੋਇਆ, ਜਿਹਨਾਂ ਦਾ ਪਹਿਲਾਂ ਨਾਮ ਮਾਂ-ਬਾਪ ਵਲੋਂ ਇੰਦਰ ਸਿੰਘ ਦੇ ਨਾਮ ਨਾਲ ਸ. ਬਾਘਾ ਸਿੰਘ ਜੀ ਅਤੇ ਸਰਦਾਰਨੀ ਪ੍ਰਤਾਪ ਕੌਰ ਜੀ ਦੇ ਘਰ ਲੁਧਿਆਣਾ ਵਿਖੇ ਜਨਮ ਲਿਆ।

ਧੰਨੁ ਸੁ ਵੰਸੁ ਧੰਨੁ ਸੁ ਪਿਤਾ,
ਧੰਨੁ ਸੁ ਮਾਤਾ ਜਿਨਿ ਜਨ ਜਣੇ
ਕਬੀਰ ਸੋਈ ਕੁਲ ਭਲੀ,
ਜਾ ਕੁਲ ਹਰਿ ਕੋ ਦਾਸੁ,
ਧੰਨੁ ਧੰਨੁ ਪਿਤਾ ਧਨ ਧੰਨੁ ਕੁਲੁ,
ਧਨੁ ਧਨੁ ਸੁ ਜਨਨੀ
ਜਿਨਿ ਗੁਰੂ ਜਣਿਆ ਮਾਇ ॥

ਬਾਅਦ ਵਿਚ ਜਿਹਨਾਂ ਦਾ ਸੰਤ ਬਾਬਾ ਨੰਦ ਸਿੰਘ ਜੀ ਇਹਨਾਂ ਦਾ ਨਾਂ ਬਦਲ ਕੇ ਈਸ਼ਰ ਸਿੰਘ ਰੱਖ ਦਿੱਤਾ। ਜਿਹਨਾਂ ਦਾ 26 ਮਾਰਚ ਨੂੰ ਦੁਨੀਆਂ ਭਰ 'ਚ ਨਾਨਕਸਰ ਗੁਰੂਘਰਾ ਵਿਚ ਅਤੇ ਹੋਰ ਗੁਰੂਦੁਆਰਿਆਂ ਵਿਚ ਉਹਨਾਂ ਦਾ ਆਗਮਨ ਜਨਮ ਦਿਵਸ ਸੰਗਤਾਂ ਨੂੰ ਧੁਰ ਕੀ ਬਾਣੀ ਦੇ ਕੀਤਰਨ ਕਥਾ ਨਾਲ ਜੋੜ ਕੇ ਮਨਾਇਆ ਜਾ ਰਿਹਾ ਹੈ।

ਸੰਤ ਬਾਬਾ ਈਸ਼ਰ ਸਿੰਘ ਜੀ ਦੇ ਜੀਵਨ ਤੇ ਝਾਂਤ ਮਾਰੀਏ ਤਾਂ ਉਹ ਸਿਰਫ 13 ਸਾਲ ਦੀ ਉਮਰ ਵਿੱਚ ਸੰਤ ਬਾਬਾ ਨੰਦ ਸਿੰਘ ਜੀ ਦੇ ਚਰਨ ਕਮਲਾਂ ਦੀ ਸ਼ਰਨ ਲੈਣ ਆਏ ਸਨ ਉਸ ਦਿਨ ਤੋਂ ਬਾਬਾ ਜੀ ਹਰ ਸਮੇਂ ਸੰਤ ਬਾਬਾ ਨੰਦ ਸਿੰਘ ਜੀ ਦੀ ਸੇਵਾ ਵਿੱਚ ਤਿਆਰ ਰਹਿੰਦੇ ਸਨ। ਹਰ ਕੋਈ ਜਾਣਦਾ ਹੈ ਕਿ ਸੰਤ ਬਾਬਾ ਨੰਦ ਸਿੰਘ ਜੀ ਹਮੇਸ਼ਾ ਉਜਾੜਾਂ ਵਿੱਚ ਰਹਿੰਦੇ ਸਨ ਜਿੱਥੇ ਆਮ ਲੋਕ ਨਹੀਂ ਪਹੁੰਚ ਸਕਦੇ ਸਨ। ਪਰ ਬਾਬਾ ਜੀ ਆਪਣੇ ਗੁਰੂ ਤੋਂ ਹੁਕਮ ਲੈਣ ਅਤੇ ਜੋ ਵੀ ਕਰਨ ਲਈ ਕਿਹਾ ਜਾਂਦਾ ਸੀ, ਉਸ ਨੂੰ ਪੂਰਾ ਕਰਨ ਲਈ ਹਰ ਸਮੇਂ ਤੱਤ ਪਰ ਰਹਿੰਦੇ ਸਨ ਅਤੇ ਸੌਣ ਦੀ ਪਰਵਾਹ ਨਹੀਂ ਕਰਦੇ ਸਨ ਜਾਂ ਆਪਣੇ ਕੱਪੜੇ ਜਾਂ ਸਰੀਰ ਦੀ ਚਿੰਤਾ ਨਹੀਂ ਕਰਦੇ ਸਨ। ਬਾਬਾ ਜੀ ਨੇ ਜ਼ਿਆਦਾਤਰ ਸਮਾਂ ਨੰਗੇ ਪੈਰੀਂ ਰਹਿ ਕੇ ਆਪਣੇ ਮਾਲਕ ਦੀ ਸੇਵਾ ਕੀਤੀ। ਸੰਤ ਬਾਬਾ ਨੰਦ ਸਿੰਘ ਜੀ ਨੇ ਬਾਬਾ ਜੀ ਨੂੰ ਲਹਿਰਾ ਗਾਗਾ ਦੇ ਸੰਤ ਵਧਾਵਾ ਸਿੰਘ ਜੀ ਕੋਲ ਧਰਮ ਗ੍ਰੰਥ ਦਾ ਅਧਿਐਨ ਕਰਨ ਲਈ ਭੇਜਿਆ। ਧਰਮ ਗ੍ਰੰਥ ਦਾ ਅਧਿਐਨ ਕਰਨ ਤੋਂ ਬਾਅਦ ਬਾਬਾ ਜੀ ਸੰਤ ਬਾਬਾ ਨੰਦ ਸਿੰਘ ਜੀ ਦੇ ਚਰਨ ਕਮਲਾਂ ਦੀ ਠੰਢੀ ਛਾਂ ਹੇਠ ਰਹਿਣ ਲਈ ਵਾਪਸ ਆ ਗਏ। ਬਾਬਾ ਜੀ ਆਪਣੇ ਪਿਆਰ, ਸ਼ਰਧਾ ਅਤੇ ਸਮਰਪਣ ਕਾਰਨ ਸੰਤ ਬਾਬਾ ਨੰਦ ਸਿੰਘ ਜੀ ਦੇ ਹਜ਼ੂਰੀਆ ਸੇਵਾਦਾਰ ਬਣੇ।

ਸੰਤ ਬਾਬਾ ਨੰਦ ਸਿੰਘ ਜੀ ਸੰਮਤ 2000 (29 ਅਗਸਤ, 1943) ਨੂੰ 13ਵੇਂ ਬਦਰੋਂ ਨੂੰ ਸਵਰਗੀ ਨਿਵਾਸ ਲਈ ਰਵਾਨਾ ਹੋਏ। ਸੰਤ ਬਾਬਾ ਈਸ਼ਰ ਸਿੰਘ ਜੀ ਆਪਣੇ ਗੁਰੂ ਦੇ ਵਿਛੋੜੇ ਨੂੰ ਸਮਝਣ ਤੋਂ ਅਸਮਰੱਥ ਸਨ ਕਿ ਉਹ ਦੇਹਰਾਦੂਨ ਚਲੇ ਗਏ ਅਤੇ ਉਥੋਂ ਝੋਰੜਾਂ ਆ ਗਏ। ਉਹ ਕਦੇ-ਕਦਾਈਂ ਕਿਸੇ ਨੂੰ ਮਿਲਦੇ ਸਨ ਅਤੇ 7 ਸਾਲਾਂ ਤੱਕ ਲਗਾਤਾਰ ਹੰਝੂ ਵਗਦੇ ਰਹੇ। ਇਸ ਦੌਰਾਨ ਨਾਨਕਸਰ ਕਲੇਰਾਂ ਨੂੰ ਕੁਝ ਸੁਆਰਥੀ ਲੋਕਾਂ ਨੇ ਕਾਬੂ ਕਰ ਲਿਆ। ਕੁਝ ਸਾਲਾਂ ਬਾਅਦ ਵੱਖ-ਵੱਖ ਪਿੰਡਾਂ ਦੀਆਂ ਸਿੱਖ ਸੰਗਤਾਂ ਇਕੱਠੀਆਂ ਹੋਈਆਂ ਅਤੇ ਸੰਤ ਬਾਬਾ ਈਸ਼ਰ ਸਿੰਘ ਜੀ ਨੂੰ ਨਾਨਕਸਰ ਕਲੇਰਾਂ ਦਾ ਚਾਰਜ ਸੰਭਾਲਣ ਲਈ ਬੇਨਤੀ ਕੀਤੀ। ਇਸ ਦਾ ਬਾਬਾ ਜੀ ਨੇ ਜਵਾਬ ਦਿੱਤਾ ਅਤੇ ਜਦੋਂ ਸਰਬ ਸ਼ਕਤੀਮਾਨ ਆਗਿਆ ਦੇਵੇ ਤਾਂ ਮੈਂ ਚਾਰਜ ਸੰਭਾਲਾਂਗਾ ਅਤੇ ਸ੍ਰੀ ਹਜ਼ੂਰ ਸਾਹਿਬ ਲਈ ਰਵਾਨਾ ਹੋਵਾਂਗਾ। ਬਾਬਾ ਜੀ ਲਗਭਗ ਇੱਕ ਮਹੀਨਾ ਹਜ਼ੂਰ ਸਾਹਿਬ ਵਿਖੇ ਰਹੇ। ਉਥੋਂ ਬਾਬਾ ਜੀ ਸੰਨ 1950 ਵਿੱਚ ਨਾਨਕਸਰ ਕਲੇਰਾਂ ਵਾਪਸ ਆ ਗਏ। ਜਦੋਂ ਬਾਬਾ ਜੀ ਉਥੇ ਪਹੁੰਚ ਗਏ ਤਾਂ ਸੰਗਤਾਂ ਨਾਨਕਸਰ ਆਉਣ ਲੱਗ ਪਈਆਂ ਕਿਉਂਕਿ ਅਸਲ ਵਾਰਿਸ ਉਥੇ ਪਹੁੰਚ ਗਏ ਸਨ। ਕਿਉਂਕਿ ਬਾਬਾ ਈਸਰ ਸਿੰਘ ਜੀ ਦੀ ਜੋਤ, ਬਾਬਾ ਨੰਦ ਸਿੰਘ ਦੀ ਇਕ ਹੋ ਚੁੱਕੀ ਸੀ ਤੇ ਉਹ ਉਹਨਾਂ ਦਾ ਹੀ ਰੂਪ ਹੋ ਚੁਕੇ ਸਨ।

ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮੁ ॥ 846 ॥

ਨਾਨਕਸਰ ਪਹੁੰਚ ਕੇ ਬਾਬਾ ਈਸ਼ਰ ਸਿੰਘ ਜੀ ਨੇ ਇੱਕ ਦਿਨ ਸਵੇਰ ਦੀ ਅਰਦਾਸ ਦੇ ਭੋਗ ਤੋਂ ਬਾਅਦ ਸੇਵਾਦਾਰਾਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਸਰੋਵਰ ਦੀ ਉਸਾਰੀ ਸ਼ੁਰੂ ਕਰਨ ਲਈ ਤਿਆਰ ਹੋਣ ਲਈ ਕਿਹਾ। ਉਨ੍ਹਾਂ ਸਾਰਿਆਂ ਦਾ ਵਿਚਾਰ ਸੀ ਕਿ ਇਸ ਨੂੰ ਪੂਰਾ ਕਰਨ ਲਈ ਘੱਟੋ-ਘੱਟ ਇਕ ਸਾਲ ਦਾ ਸਮਾਂ ਲੱਗੇਗਾ। ਬਾਬਾ ਜੀ ਨੇ ਦੱਸਿਆ ਕਿ ਉਨ੍ਹਾਂ ਨੂੰ ਆਉਣ ਵਾਲੀ ਪੂਰਨਮਾਸ਼ੀ ਨੂੰ ਇਸ ਵਿੱਚ ਪਾਣੀ ਛੱਡਣ ਦੀ ਹਦਾਇਤ ਕੀਤੀ ਗਈ ਹੈ। ਇਸ ਤਰ੍ਹਾਂ ਬਾਬਾ ਜੀ ਨੇ 13 ਹਾੜ (ਜੂਨ ਦੇ ਆਖਰੀ ਹਫ਼ਤੇ) ਨੂੰ ਇਸ ਦੀ ਉਸਾਰੀ ਸ਼ੁਰੂ ਕੀਤੀ। ਨਾਨਕਸਰ ਸਰੋਵਰ ਚਮਤਕਾਰੀ ਢੰਗ ਨਾਲ ਰਿਕਾਰਡ 28 ਦਿਨਾਂ ਵਿੱਚ ਮੁਕੰਮਲ ਹੋ ਗਿਆ ਅਤੇ ਪੂਰਨਮਾਸ਼ੀ ਨੂੰ ਇਸ ਵਿੱਚ ਜਲ ਭਰ ਦਿੱਤਾ ਗਿਆ।

ਇੱਕ ਵਾਰ ਬਹੁਤ ਭਾਰੀ ਬਰਸਾਤ ਕਾਰਨ ਨਾਨਕਸਰ ਵਿਖੇ ਕੱਚੇ ਦੀ ਉਸਾਰੀ ਜ਼ਮੀਨ 'ਤੇ ਡਿੱਗ ਗਈ। ਜ਼ਮੀਨਦੋਜ਼ ਕੱਚੇ ਕਮਰੇ ਜਿੱਥੇ ਬਾਬਾ ਨੰਦ ਸਿੰਘ ਜੀ ਸਿਮਰਨ ਕਰਦੇ ਸਨ, ਪਾਣੀ ਭਰ ਗਿਆ। ਪੂਰਾ ਇਲਾਕਾ ਪਾਣੀ ਵਿਚ ਡੁੱਬ ਗਿਆ। ਜਦੋਂ ਪਾਣੀ ਘੱਟ ਗਿਆ ਤਾਂ ਬਾਬਾ ਈਸ਼ਰ ਸਿੰਘ ਜੀ ਨੇ ਗੁਰੂਦੁਆਰਾ ਸਾਹਿਬ ਦੀ ਨੀਂਹ ਰੱਖਣ ਲਈ ਮਲਬਾ ਹਟਾਉਣ ਦੀ ਹਦਾਇਤ ਕੀਤੀ ਜਿਸ ਨੂੰ ਨਾਨਕਸਰ ਕਲੇਰਾਂ ਵਜੋਂ ਜਾਣਿਆ ਜਾਵੇਗਾ। ਬਾਬਾ ਈਸ਼ਰ ਸਿੰਘ ਜੀ ਨੇ ਸੰਮਤ 2008 ਵਿੱਚ ਚੇਤ ਦੀ ਸੰਗਰਾਂਦ ਨੂੰ ਇਸ ਅਸਥਾਨ ਦੀ ਨੀਂਹ ਰੱਖੀ ਸੀ। ਵੱਡੀ ਗਿਣਤੀ ਵਿੱਚ ਸੰਗਤ ਜਿਨ੍ਹਾਂ ਵਿੱਚ ਤਰਖਾਣ, ਮਿਸਤਰੀ ਅਤੇ ਲੁਹਾਰ ਸ਼ਾਮਲ ਸਨ, ਮੁਫਤ ਸੇਵਾ ਕਰਨ ਲਈ ਆਏ ਸਨ। ਇੰਜਨੀਅਰ ਅਤੇ ਹੋਰ ਮਾਹਰ ਡਿਜ਼ਾਇਨ ਦੀ ਦੇਖਭਾਲ ਲਈ ਸਾਰੇ ਪਾਸੇ ਤੋਂ ਆਏ ਸਨ। ਗੋਲਡਨ ਕਲਸ, ਜੋ ਕਿ 39 ਫੁੱਟ ਗੋਲ ਅਤੇ 13 ਫੁੱਟ ਉੱਚਾ ਹੈ, ਨੂੰ ਵਿਸ਼ੇਸ਼ ਸਿਖਲਾਈ ਪ੍ਰਾਪਤ ਵਿਅਕਤੀਆਂ ਦੁਆਰਾ ਬਣਾਇਆ ਗਿਆ ਸੀ। ਬਾਬਾ ਜੀ ਨੇ ਨਾਨਕਸਰ ਆ ਕੇ ਮਰਯਾਦਾ (ਸੰਤ ਬਾਬਾ ਨੰਦ ਸਿੰਘ ਜੀ ਦੁਆਰਾ ਦੱਸੀ ਸਾਰੀ ਮਰਿਯਾਦਾ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ।

ਬਾਬਾ ਈਸ਼ਰ ਸਿੰਘ ਜੀ ਨੇ ਨਾ ਸਿਰਫ਼ ਸ੍ਰੀ ਸੁਖਮਨੀ ਸਾਹਿਬ ਜੀ ਦੇ ਕੀਰਤਨ ਅਤੇ ਅਖੰਡ ਪਾਠ ਨੂੰ ਜਾਰੀ ਰੱਖ ਕੇ ਬਾਬਾ ਨੰਦ ਸਿੰਘ ਜੀ ਦੇ ਭੋਜਨ ਦੇ ਕਦਮਾਂ ਦੀ ਪਾਲਣਾ ਕੀਤੀ, ਬਲਕਿ ਸ੍ਰੀ ਸੰਪਟ ਅਖੰਡ ਪਾਠਾਂ ਦੀ ਸ਼ੁਰੂਆਤ ਵੀ ਕੀਤੀ। ਸਭ ਤੋਂ ਮਹੱਤਵਪੂਰਨ ਵਾਧਾ ਵੱਡੇ ਪੱਧਰ 'ਤੇ ਅੰਮ੍ਰਿਤ ਛਕਾਉਣਾ ਸੀ ਜੋ ਤਕਰੀਬ ਸਾਡੇ ਸੱਤ ਲੱਗ ਸੀ। ਬਹੁਤ ਸਾਰੇ ਬਿਹੰਗਮ ਨਾਨਕਸਰ ਵਿਖੇ ਪੱਕੇ ਤੌਰ 'ਤੇ ਰਹਿਣ ਲੱਗ ਪਏ ਅਤੇ ਉਨ੍ਹਾਂ ਨੇ ਸਵੇਰੇ-ਸ਼ਾਮ ਕੀਰਤਨ ਦੀ ਡਿਊਟੀ ਸੰਭਾਲ ਲਈ। ਕਈ ਨਾਮਵਰ ਰਾਗੀਆਂ ਨੇ ਨਾਨਕਸਰ ਵਿਖੇ ਨਤਮਸਤਕ ਹੋ ਕੇ ਕੀਰਤਨ ਕੀਤਾ। ਬਾਬਾ ਜੀ ਨੇ ਪੂਰਨਮਾਸ਼ੀ 'ਤੇ ਵਿਸ਼ਾਲ ਦੀਵਾਨ ਲਗਾਉਣੇ ਸ਼ੁਰੂ ਕਰ ਦਿੱਤੇ। ਕਈ ਵਾਰ, ਬਾਬਾ ਜੀ ਨੇ ਵੱਖ-ਵੱਖ ਪਿੰਡਾਂ ਵਿੱਚ ਇੱਕ ਦਿਨ ਵਿੱਚ ਪੰਜ ਪੰਜ ਦੀਵਾਨ ਰੱਖੇ। ਬਾਬਾ ਜੀ ਨੇ ਭਾਰਤ ਦੇ ਮਹੱਤਵਪੂਰਨ ਸ਼ਹਿਰਾਂ ਦਾ ਦੌਰਾ ਕਰਕੇ ਇਸ ਮਿਸ਼ਨ ਨੂੰ ਪੂਰੇ ਭਾਰਤ ਵਿੱਚ ਨਾਮ ਬਾਣੀ ਦਾ ਛੱਟਾ ਦਿੱਤਾ। ਬਾਬਾ ਜੀ ਦਾ ਅੰਮ੍ਰਿਤ ਛਕਣ ਦਾ ਹੁਕਮ ਹਰ ਥਾਂ ਲਾਜ਼ਮੀ ਸੀ। ਬਾਬਾ ਈਸ਼ਰ ਸਿੰਘ ਜੀ ਨੇ ਲੱਖਾਂ ਲੋਕਾਂ ਨੂੰ ਅੰਮ੍ਰਿਤ ਛਕਾਉਣ ਵਿਚ ਅਹਿਮ ਭੂਮਿਕਾ ਨਿਭਾਈ। ਬਾਬਾ ਜੀ ਨੇ ਹਮੇਸ਼ਾ ਸਰਬ ਸਾਂਝੀਵਾਲਤਾ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ 'ਤੇ ਜ਼ੋਰ ਦਿੱਤਾ ਅਤੇ ਲੋਕਾਂ ਨੂੰ ਕਿਹਾ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੀਵਤ ਬ੍ਰਹਮਤਾ (ਸ੍ਰੀ ਗੁਰੂ ਨਾਨਕ ਦੇਵ ਜੀ) ਵਜੋਂ ਪ੍ਰਗਟ ਗੁਰਾਂ ਦੀ ਦੇਹ ਮੰਨ ਕੇ ਚੱਲਣ ਦਾ ਪ੍ਰਚਾਰ ਕੀਤਾ।



ਬਾਬਾ ਈਸ਼ਰ ਸਿੰਘ ਜੀ ਸਤੰਬਰ 1963 ਵਿਚ ਸਪਰੋਂ (ਸ਼ਿਮਲਾ) ਗਏ ਅਤੇ ਨਾਨਕਸਰ ਨੂੰ ਜਾਣ ਤੋਂ ਪਹਿਲਾਂ ਪਿੰਜੌਰ ਵਿਖੇ ਇਕ ਰਾਤ ਠਹਿਰੇ। ਬਾਬਾ ਜੀ ਨੇ 3 ਅਕਤੂਬਰ, 1963 ਨੂੰ ਪੂਰਨਮਾਸ਼ੀ ਦੇ ਦੀਵਾਨ ਵਿੱਚ ਸੰਗਤਾਂ ਨੂੰ ਸੰਬੋਧਨ ਕੀਤਾ ਸੀ। ਬਾਬਾ ਜੀ ਨੇ ਸੰਕੇਤ ਦਿੱਤਾ ਸੀ ਕਿ ਉਨ੍ਹਾਂ ਨੂੰ ਜਲਦੀ ਹੀ ਸਵਰਗੀ ਨਿਵਾਸ ਲਈ ਜਾਣਾ ਪਵੇਗਾ ਪਰ ਬਦਕਿਸਮਤੀ ਨਾਲ ਕੋਈ ਵੀ ਬਾਬਾ ਜੀ ਦੀਆਂ ਗੱਲਾਂ 'ਤੇ ਵਿਸ਼ਵਾਸ ਨਹੀਂ ਕਰ ਸਕਿਆ। 6 ਅਕਤੂਬਰ, 1963 ਨੂੰ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਦੀ ਅਰਦਾਸ ਉਪਰੰਤ ਬਾਬਾ ਈਸ਼ਰ ਸਿੰਘ ਜੀ ਇਸ ਸੰਸਾਰ ਨੂੰ ਅਲਵਿਦਾ ਆਖ ਕੇ ਰੋਂਦੇ ਹੋਏ ਇਸ ਸੰਸਾਰ ਨੂੰ ਅਲਵਿਦਾ ਕਹਿ ਕੇ ਅੱਖ ਝਪਕਦਿਆਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਪਹੁੰਚੇ।

26 ਮਾਰਚ ਨੂੰ ਉਹਨਾਂ ਦੇ ਜਨਮ ਦਿਵਸ ਤੇ ਆਉ ਸਭ ਉਹਨਾਂ ਨੂੰ ਯਾਦ ਕਰਦਿਆਂ ਉਹਨਾਂ ਵਲੋਂ ਚਲਾਏ ਬਾਣੀ ਤੇ ਬਾਣੇ ਦੇ ਧਾਰਨੀ ਬਣੀਏ, ਤੇ ਆਪਣਾ ਜਨਮ ਸੁਹੇਲਾ ਕਰੀਏ।

ਪੰਜਾਬੀ ਯੂਨੀਵਰਸਿਟੀ ਵਲੋਂ ਅਸਿਟੈਂਟ ਪ੍ਰੋਫੈਸਰਾਂ ਦੀ ਭਰਤੀ ਦੀ ਪ੍ਰਕ੍ਰਿਆ ਠੰਡੇ ਬਸਤੇ 'ਚ ਕਿਉਂ ?

ਪਿਛਲੇ ਸਾਲ ਸ਼ੁਰੂ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣੇ ਅਧੀਨ ਚਲ ਰਹੇ ਕੰਸਟੀਚਿਊਟ ਕਾਲਜਾਂ ਵਿੱਚ 6 ਪ੍ਰਿੰਸੀਪਲ ਅਤੇ 133 ਅਸਿਸਟੈਂਟ ਪ੍ਰੋਫੈਸਰਾਂ ਦੀਆਂ ਪੱਕੀਆਂ ਆਸਾਮੀਆਂ ਲਈ ਵਿਗਿਆਪਨ ਦਿੱਤਾ ਗਿਆ ।ਯੋਗ ਉਮਦਿਵਾਰਾਂ ਵਿੱਚ ਅਪਲਾਈ ਕਰਨ ਵੇਲੇ ਬੜਾ ਉਤਸ਼ਾਹ ਵੇਖਿਆ ਗਿਆ ।ਖੋਜ-ਪੱਤਰਾਂ , ਕਿਤਾਬਾਂ , ਪੇਪਰ ਰੀਡਿੰਗ ਆਦਿ ਥੱਬਾ-ਥੱਬਾ ਦਸਤਾਵੇਜ਼ ਕਿਲੋਆਂ 'ਚ ਵੀ ਜਮ੍ਹਾਂ ਕਰਵਾਏ ।ਕਿ ਕੰਮ ਹੁਣ ਬਣਿਆ ਸਮਝੋ ।ਅਪਲਾਈ ਕਰਨ ਦੀ ਆਖਰੀ ਤਾਰੀਖ 14 ਜਨਵਰੀ 2022 ਸੀ ਅਤੇ ਅਰਜ਼ੀ ਫੀਸ ਐਸ.ਟੀ. /ਐਸ.ਸੀ./ ਬੀ.ਸੀ. ਲਈ 750 ਰੁ: ਪਲੱਸ ਜੀ .ਐਸ. ਟੀ. ਕੁਲ 885 ਰੁ: , ਐਕਸ-ਸਰਵਿਸਮੈਨ / ਈ .ਡਬਲਿਯੂ . ਐਸ . ਲਈ 590 ਰੁ: (ਸਮੇਤ ਜੀ.ਐਸ.ਟੀ.) ਅਤੇ ਜਨਰਲ / ਦੂਜੀਆਂ ਸ੍ਰੇਣੀਆਂ ਲਈ (1770 ਰੁ: ਸਮੇਤ ਟੈਕਸ) ਰੱਖੀ ਗਈ ਜਿਸ ਨਾਲ ਲੱਖਾਂ ਰੁਪਿਆ ਯੂਨੀਵਰਸਿਟੀ ਕੋਲ ਜਮ੍ਹਾਂ ਹੋਇਆ ।ਇਹ ਸਾਰਾ ਕੁਝ ਯੂ.ਜੀ.ਸੀ. ਗਾਈਡ ਲਾਈਨਜ਼ ਅਨੁਸਾਰ ਕਰਨ ਦੀ ਗੱਲ ਕੀਤੀ ਗਈ ।ਆਸ ਸੀ ਨਵੇਂ ਆਏ ਵੀ .ਸੀ. ਨੇ ਸਿਖਿਆ ਸੁਧਾਰ ਲਈ ਇਨ੍ਹਾਂ ਕਾਲਜਾਂ ਉਸੇ ਸ਼ੈਸ਼ਨ ਦੌਰਾਨ ਭਰਤੀ ਕਰ ਜਾਵੇਗੀ ਪਰ ਊਠ ਦਾ ਬੁੱਲ੍ਹ ਲਟਕਦਾ ਹੀ ਰਹਿ ਗਿਆ ।ਇਸ ਤਰ੍ਹਾਂ ਦੇ ਕਦਮ ਨੌਜਵਾਨਾਂ ਅੰਦਰ ਨਿਰਾਸ਼ਾ ਪੈਦਾ ਕਰਨ ਤੋਂ ਇਲਾਵਾ ਹੋਰ ਕੀ ਕਰਨਗੇ ।ਆਪ ਸਰਕਾਰ ਨੂੰ ਵੀ ਇਸ ਬਾਰੇ ਲੋੜੀਂਦੇ ਫੰਡ ਜਾਰੀ ਕਰਨ 'ਚ ਝਿਜਕ ਨਹੀਂ ਕਰਨੀ ਚਾਹੀਦੀ ।ਉਚੇਰੀ ਸਿੱਖਿਆ ਮੰਤਰੀ ਉਚੇਰੀ ਸਿਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਗੰਭੀਰ ਹਨ ਸੋ ਉਨ੍ਹਾਂ ਨੂੰ ਵੀ ਇਸ ਮਾਮਲੇ ਜਲਦੀ ਤੋਂ ਜਲਦੀ ਭਰਤੀ ਪ੍ਰਕ੍ਰਿਆ ਸ਼ੁਰੂ ਕਰਾਉਣ 'ਚ ਆਪਣਾ ਬਣਦਾ ਰੋਲ ਅਦਾ ਕਰਨਾ ਚਾਹੀਦਾ ਹੈ ।ਯੂਨੀਵਰਸਿਟੀ ਨੇ ਇਨ੍ਹਾਂ ਕਾਲਜਾਂ ਨੂੰ ਸ਼ੁਰੂ ਕਰਕੇ ਪੇਂਡੂ ਖੇਤਰ ਵਿੱਚ ਵਿੱਦਿਆ ਦੇ ਪਾਸਾਰ ਕਰਨ ਲਈ ਉਪਰਾਲਾ ਕੀਤਾ ਸੀ ਜਿਸ ਨਾਲ ਗਰੀਬ ਪਰਿਵਾਰਾਂ ਦੇ ਬੱਚਿਆਂ ਅਤੇ ਖਾਸ ਕਰਕੇ ਪੇਂਡੂ ਲੜਕੀਆਂ ਲਈ ਲਾਹੇਵੰਦ ਹਨ ।ਪਰ ਇਨ੍ਹਾਂ ਕਾਲਜਾਂ ਅੰਦਰ ਸਟਾਫ ਦੀ ਕਮੀ ਰੜਕ ਰਹੀ ਹੈ ਜਿਸ ਨਾਲ ਮਿਆਰੀ ਸਿੱਖਿਆ ਨੌਜਵਾਨਾਂ ਨੂੰ ਨਹੀਂ ਮਿਲ ਰਹੀ ।ਹਜ਼ਾਰਾਂ ਯੋਗ ਬੇਰੁਜ਼ਗਾਰ ਉੱਚ ਡਿਗਰੀਆਂ , ਤਜ਼ਰਬੇ ਆਦਿ ਚੁੱਕੀਂ ਫਿਰਦੇ ਹਨ ।ਪਿਛਲੀ ਸਰਕਾਰ ਨੇ ਜਾਂਦੇ ਜਾਂਦੇ ਕਾਹਲੀ ਨਾਲ ਅਸਿਟੈਂਟ ਪ੍ਰੋਫੈਸਰਾਂ ਦੀ ਭਰਤੀ ਮੁਕੰਮਲ ਕਰਕੇ ਨਿਯੁਕਤੀ ਪੱਤਰ ਦੇਣੇ ਸ਼ੁਰੂ ਕਰ ਦਿੱਤੇ ਸੀ ਪਰ ਇਹ ਭਰਤੀ ਮਾਨਯੋਗ ਹਾਈ ਕੋਰਟ ਨੇ ਸਟੇਅ ਕਰਕੇ ਬਾਅਦ 'ਚ ਭਰਤੀ ਰੱਦ ਕਰਨ ਦਾ ਫੈਸ਼ਲਾ ਸੁਣਾ ਦਿੱਤਾ ਸਰਕਾਰ ਨੇ ਹੁਣ ਡਬਲ ਬੈਂਚ 'ਚ ਅਪੀਲ ਪਾਈ ਹੋਈ ਦੇਖੋ ਸਰਕਾਰ ਦੀ ਕੀ ਕਾਮਯਾਬੀ ਹੁੰਦੀ ਹੈ।

ਹਾਲ ਦੀ ਘੜੀ ਪੰਜਾਬ ਅੰਦਰ ਸਰਕਾਰੀ ਅਤੇ ਕੰਸਟੀਚਿਊਟ ਕਾਲਜਾਂ ਦੀ ਸਥਿਤੀ ਡਾਵਾਂ ਡੋਲ ਹੀ ਹੈ ।ਇਨ੍ਹਾਂ ਕਾਲਜਾਂ ਦੀਆਂ ਖਾਲੀ ਪੋਸਟਾਂ ਭਰਨ ਦੇ ਇਸ਼ਤਿਹਾਰ ਜਦੋਂ ਦਿੱਤੇ ਜਾਂਦੇ ਹਨ ਤਾਂ ਕੌਝਾ ਮਜ਼ਾਕ ਹੀ ਲੱਗਦਾ ਹੁੰਦਾ ਜਦੋਂ ਤਨਖਾਹ ਸਿਰਫ ਪੰਦਰਾਂ ਹਜ਼ਾਰ ਰੁ: , ਨਾਲ ਐਡਹਾਕ , ਕਿਸੇ ਸਮੇਂ ਕੱਢਣ ਦੀ ਗੱਲ , ਪੂਰਾ ਸ਼ੈਸ਼ਨ ਵੀ ਤਨਖਾਹ ਮਿਲਦੀ ਕੁਝ ਮਹੀਨੇ ਛੁੱਟੀ ਕਰ ਦਿੱਤੀ ਜਾਂਦੀ ਹੈ । ਇੱਕ ਚਪੜਾਸੀ ਵੀ ਪ੍ਰੋਫੈਸਰਾਂ ਤੋਂ ਵੱਧ ਤਨਖਾਹ ਲੈਂਦਾ ਹੈ , ਇਹ ਸਾਡੇ ਲਈ ਵੀ ਸੋਚਣ ਵਾਲੀ ਗੱਲ ਹੈ , ਇਹ ਮੁੱਦੇ ਨੂੰ ਸਾਡੇ ਰਾਜਨੀਤਕ ਨੁਮਾਇੰਦਿਆਂ ਨੂੰ ਵਿਧਾਨ ਸਭਾ / ਲੋਕਾਂ 'ਚ ਉਠਾਉਣਾ ਚਾਹੀਦਾ ਹੈ ।ਵਿਰੋਧੀ ਪਾਰਟੀਆਂ ਵੀ ਅੱਖਾਂ ਮੀਚ ਕੇ ਸਮਾਂ ਲੰਘਾਉਣ ਦੀ ਨੀਤੀ ਅਪਣਾਉਂਦੀਆਂ ਹਨ , ਸਿਰਫ ਵੋਟਾਂ ਵੇਲੇ ਲੋਕਾਂ ਨੂੰ ਸਬਜ਼ਬਾਗ ਦਿੰਦੀਆਂ ਹਨ । ਸੋ ਪੰਜਾਬੀ ਯੂਨੀਵਰਸਿਟੀ ਨੂੰ ਇਸ ਬਾਰੇ ਸਪਸ਼ਟ ਕਰਨਾ ਚਾਹੀਦਾ ਹੈ ਕਿ ਇਹ ਭਰਤੀ ਕਿਉਂ ਨਹੀਂ ਹੋ ਰਹੀ , ਕਿਹੜਾ ਅੜਿੱਕਾ ਲੱਗ ਗਿਆ , ਇਹ ਦੂਰ ਕਿਵੇਂ ਹੋਵੇਗਾ, ਜਿਸ ਭਰਤੀ ਨੂੰ ਬੇਸਬਰੀ ਨਾਲ ਯੋਗ ਉਮੀਦਵਾਰ ਉਡੀਕ ਰਹੇ ਹਨ ।

ਮੇਜਰ ਸਿੰਘ ਨਾਭਾ ਮੋ: 9463553962 , ਗੁਰੂ ਤੇਗ ਬਹਾਦਰ ਨਗਰ , ਨਾਭਾ (ਪਟਿਆਲਾ)

ਇਤਿਹਾਸਕ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ

-ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜਿਲ੍ਹਾ ਲੁਧਿਆਣਾ।
ਮੋਬਾ-7527931887

ਇਹ ਗੁਰਦੁਆਰਾ ਸਾਹਿਬ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਚੌਥੇ ਸਪੁੱਤਰ ਬਾਬਾ ਅਟੱਲ ਰਾਏ ਸਾਹਿਬ ਜੀ ਦੀ ਯਾਦ ਵਿੱਚ ਸੁਸ਼ੋਭਿਤ ਹੈ। ਬਾਬਾ ਅਟੱਲ ਰਾਏ ਸਾਹਿਬ ਜੀ ਦਾ ਜਨਮ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਮਤ 1676 (1619 ਈਸਵੀ) ਵਿੱਚ ਹੋਇਆ। ਬਾਬਾ ਅਟੱਲ ਰਾਏ ਸਾਹਿਬ ਜੀ ਬਚਪਨ ਤੋਂ ਹੀ ਯੋਗੀ ਅਥਵਾ ਸਾਧੂ-ਸੁਭਾਉ ਵਾਲਾ ਸੀ। ਛੋਟੀ ਅਵਸਥਾ ਵਿੱਚ ਹੀ ਜੋ ਕੁੱਝ ਆਖਦੇ, ਉਹ ਸੱਚ ਹੁੰਦਾ ਸੀ। ਇਸੇ ਕਰਕੇ ਬਚਪਨ ਵਿਚ ਹੀ ਸਾਰੇ ਉਹਨਾਂ ਨੂੰ ਬਾਬਾ ਜੀ ਕਹਿੰਦੇ ਸਨ। ਬਾਲ ਅਵਸਥਾ ਵਿਚ ਆਪ ਹਾਣੀ ਬਾਲਕਾਂ ਨਾਲ ਖਿੱਦੋ-ਖੂੰਡੀ ਖੇਡਿਆ ਕਰਦੇ ਸਨ। ਇਕ ਦਿਨ ਖੇਡਦਿਆਂ-ਖੇਡਦਿਆਂ ਇਕ ਬਾਜੀ ਬਾਲਕ ਮੋਹਨ ਸਿਰ ਆਈ, ਜੋ ਉਸ ਨੇ ਦੂਜੇ ਦਿਨ ਦੇਣ ਦਾ ਬਚਨ ਕੀਤਾ। ਮੋਹਨ ਨੂੰ ਰਾਤ ਨੂੰ ਸੱਪ ਨੇ ਡੰਗ ਮਾਰਿਆ ਤੇ ਉਸ ਦੀ ਮੌਤ ਹੋ ਗਈ। ਦੂਸਰੇ ਦਿਨ ਜਦ ਬਾਲਕ ਮੋਹਨ ਬਾਜੀ ਦੇਣ ਲਈ ਨਾ ਪੁੱਜਾ ਤਾਂ ਬਾਬਾ ਅਟੱਲ ਰਾਏ ਜੀ ਸਾਥੀਆਂ ਸਣੇ ਮੋਹਨ ਦੇ ਘਰ ਗਏ। ਅੱਗੇ ਕੀ ਦੇਖਦੇ ਹਨ ਕਿ ਮੋਹਨ ਦੇ ਮਾਤਾ-ਪਿਤਾ ਵਿਰਲਾਪ ਕਰ ਰਹੇ ਸਨ। ਰੋਂਦੇ ਮਾਪਿਆਂ ਨੇ ਬਾਬਾ ਜੀ ਨੂੰ ਮੋਹਨ ਦੇ ਰਾਤ ਸੱਪ ਲੜ ਕੇ ਮਰ ਜਾਣ ਦਾ ਹਾਲ ਦੱਸਿਆ। ਇਹ ਸੁਣ ਕੇ ਬਾਬਾ ਜੀ ਅੱਗੇ ਵਧੇ ਤੇ ਆਪਣੀ ਖੂੰਡੀ ਮੋਹਨ ਦੇ ਗਲ ਵਿੱਚ ਪਾ ਕੇ ਕਿਹਾ ਉੱਠ ਸਾਡੀ ਬਾਜੀ ਦੇਹ। ਬਾਬਾ ਜੀ ਦੇ ਬਚਨਾਂ ਨਾਲ ਮੋਹਨ ਉੱਠ ਖੜ੍ਹਾ ਹੋਇਆ। ਮੋਹਨ ਦੇ ਮਾਤਾ-ਪਿਤਾ ਇਹ ਦੇਖ ਕੇ ਡਾਢੇ ਖੁਸ਼ ਹੋਏ। ਇਸ ਗੱਲ ਦੀ ਚਰਚਾ ਸਾਰੇ ਸ਼ਹਿਰ ਵਿਚ ਬੜੀ ਹੋਈ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਵੀ ਇਸ ਘਟਨਾ ਦਾ ਪਤਾ ਲੱਗਿਆ। ਗੁਰੂ ਜੀ ਬਹੁਤ ਨਾਰਾਜ ਹੋਏ। ਬਾਬਾ ਅਟੱਲ ਰਾਏ ਸਾਹਿਬ ਜੀ ਸਤਿਗੁਰੂ ਜੀ ਦੀ ਹਜੂਰੀ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਆਏ। ਸਤਿਗੁਰੂ ਪਿਤਾ ਜੀ ਦਾ ਕ੍ਰੋਧ ਦੇਖ ਕੇ

ਬਾਬਾ ਅਟੱਲ ਰਾਏ ਨਮਸਕਾਰ ਕਰਕੇ ਅਡੋਲ ਚਲੇ ਗਏ ਤੇ ਇਸ ਥਾਂ, ਜਿਸ ਥਾਂ ਅੱਜਕੱਲ੍ਹ ਗੁਰਦੁਆਰਾ ਅਟੱਲ ਰਾਏ ਸਾਹਿਬ ਸੁਸ਼ੋਭਿਤ ਹੈ, ਆਏ ਤੇ ਇਸ ਥਾਂ ਚਾਦਰ ਤਾਣ ਕੇ ਲੇਟ ਗਏ ਤੇ ਸਰੀਰ ਤਿਆਗ ਦਿੱਤਾ। ਇਹ ਕੌਤਕ ਸੰਮਤ 1685 ਅੱਸੂ ਵਦੀ 10 ਵਾਲੇ ਦਿਨ ਵਰਤਿਆ। ਪਤਾ ਲੱਗਣ ਤੇ ਸੰਗਤਾਂ ਸਮੇਤ ਸਤਿਗੁਰੂ ਏਥੇ ਆਏ ਤੇ ਆਪਣੇ ਸਪੁੱਤਰ ਬਾਬਾ ਅਟੱਲ ਰਾਏ ਸਾਹਿਬ ਜੀ ਦਾ ਏਥੇ ਸੰਸਕਾਰ ਕੀਤਾ। ਸੰਸਕਾਰ ਸਮੇਂ ਜਿਸ ਥਾਂ ਗੁਰੂ ਹਰਗੋਬਿੰਦ ਸਾਹਿਬ ਸੰਗਤਾਂ ਨਾਲ ਬੈਠੇ ਸਨ ਉਸ ਥਾਂ ਗੁਰਦੁਆਰਾ ਬਾਰਾਂਦਰੀ ਸੁਸ਼ੋਭਿਤ ਹੈ। ਅਕਾਲ ਚਲਾਣੇ ਸਮੇਂ ਬਾਬਾ ਜੀ ਦੀ ਉਮਰ 9 ਸਾਲ ਦੀ ਸੀ। ਸੰਸਕਾਰ ਵਾਲੀ ਥਾਂ 'ਤੇ ਗੁਰਦੁਆਰਾ ਸਾਹਿਬ ਬਣਾਇਆ ਗਿਆ। ਸੰਸਕਾਰ ਵਾਲੀ ਜਗ੍ਹਾ ਪਹਿਲਾਂ ਛੋਟਾ ਗੁਰਦੁਆਰਾ ਸਾਹਿਬ ਸੀ, ਬਾਅਦ ਵਿਚ 9 ਮੰਜ਼ਿਲਾਂ ਗੁਰਦੁਆਰਾ ਸਾਹਿਬ ਉਸਾਰਿਆ ਗਿਆ। ਪਹਿਲੀਆਂ ਤਿੰਨ ਮੰਜ਼ਿਲਾਂ ਬਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸਰਦਾਰ ਜੋਧ ਸਿੰਘ ਨੇ ਉਸਾਰੀਆਂ। ਇਸ ਤੋਂ ਉਪਰਲੀਆਂ ਮੰਜ਼ਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1820 ਵਿਚ ਉਸਾਰੀਆਂ। ਮੰਨਿਆ ਜਾਂਦਾ ਹੈ ਕਿ ਇਸ ਇਮਾਰਤ ਦੀਆਂ 9 ਮੰਜ਼ਿਲਾਂ ਦਾ ਸਬੰਧ ਬਾਬਾ ਅਟੱਲ ਰਾਏ ਦੀ ਉਮਰ ਨਾਲ ਹੈ ਜੋ 9 ਸਾਲ ਦੀ ਉਮਰ ਅਕਾਲ ਚਲਾਣਾ ਕਰ ਗਏ ਸਨ। ਗੁਰਦੁਆਰਾ ਸਾਹਿਬ ਦੀ ਇਹ ਇਮਾਰਤ ਇਤਿਹਾਸਕ ਹੈ ਅਤੇ ਨਾਲ ਹੀ ਭਵਨ ਨਿਰਮਾਣ ਕਲਾ ਪੱਖੋਂ ਵੀ ਬਹੁਤ ਖ਼ੂਬਸੂਰਤ ਹੈ। ਇਸ ਇਮਾਰਤ ਦੀਆਂ ਦੀਵਾਰਾਂ 'ਤੇ ਨਕਾਸ਼ਾਂ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਿਤ ਸੁੰਦਰ ਚਿੱਤਰ ਬਣਾਏ ਗਏ ਹਨ। ਇਹ ਇਮਾਰਤ ਅੰਮ੍ਰਿਤਸਰ ਸਾਹਿਬ ਵਿਚ ਸਾਰੀਆਂ ਇਮਾਰਤਾਂ ਨਾਲੋਂ ਉੱਚੀ ਇਮਾਰਤ ਹੈ। ਇਸ ਦੀ ਉੱਪਰਲੀ ਛੱਤ 'ਤੇ ਖੜ੍ਹੇ ਹੋ ਕੇ ਪੂਰਾ ਅੰਮ੍ਰਿਤਸਰ ਸ਼ਹਿਰ ਦੇਖਿਆ ਜਾ ਸਕਦਾ ਹੈ। ਇਹ ਗੁਰਦੁਆਰਾ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੋਂ 200 ਮੀਟਰ ਦੀ ਦੂਰੀ 'ਤੇ ਦੱਖਣ ਵੱਲ ਕੌਲਸਰ ਸਰੋਵਰ ਦੇ ਨੇੜੇ ਸੁਸ਼ੋਭਿਤ ਹੈ।

ਆਪਣੇ ਲਈ ਸਮਾਂ ਕੱਢੋ

ਅੱਜ ਕੱਲ ਮਿਲਾਵਟ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਖਾਣ-ਪੀਣ ਵਾਲੀ ਹਰ ਵਸਤੂ ਵਿੱਚ ਮਿਲਾਵਟ ਹੈ। ਛੋਟੀ ਛੋਟੀ ਉਮਰ ਦੇ ਬੱਚਿਆਂ ਨੂੰ" ਹਾਰਟ ਅਟੈਕ" ਹੋ ਰਹੇ ਹਨ। ਇਨਸਾਨ ਦਾ ਸਰੀਰ ਬੀਮਾਰੀਆਂ ਨਾਲ ਘਿਰਿਆ ਹੋਇਆ ਹੈ। ਸੋ ਸੈਰ ਬਹੁਤ ਜਰੂਰੀ ਹੈ। ਅਕਸਰ ਲੋਕ ਕਹਿੰਦੇ ਹਨ ਕਿ ਸਾਡੇ ਕੋਲ ਸਮਾਂ ਨਹੀਂ ਹੈ ਕਿ ਅਸੀਂ ਕਸਰਤ ਕਰੀਏ। ਮੋਬਾਇਲ , ਲੈਪਟਾਪ ਤੇ ਲਗਾਤਾਰ ਕੰਮ ਕਰਨ ਕਾਰਨ ਅੱਜ-ਕੱਲ੍ਹ ਸਰਵਾਈਕਲ, ਰੀੜ ਦੀ ਹੱਡੀ ਦੀ ਸਮੱਸਿਆ ਬਹੁਤ ਜ਼ਿਆਦਾ ਹੋ ਚੁੱਕੀ ਹੈ। ਸਵੇਰੇ ਜਲਦੀ ਉੱਠ ਕੇ ਇੱਕ ਘੰਟਾ ਸੈਰ ਕਰੋ। ਸਵੇਰੇ ਸੈਰ ਨਾਲ ਸਾਰਾ ਦਿਨ ਵਧੀਆ ਨਿਕਲਦਾ ਹੈ। ਚੁਸਤੀ ਰਹਿੰਦੀ ਹੈ। ਚਿਹਰੇ 'ਤੇ ਖੁਸ਼ੀ ਰਹਿੰਦੀ ਹੈ। ਜਿੰਮ ਜਾਓ। ਉੱਥੇ ਜਾ ਕੇ ਕਸਰਤ ਕਰੋ।

ਸੰਜੀਵ ਸਿੰਘ ਸੈਣੀ,
ਮੋਹਾਲੀ 7888966168

ਅੱਜ ਵਿਗਿਆਨ ਨੇ ਬਹੁਤ ਤਰੱਕੀ ਕਰ ਲਈ ਹੈ। ਦੁਨੀਆਂ ਚੰਨ ਤੱਕ ਪੁੱਜ ਚੁੱਕੀ ਹੈ। ਤੇਜ ਰਫਤਾਰ ਜ਼ਿੰਦਗੀ ਵਿੱਚ ਕਿਸੇ ਕੋਲ ਵੀ 5 ਕੁ ਮਿੰਟ ਦਾ ਸਮਾਂ ਵੀ ਨਹੀਂ ਹੈ। ਭੱਜ-ਦੌੜ ਭਰੀ ਜ਼ਿੰਦਗੀ ਵਿਚ ਸਵੇਰ ਤੋਂ ਸਾਮ ਤਕ ਪਤਾ ਨਹੀਂ ਲੱਗਦਾ ਕਿ ਦਿਨ ਕਿਵੇਂ ਬੀਤ ਗਿਆ। ਸਾਡੇ ਦੋਸਤ ਵੀ ਬਹੁਤ ਹੁੰਦੇ ਹਨ। ਅਸੀਂ ਉਨ੍ਹਾਂ ਲਈ ਵੀ ਸਮਾਂ ਕੱਢਦੇ ਹਾਂ। ਪਰ ਅਸੀਂ ਆਪਣੇ ਲਈ ਬਹੁਤ ਹੀ ਘੱਟ ਵਕਤ ਕੱਢਦੇ ਹਾਂ।ਇਨਸਾਨ ਕੋਲ ਆਪਣੇ ਪਰਿਵਾਰ ਲਈ ਸਮਾਂ ਨਹੀਂ ਹੈ।ਤਾਂ ਵਿਚਾਰਨ ਵਾਲੀ ਗੱਲ ਹੈ ਜੋ ਇਨਸਾਨ ਆਪਣੇ ਪਰਿਵਾਰ ਨਾਲ ਸਮਾਂ ਨਹੀਂ ਗੁਜਾਰ ਸਕਦਾ , ਇਕੱਠੇ ਇਕ ਟੇਬਲ ਤੇ ਬੈਠ ਕੇ ਖਾਣਾ ਨਹੀਂ ਖਾ ਸਕਦਾ, ਕਿ ਉਹ ਆਪਣੇ ਲਈ ਸਮਾਂ ਕੱਢ ਰਿਹਾ ਹੈ। ਪੈਸੇ ਦੀ ਹੋੜ ਲੱਗੀ ਹੋਈ ਹੈ। ਭਰਾ ਭਰਾ ਨਾਲੋਂ ਅੱਗੇ ਨਿਕਲ ਜਾਣਾ ਚਾਹੁੰਦਾ ਹੈ। ਸਰੀਰ ਨੂੰ ਮਸੀਨ ਹੀ ਬਣਾ ਲਿਆ ਹੈ। ਸਾਇਦ ਕੋਈ ਅਜਿਹਾ ਹੋਵੇ ਜੋ 24 ਘੰਟਿਆਂ ਵਿੱਚੋਂ ਆਪਣੇ ਲਈ ਇੱਕ ਘੰਟਾ ਕੱਢਦਾ ਹੋਵੇ। ਜੋ ਇਨਸਾਨ ਆਪਣੇ ਲਈ ਸਮਾਂ ਕੱਢਦਾ ਹੈ, ਉਸ ਦੀ ਜ਼ਿੰਦਗੀ ਬਹੁਤ ਖ਼ੂਬਸੂਰਤ ਹੋ ਜਾਂਦੀ ਹੈ। ਉਸਨੂੰ ਜ਼ਿੰਦਗੀ ਜਿਉਣ ਦਾ ਮਕਸਦ ਪਤਾ ਚੱਲ ਜਾਂਦਾ ਹੈ। ਜ਼ਿੰਦਗੀ ਚੜਦੇ ਛਿਪਦੇ ਪ੍ਰਛਾਵੇਂ ਦੀ ਤਰ੍ਹਾਂ ਹੁੰਦੀ ਹੈ। ਅੱਜ ਤੇਜ ਰਫਤਾਰ ਜ਼ਿੰਦਗੀ ਵਿੱਚ ਜੇ ਕਿਸੇ ਇਨਸਾਨ ਕੋਲ ਸਮਾਂ ਵੀ ਹੈ, ਤਾਂ ਉਹ ਸਮਾਂ ਮੋਬਾਇਲ ਨੇ ਖਾ ਲਿਆ ਹੈ। ਰੋਟੀ ਚਾਹੇ ਨਾ ਮਿਲੇ, ਪਰ ਮੋਬਾਇਲ ਜਰੂਰ ਹੋਵੇ। ਕਿਸੇ ਅਫਸੋਸ ਤੇ ਚਲੇ ਜਾਓ, ਕਿਤੇ ਵੀ ਚਲੇ ਜਾਓ! ਅਕਸਰ ਇਨਸਾਨਾਂ ਦੇ ਕੰਨ ਨਾਲ ਲੱਗਿਆ ਮੋਬਾਇਲ ਆਮ ਦੇਖਿਆ ਜਾ ਰਿਹਾ ਹੈ। ਜੇ ਪੰਜ ਮਿੰਟ ਮੋਬਾਇਲ ਕਿੱਥੇ ਰੱਖ ਕੇ ਭੁੱਲ ਜਾਈਏ ਤਾਂ ਜ਼ਿੰਦਗੀ ਵਿੱਚ ਤੁਫਾਨ ਜਿਹਾ ਆ ਜਾਂਦਾ ਹੈ।ਆਪਣੇ ਆਪ ਨਾਲ ਪਿਆਰ ਕਰੋ।

ਸਮਾਂ ਕੱਢ ਕੇ ਆਪਣੇ ਆਪ ਨੂੰ ਜਾਣੋ। ਆਪਣੇ ਆਪ ਨਾਲ ਗੱਲਾਂ ਕਰੋ। ਤੁਸੀਂ ਕੀ ਹੋ ? ਕਿਤਾਬਾਂ ਇਨਸਾਨ ਦੀ ਸਖਸੀਅਤ ਨਿਖਾਰਦੀਆਂ ਹਨ। ਕਿਤਾਬਾਂ ਪੜ੍ਹਨ ਨਾਲ ਇਨਸਾਨ ਨੂੰ ਜਾਣਕਾਰੀ ਮਿਲਦੀ ਹੈ। ਅੱਜ ਕੱਲ੍ਹ ਮੋਬਾਇਲ ਨੇ ਹੀ ਕਿਤਾਬਾਂ ਦੀ ਜਗ੍ਹਾ ਲੈ ਲਈ ਹੈ। ਕਿਤਾਬਾਂ ਛੱਪ ਤਾਂ ਬਹੁਤ ਰਹੀਆਂ ਹਨ ,ਪਰ ਰੱਬ ਜਾਣੇ ਇਹਨਾਂ ਨੂੰ ਕੋਈ ਪੜ੍ਹਦਾ ਵੀ ਹੈ ਜਾਂ ਨਹੀਂ। ਚੰਗੇ ਲੇਖਕਾਂ ਦੀ ਕਮੀ ਨਹੀਂ ਹੈ।ਕਿਤਾਬਾਂ ਪੜ੍ਹਨ ਨਾਲ ਤੁਹਾਡਾ ਨਜਰੀਆ ਬਦਲ ਜਾਂਦਾ ਹੈ। ਕਿਤਾਬਾਂ ਮਨੁੱਖ ਦੀਆਂ ਚੰਗੀਆਂ ਦੋਸਤ ਹੁੰਦੀਆਂ ਹਨ। ਕਿਹਾ ਵੀ ਜਾਂਦਾ ਹੈ ਅਕਸਰ ਕਿ ਚੋਰ ਚਾਹੇ ਜੋ ਮਰਜੀ ਚੋਰੀ ਕਰ ਕੇ ਲੈ ਜਾਵੇ, ਜੋ ਕਿਤਾਬੀ ਗਿਆਨ ਹੈ, ਉਸ ਨੂੰ ਕਦੇ ਵੀ ਚੋਰੀ ਨਹੀਂ ਕਰ ਸਕਦਾ। ਸਾਨੂੰ ਆਪਣੇ ਘਰ ਵਿੱਚ ਇੱਕ ਛੋਟੀ ਲਾਇਬ੍ਰੇਰੀ ਬਣਾਉਣੀ ਚਾਹੀਦੀ ਹੈ। ਜਿਸ ਵਿਸੇ ਵਿੱਚ ਸਾਡੀ ਦਿਲਚਸਪੀ ਹੈ ,ਉਸ ਵਿਸੇ ਤੋਂ ਸੰਬੰਧਿਤ ਕਿਤਾਬ ਖਰੀਦ ਕੇ ਆਪਣੇ ਘਰ ਲੈ ਕੇ ਆਓ। ਜੋ ਅੱਜ ਕੱਲ ਦੇ ਵਿਦਿਆਰਥੀ ਹਨ, ਉਹ ਸਿਰਫ ਸਿਲੇਬਸ ਤੋਂ ਸੰਬੰਧਿਤ ਪੁਸਤਕ ਹੀ ਪੜ੍ਹਦੇ ਹਨ। ਲਾਇਬ੍ਰੇਰੀ ਜਾਣ ਦੀ ਦਿਲਚਸਪੀ ਬਿਲਕੁਲ ਵੀ ਨਹੀਂ ਰਹੀ ਹੈ। ਸੌ ਮਹੀਨੇ ਵਿੱਚ ਇੱਕ ਕਿਤਾਬ ਇਨਸਾਨ ਨੂੰ ਜਰੂਰ ਪੜ੍ਹਨੀ ਚਾਹੀਦੀ ਹੈ। ਸਮਾਜ ਵਿੱਚ ਰਹਿਣ ਦਾ ਢੰਗ, ਬੋਲ ਬਾਣੀ ਵਿੱਚ ਨਿਖਾਰ ਆ ਜਾਂਦਾ ਹੈ। ਅਖਬਾਰ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ।

ਅੱਜ ਕੱਲ ਮਿਲਾਵਟ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਖਾਣ-ਪੀਣ ਵਾਲੀ ਹਰ ਵਸਤੂ ਵਿੱਚ ਮਿਲਾਵਟ ਹੈ। ਛੋਟੀ ਛੋਟੀ ਉਮਰ ਦੇ ਬੱਚਿਆਂ ਨੂੰ" ਹਾਰਟ ਅਟੈਕ" ਹੋ ਰਹੇ ਹਨ। ਇਨਸਾਨ ਦਾ ਸਰੀਰ ਬੀਮਾਰੀਆਂ ਨਾਲ ਘਿਰਿਆ ਹੋਇਆ ਹੈ। ਸੋ ਸੈਰ ਬਹੁਤ ਜਰੂਰੀ ਹੈ। ਅਕਸਰ ਲੋਕ ਕਹਿੰਦੇ ਹਨ ਕਿ ਸਾਡੇ ਕੋਲ ਸਮਾਂ ਨਹੀਂ ਹੈ ਕਿ ਅਸੀਂ ਕਸਰਤ ਕਰੀਏ। ਮੋਬਾਇਲ , ਲੈਪਟਾਪ ਤੇ ਲਗਾਤਾਰ ਕੰਮ ਕਰਨ ਕਾਰਨ ਅੱਜ-ਕੱਲ੍ਹ ਸਰਵਾਈਕਲ, ਰੀੜ ਦੀ ਹੱਡੀ ਦੀ ਸਮੱਸਿਆ ਬਹੁਤ ਜ਼ਿਆਦਾ ਹੋ ਚੁੱਕੀ ਹੈ। ਸਵੇਰੇ ਜਲਦੀ ਉੱਠ ਕੇ ਇੱਕ ਘੰਟਾ ਸੈਰ ਕਰੋ। ਸਵੇਰੇ ਸੈਰ ਨਾਲ ਸਾਰਾ ਦਿਨ ਵਧੀਆ ਨਿਕਲਦਾ ਹੈ। ਚੁਸਤੀ ਰਹਿੰਦੀ ਹੈ।ਚਿਹਰੇ ਤੇ ਖੁਸੀ ਰਹਿੰਦੀ ਹੈ।ਜਿੰਮ ਜਾਓ। ਉੱਥੇ ਜਾ ਕੇ ਕਸਰਤ ਕਰੋ। ਕਹਿਣ ਦਾ ਮਤਲਬ ਹੈ ਕਿ ਕਸਰਤ, ਸੈਰ ਕਰਨ ਨਾਲ ਸਰੀਰ ਨੂੰ ਬਿਮਾਰੀਆਂ ਤੋ ਬਚਾਇਆ ਜਾ ਸਕਦਾ ਹੈ।ਜਿਸ ਸਰੀਰ ਨਾਲ ਅਸੀਂ ਸਾਰਾ ਦਿਨ ਕੰਮ ਲੈਂਦੇ ਹਾਂ ,ਉਸ ਸਰੀਰ ਲਈ ਥੋੜਾ ਜਿਹਾ ਸਮਾਂ ਜਰੂਰ ਕੱਢੋ। ਸਾਈਕਲ ਚਲਾਓ। ਆਪਣੇ ਪਰਿਵਾਰ ਲਈ ਜਰੂਰ ਸਮਾਂ ਕੱਢੋ। ਰਿਸਤੇਦਾਰਾਂ ਨੂੰ ਸਮਾਂ ਦਿਓ ।ਦੁੱਖ-ਸੁੱਖ ਵਿੱਚ ਸਰੀਕ ਹੋਵੋ ।ਇਕੱਠੇ ਆਪਣੇ ਪਰਿਵਾਰ ਨਾਲ ਖਾਣਾ ਖਾਓ। ਟੈਲੀਵਿਜਨ ਦੇਖੋ । ਖਬਰਾਂ ਸੁਣੋ ।ਘਰ ਦਾ ਮਾਹੌਲ ਬਹੁਤ ਵਧੀਆ ਹੋਵੇਗਾ। ਕਈ ਵਾਰ ਪਰਿਵਾਰ ਵਿਚ ਮਾੜਾ ਮੋਟਾ ਮਨ-ਮੁਟਾਵ ਵੀ ਹੋ ਜਾਂਦਾ ਹੈ। ਸਹਿਣਸੀਲ ਰਹੋ। ਜੇ ਅਸੀਂ ਆਪਣੇ ਪਰਿਵਾਰ ਲਈ ਸਮਾਂ ਕੱਢਾਂਗੇ ਤਾਂ ਘਰ ਵਿੱਚ ਬਹੁਤ ਵਧੀਆ ਮਾਹੌਲ ਹੋਵੇਗਾ। ਸੋਸਲ ਮੀਡੀਆ ਤੋਂ ਦੂਰੀ ਬਣਾਓ। ਮੋਬਾਇਲ ਦੀ ਵਰਤੋਂ ਬਹੁਤ ਘੱਟ ਕਰੋ । ਅਕਸਰ ਦੇਖਿਆ ਜਾਂਦਾ ਹੈ ਕਿ ਕਈ ਇਨਸਾਨ ਜਦੋਂ ਕਿਸੇ ਨਾਲ ਗੱਲ ਕਰ ਰਹੇ ਹੁੰਦੇ ਹਨ, ਤਾਂ ਮੋਬਾਇਲ ਤੇ ਲੱਗੇ ਹੁੰਦੇ ਹਨ। ਉਹਨਾਂ ਦਾ ਦੂਜੇ ਦੀ ਗੱਲ ਵੱਲ ਬਿਲਕੁਲ ਧਿਆਨ ਨਹੀਂ ਰਹਿੰਦਾ। ਹੋਰ ਤਾਂ ਹੋਰ ਡਰਾਈਵਿੰਗ ਕਰਦੇ ਹੋਏ ਵੀ ਮੋਬਾਈਲ ਦੀ ਵਰਤੋਂ ਬਹੁਤ ਹੁੰਦੀ ਹੈ। ਜਿਸ ਕਾਰਨ ਕਈ ਵਾਰ ਅਣਸੁਖਾਵੀਂ ਘਟਨਾਵਾਂ ਵਾਪਰ ਜਾਂਦੀਆਂ ਹਨ। ਮੋਬਾਇਲ ਦਾ ਰੁਝਾਨ ਦਿਨ ਪ੍ਰਤੀ ਦਿਨ ਵੱਧ ਰਿਹਾ ਹੈ। ਰਾਤ ਨੂੰ ਲੰਮਾ ਸਮਾਂ ਮੋਬਾਇਲ ਤੇ ਲੱਗੇ ਰਹਿਣ ਕਾਰਨ ਸਵੇਰੇ ਸਮੇਂ ਸਿਰ ਅੱਖ ਹੀ ਨਹੀਂ ਖੁੱਲ੍ਹਦੀ। ਜਰੂਰਤ ਤੋਂ ਜ਼ਿਆਦਾ ਮੋਬਾਈਲ ਦੀ ਵਰਤੋਂ ਕਾਰਨ ਨੁਕਸਾਨ ਹੋ ਜਾਂਦਾ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਕਿਸੇ ਵੀ ਧਾਰਮਿਕ ਥਾਵਾਂ ਤੇ ਜਾਂਦੇ ਹਾਂ ਤਾਂ ਉਥੇ ਵੀ ਮੋਬਾਇਲਾਂ ਤੇ ਲੱਗੇ ਹੁੰਦੇ ਹਨ। ਵਿਚਾਰਨ ਵਾਲੀ ਗੱਲ ਹੈ ਕਿ ਤੁਸੀਂ 24 ਘੰਟਿਆਂ ਵਿੱਚੋਂ ਪਰਮਾਤਮਾ ਲਈ ਕਿਨਾਂ ਸਮਾਂ ਕੱਢਿਆ ਹੈ। ਫੇਸਬੁਕ ਤੇ ਜ਼ਿਆਦਾ ਸਮਾਂ ਨਾ ਗੁਜਾਰੋ। ਵੱਟਸਐਪ ਦਾ ਮਤਲਬ ਹੈ ਕਿ ਕਿਸੇ ਜਰੂਰੀ ਸੱਜਣ ਨੂੰ ਕੋਈ ਸੁਨੇਹਾ ਦੇਣਾ। ਕਿਸੇ ਦੀ ਫੋਟੋ ਲਾਇਕ ਜਾਂ ਕੁਮੈਂਟ ਕਰਕੇ ਆਪਣਾ ਸਮਾਂ ਖਰਾਬ ਨਾ ਕਰੋ ।ਸੁਰੂਆਤ ਵਿੱਚ ਇਹ ਥੋੜਾ ਔਖਾ ਲੱਗੇ, ਪਰ ਕੁਝ ਦਿਨਾਂ ਬਾਅਦ ਤੁਸੀਂ ਆਪਣੇ ਆਪ ਨੂੰ ਬਹੁਤ ਵਧੀਆ ਮਹਿਸੂਸ ਕਰੋਗੇ।

ਸਮੇਂ ਦੇ ਮੁਤਾਬਕ ਖੁਦ ਵਿੱਚ ਬਦਲਾਅ ਬਹੁਤ ਜਰੂਰੀ ਹੈ। ਮਨੁੱਖ ਨੂੰ ਹਮੇਸਾ ਕੁਝ ਨਾ ਕੁਝ ਸਿੱਖਦੇ ਰਹਿਣਾ ਚਾਹੀਦਾ ਹੈ। ਸਿੱਖਦੇ ਰਹਿਣਾ ਹੀ ਜ਼ਿੰਦਗੀ ਹੈ। ਤੁਸੀਂ ਜਦੋਂ ਤੁਹਾਡੇ ਕੋਲ ਸਮਾਂ ਹੁੰਦਾ ਹੈ, ਤੁਸੀਂ ਉਸ ਸਮੇਂ ਵਿਚੋਂ ਸਮਾਂ ਜਰੂਰ ਕੱਢੋ। ਆਪਣੀ ਹੌਬੀ ਨੂੰ ਸਮਾਂ ਦਿਓ। ਜੇ ਤੁਹਾਨੂੰ ਡਰਾਇੰਗ, ਪੇਂਟਿੰਗ ਕਰਨ ਦਾ ਸੌਕ ਹੈ ਤਾਂ ਉਸ ਲਈ ਸਮਾਂ ਕੱਢੋ। ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀ ਕਿਸੇ ਗਰੀਬ ਦੀ ਮਦਦ ਕਰਨਾ ਚਾਹੁੰਦੇ ਹੋ, ਤਾਂ ਆਪਣੀ ਜੇਬ ਦੇ ਮੁਤਾਬਕ ਲੋੜਵੰਦ ਦੀ ਮਦਦ ਕਰੋ ਕਰੋ। ਪੰਛੀਆਂ ਨੂੰ ਦਾਣਾ ਪਾ ਸਕਦੇ ਹੋ। ਜੇ ਬੂਟੇ ਲਗਾਉਣ ਦਾ ਸੌਕ ਹੈ, ਤਾਂ ਬੂਟੇ ਲਗਾਓ। ਸਮੇਂ ਸਿਰ ਉਨ੍ਹਾਂ ਨੂੰ ਪਾਣੀ ਦੇਵੋ। ਜੇਕਰ ਖੁਸ ਹੋਣ ਦਾ ਕੋਈ ਵੀ ਮੌਕਾ ਮਿਲੇ ਤਾਂ ਉਸ ਨੂੰ ਨਾ ਗਵਾਓ। ਹਮੇਸਾ ਸਕਰਾਤਮਕ ਸੋਚੋ, ਜਿਸ ਨਾਲ ਤੁਹਾਡੇ ਦਿਮਾਗ ਵਿੱਚ ਨਾਕਰਾਤਮਕ ਵਿਚਾਰ ਨਹੀਂ ਆਉਣਗੇ।

ਸੋ ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਪਰਿਵਾਰ ਨਾਲ ਆਪਣੀ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਆਪਣੇ ਲਈ ਜਰੂਰ ਸਮਾਂ ਕੱਢੋ। ਪਹਿਲਾਂ ਆਪਣੇ ਖੁਦ ਨਾਲ ਪਿਆਰ ਕਰੋ। ਹਰ ਇਨਸਾਨ ਦਾ ਆਪਣੇ ਆਪ ਨਾਲ ਗੂੜ੍ਹਾ ਸਬੰਧ ਹੁੰਦਾ ਹੈ। ਵਿਹਲਾ ਸਮਾਂ ਕੱਢ ਕੇ ਆਪਣੇ ਆਪ ਨਾਲ ਗੱਲਾਂ ਕਰੋ। ਆਪਣੇ ਆਪ ਨਾਲ ਸਮਾਂ ਗੁਜਾਰੋ। ਖੁਸੀਆਂ ਅਤੇ ਗਮ ਸਾਡੀ ਜ਼ਿੰਦਗੀ ਵਿੱਚ ਆਉਂਦੇ ਜਾਂਦੇ ਰਹਿੰਦੇ ਹਨ। ਅੱਜ ਜਿੰਮੇਵਾਰੀ ਤਾਂ ਹਰ ਇਨਸਾਨ ਦੇ ਮੋਢੇ ਉੱਤੇ ਹੈ। ਇਨ੍ਹਾਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ-ਨਿਭਾਉਂਦੇ ਆਪਣੇ ਲਈ ਸਮਾਂ ਜਰੂਰ ਕੱਢੀਏ। ਜਿੰਦਗੀ ਬਹੁਤ ਹੀ ਵਧੀਆ ਗੁਜਰੇਗੀ।

ਸਰਕਾਰੀ ਬੰਗਲੇ ਦਾ ਪੂਲ

ਰਾਮ ਲਾਲ ਚੌਥੇ ਦਰਜੇ ਦਾ ਸਰਕਾਰੀ ਨੌਕਰ ਸੀ। ਉਹ ਉਦੋਂ ਹਜੇ ਅਠਾਰਾਂ ਕੁ ਸਾਲ ਦਾ ਸੀ ਜਦੋਂ ਉਸ ਦੇ ਪਿਓ ਨੇ ਆਪਣੇ ਮਹਿਕਮੇ ਵਿੱਚ ਹੀ ਅਫਸਰਾਂ ਨੂੰ ਕਹਿ ਸੁਣ ਕੇ ਉਸ ਨੂੰ ਵੀ ਪਹਿਲਾਂ ਕੱਚਿਆਂ ਵਿੱਚ ਰਖਵਾ ਦਿੱਤਾ ਸੀ ਤੇ ਫਿਰ ਉਹ ਦੋ ਕੁ ਸਾਲਾਂ ਵਿੱਚ ਹੀ ਪੱਕਾ ਹੋ ਗਿਆ ਸੀ। ਉਸ ਨੂੰ ਪਿਓ ਨੇ ਨੌਕਰੀ ਕਰਨ ਦੇ ਇਹੋ ਜਿਹੇ ਗੁਰ ਦੱਸੇ ਸਨ ਕਿ ਉਸ ਦੀ ਡਿਊਟੀ ਜਿਹੜੇ ਅਫਸਰ ਨਾਲ ਲੱਗਦੀ,ਉਹ ਰਾਮ ਲਾਲ ਦਾ ਹੀ ਹੋ ਕੇ ਰਹਿ ਜਾਂਦਾ।ਅਫਸਰਾਂ ਦੇ ਤਬਾਦਲੇ ਹੋ ਜਾਂਦੇ ਪਰ ਉਹ ਪਿਛਲੇ ਤੀਹ ਸਾਲਾਂ ਤੋਂ ਇੱਥੇ ਹੀ ਸਰਕਾਰੀ ਕੋਠੀ ਨੰਬਰ ਤਿੰਨ ਵਿੱਚ ਆਉਣ ਵਾਲੇ ਹਰੇਕ ਅਫਸਰ ਦਾ ਸਹਾਇਕ ਬਣ ਜਾਂਦਾ ਸੀ। ਇੱਕ ਦੋ ਵਾਰ ਬਦਲੀ ਦੇ ਆਰਡਰ ਆਏ ਸਨ ਪਰ ਸਭ ਨਾਲ ਬਣੀ ਹੋਈ ਹੋਣ ਕਰਕੇ ਤੇ ਥੋੜ੍ਹਾ ਬਹੁਤ ਵੱਡੇ ਅਫਸਰਾਂ ਕੋਲ ਘਰ ਦੀਆਂ ਮਜਬੂਰੀਆਂ ਤੇ ਗਰੀਬੀ ਦਾ ਰੋਣਾ ਰੋ ਕੇ ਬਦਲੀ ਰੁਕਵਾ ਲਈ ਸੀ।

ਰਜਿੰਦਰ ਸਿੰਘ ਵੀ ਦੂਜੇ ਸਹਿਰ ਤੋਂ ਬਦਲੀ ਹੋ ਕੇ ਆਪਣੇ ਪਰਿਵਾਰ ਸਮੇਤ ਇਸ ਸਰਕਾਰੀ ਬੰਗਲਾ ਨੰਬਰ ਤਿੰਨ ਵਿੱਚ ਆਏ ਨੂੰ ਹਜੇ ਮਹੀਨਾ ਵੀ ਨਹੀਂ ਸੀ ਹੋਇਆ। ਰਾਮ ਲਾਲ ਰਜਿੰਦਰ ਸਿੰਘ ਦੇ ਦਫਤਰੀ ਅਤੇ ਉਸ ਦੇ ਘਰ ਦੇ ਕੰਮ ਕਾਜ ਕਰਦਾ ਕਰਦਾ ਪੂਰੀ ਤਰ੍ਹਾਂ ਘੁਲ ਮਿਲ ਗਿਆ ਸੀ। ਰਜਿੰਦਰ ਸਿੰਘ ਆਪਣੇ ਬੱਚਿਆਂ ਨਾਲ ਸਰਕਾਰੀ ਬੰਗਲੇ ਵਿੱਚ ਟਹਿਲਕਦਮੀ ਕਰਦਾ ਹੋਇਆ ਹੋਰ ਫੁੱਲ ਬੂਟੇ ਅਤੇ ਵਧੀਆ ਘਾਹ ਲਗਾਉਣ ਬਾਰੇ ਗੱਲ ਕਰਦਿਆਂ ਕਰਦਿਆਂ ਇੱਕ ਇੱਕ ਚੀਜ ਨੂੰ ਚੰਗੀ ਤਰ੍ਹਾਂ ਨਿਹਾਰ ਰਿਹਾ ਸੀ ਤੇ ਰਾਮ ਲਾਲ ਆਪਣੇ ਦੋਵੇਂ ਹੱਥ ਪਿੱਛੇ ਕਰਕੇ ਉਹਨਾਂ ਦੇ ਮਗਰੇ ਹੀ ਹੌਲੀ ਹੌਲੀ ਤੁਰਦਾ ਜਾ ਰਿਹਾ ਸੀ। "ਰਾਮ ਲਾਲ....!"

"ਹਾਂ ਜੀ ਸਾਹਬ"

"ਆਹ ਬੰਗਲੇ ਦੇ ਪਿੱਛੇ ਐਨੀ ਵੱਡੀ ਚੌਰਸ ਜਗ੍ਹਾ ਵਿੱਚ ਪਹਿਲਾਂ ਕੀ ਸੀ ?

"ਸਾਹਬ ਜੀ, ਸਾਰੇ ਸਾਹਬ ਇਸ ਜਗ੍ਹਾ ਨੂੰ ਆਪਣੇ ਆਪਣੇ ਹਿਸਾਬ ਨਾਲ ਵਰਤ ਲੈਂਦੇ ਸਨ..... ਕੋਈ ਬੈਡਮਿੰਟਨ..... ਕੋਈ ਲਾਨ ਟੈਨਿਸ..... ਤੇ ਕੋਈ ਕੁਛ.... ਤੇ ਕੋਈ ਕੁਛ।"(ਥੋੜ੍ਹਾ ਜਿਹਾ ਰੁਕ ਕੇ ਰਾਮ ਲਾਲ ਫਿਰ ਬੋਲਿਆ) ਸਾਹਬ ਜੀ..... ਇਹਦੇ ਨਕਸੇ ਵਾਲੀ ਫਾਈਲ .....ਆਪਣੇ ਕਲਰਕ ਕੋਲ ਪਈ ਆ..... ਤੁਸੀਂ ਓਹਨੂੰ ਕਹਿ ਦਿਓ .....ਮੈਂ ਸਵੇਰੇ ਈ ਕਢਵਾ ਲਿਆਵਾਂਗਾ।"

" ਅੱਛਾ.....! ਉਹਨੂੰ ਵੀ ਦੇਖ ਲੈਂਦੇ ਆਂ ਸਵੇਰੇ।"

ਦਫਤਰ ਵਿੱਚ ਬੈਠੇ ਹੋਏ ਰਜਿੰਦਰ ਸਿੰਘ ਨੇ ਕਲਰਕ ਨੂੰ ਫਾਈਲ ਕੱਢਣ ਲਈ ਆਖਿਆ ਤੇ ਰਾਮਲਾਲ ਨੂੰ ਘਰ ਲਿਜਾਣ ਲਈ ਫੋਨ ਕਰ ਦਿੱਤਾ। ਰਾਮਲਾਲ ਆ ਕੇ ਫਾਈਲ ਲੈ ਗਿਆ।

ਸਾਮ ਨੂੰ ਜਿਵੇਂ ਹੀ ਬੰਗਲੇ ਦੇ ਮੂਹਰਲੇ ਲਾਨ ਵਿੱਚ ਰਜਿੰਦਰ ਸਿੰਘ ਚਾਹ ਪੀਣ ਬੈਠਾ ਤਾਂ ਰਾਮਲਾਲ ਨੇ ਫਾਈਲ ਵੀ ਉਸ ਦੇ ਮੂਹਰੇ ਪਏ ਟੇਬਲ ਤੇ ਰੱਖ ਦਿੱਤੀ। (ਰਜਿੰਦਰ ਸਿੰਘ ਨਕਸੇ ਵਾਲੀ ਫਾਈਲ ਨੂੰ ਖੋਲ੍ਹ ਕੇ ਧਿਆਨ ਨਾਲ ਦੇਖਦਾ ਹੋਇਆ ਤੇ ਕੁਝ ਸੋਚਦਾ ਹੋਇਆ)

"ਰਾਮ ਲਾਲ....!"

"ਹਾਂ ਜੀ....!"

"ਬੰਗਲੇ ਦੇ ਬੈਕਸਪੇਸ ਵਿੱਚ ਤਾਂ ਸਵਿਮਿੰਗ ਪੂਲ ਹੈ ?"

"ਹਾਂ ਜੀ.....ਸਾਹਬ...!"

"ਪਰ .....ਮੈਨੂੰ ਤਾਂ ਕਿਧਰੇ ਨਜਰ ਨਹੀਂ ਆਉਂਦਾ ?"

"ਸਾਹਬ ਜੀ..... ਪਿਛਲੇ ਸਾਹਬ ਨੇ ਭਰਵਾ ਦਿੱਤਾ ਸੀ..... ਤੁਸੀਂ ਫਾਈਲ ਦੇ ਅਖੀਰਲੇ ਪੇਜ ਤੇ ਦੇਖੋ ਜੀ.....!"

(ਰਜਿੰਦਰ ਸਿੰਘ ਫਾਈਲ ਨੂੰ ਫਰੋਲ ਕੇ ਦੇਖਦਾ ਹੋਇਆ)

" ਪਰ.....ਇਹ ..... ਮੇਰੇ ਤੋਂ ਪਹਿਲਾਂ ਵਾਲੇ ਜਨਾਬ ਨੇ ਸਵਿਮਿੰਗ ਪੂਲ ਨੂੰ ਭਰਵਾ ਕਿਉਂ ਦਿੱਤਾ.... ?.....ਕੀ ਗੱਲ ਸਾਨੂੰ ਸਵਿਮਿੰਗ ਪੂਲ ਦੀ ਲੋੜ ਨਹੀਂ ਪੈਣੀ ਸੀ..... ?"

"(ਹੱਸਦਾ ਹੋਇਆ)..... ਸਾਹਬ ਜੀ..... ਤੁਸੀਂ ਫਿਰ ਬਣਵਾ ਲਓ..... ਉਹਨਾਂ ਤੋਂ ਪਹਿਲਾਂ ਵਾਲਿਆਂ ਨੇ ਵੀ ਜਾਣ ਤੋਂ ਪਹਿਲਾਂ ਪੂਲ ਭਰਵਾ ਦਿੱਤਾ ਸੀ..... ਫਿਰ ਇਹਨਾਂ ਨੇ ਆ ਕੇ ਬਣਵਾਇਆ....!"

"ਸੱਚੀਂ.... ? ਪਰ ਇਸ ਤਰ੍ਹਾਂ ਕਿਉਂ..... ?"

ਰਾਮਲਾਲ ਉਸ ਦੇ ਕੋਲ ਖੜ੍ਹਾ ਖੜ੍ਹਾ ਥੋੜ੍ਹਾ ਜਿਹਾ ਝੁਕ ਕੇ ਉਸ ਦੇ ਕੰਨ ਵਿੱਚ ਕੁਝ ਹੌਲੀ ਹੌਲੀ ਗੱਲ ਦੱਸਦਾ ਹੈ ਤਾਂ ਰਜਿੰਦਰ ਸਿੰਘ ਨੂੰ ਸਮਝ ਆਉਣ ਤੇ ਸਿਰ ਹਿਲਾਉਂਦਾ ਹੈ ਤੇ ਖੁਸ ਹੋ ਜਾਂਦਾ ਹੈ। ਕਹਿੰਦਾ ਹੈ," ਲੈ ਰਾਮਲਾਲ..... ਆਪਾਂ ਸਵੇਰੇ ਹੀ ਪੂਲ ਬਣਾਉਣ ਦੀ ਅਰਜੀ ਸਰਕਾਰ ਨੂੰ ਭੇਜ ਦਿੰਦੇ ਆਂ...।"

ਅਗਲੀ ਸਵੇਰ ਦਫਤਰ ਜਾ ਕੇ ਰਜਿੰਦਰ ਸਿੰਘ ਸਭ ਤੋਂ ਪਹਿਲਾਂ ਜਾ ਕੇ ਪੂਲ ਬਣਾਉਣ ਲਈ ਸਰਕਾਰ ਨੂੰ ਅਰਜੀ ਲਿਖਦਾ ਹੈ। ਦੋ ਕੁ ਮਹੀਨਿਆਂ ਵਿੱਚ ਬੰਗਲਾ ਨੰਬਰ ਤਿੰਨ ਵਿੱਚ ਪੂਲ ਬਣਾਉਣ ਲਈ ਚੈੱਕ ਆ ਜਾਂਦਾ ਹੈ। ਸਲਾਹ ਦੇਣ ਦੇ ਅਤੇ ਰਾਜ ਦੱਸਣ ਦੇ ਹਿੱਸੇ ਦੇ ਪੈਸੇ ਮਿਲਣ ਨਾਲ ਰਾਮ ਲਾਲ ਦੇ ਤੀਜੇ ਜਵਾਕ ਦਾ ਵਿਆਹ ਹੋ ਗਿਆ। ਪਹਿਲਾਂ ਦੋ ਜਵਾਕਾਂ ਦੇ ਵਿਆਹ ਵੀ ਇਸੇ ਤਰ੍ਹਾਂ ਕੀਤੇ ਸਨ, ਹੁਣ ਰਾਮਲਾਲ ਦੀ ਸਾਰਿਆਂ ਤੋਂ ਛੋਟੀ ਕੁੜੀ ਰਹਿ ਗਈ ਸੀ ਜੋ ਹਜੇ ਦਸਵੀਂ ਜਮਾਤ ਵਿੱਚ ਪੜ੍ਹਦੀ ਸੀ।

ਪੰਜ ਛੇ ਸਾਲ ਲੰਘ ਗਏ। ਰਜਿੰਦਰ ਸਿੰਘ ਦੀ ਅਗਲੇ ਸਾਲ ਰਿਟਾਇਰਮੈਂਟ ਸੀ। ਰਾਮ ਲਾਲ ਦੀ ਛੋਟੀ ਕੁੜੀ ਦਾ ਵਿਆਹ ਵੀ ਆ ਗਿਆ ਸੀ। ਇੱਕ ਦਿਨ ਰਾਮਲਾਲ ਨੇ ਸਾਹਬ ਨੂੰ ਕਿਹਾ,"ਸਾਹਬ ਜੀ..... ਪੂਲ ਭਰਵਾਉਣਾ ਵੀ ਪੈਣਾ..... ਨਹੀਂ ਤਾਂ ਤੁਹਾਡੇ ਤੋਂ ਬਾਅਦ ਵਾਲੇ ਸਾਹਬ ਜਵਾਬ ਤਲਬੀ ਕਰਦੇ ਫਿਰਨਗੇ।"

ਰਜਿੰਦਰ ਸਿੰਘ ਸਮਝ ਗਿਆ ਸੀ ਤੇ ਅਗਲੇ ਦਿਨ ਜਾਂਦੇ ਹੀ ਪੂਲ ਬੰਦ ਕਰਵਾਉਣ ਲਈ ਅਰਜੀ ਲਿਖ ਦਿੱਤੀ ਦੋ ਕੁ ਮਹੀਨਿਆਂ ਵਿੱਚ ਪੂਲ ਬੰਦ ਕਰਵਾਉਣ ਲਈ ਚੈੱਕ ਆ ਗਿਆ।ਰਾਮ ਲਾਲ ਦੀ ਛੋਟੀ ਕੁੜੀ ਦਾ ਵਿਆਹ ਹੋ ਗਿਆ। ਕੁਝ ਮਹੀਨਿਆਂ ਬਾਅਦ ਰਜਿੰਦਰ ਸਿੰਘ ਦੀ ਰਿਟਾਇਰਮੈਂਟ ਹੋ ਗਈ ਤੇ ਉਹ ਬੰਗਲਾ ਨੰਬਰ ਤਿੰਨ ਛੱਡ ਕੇ ਚਲੇ ਗਏ। ਰਾਮਲਾਲ ਨੂੰ ਹੁਣ ਅਗਲੇ ਸਾਹਬ ਦੀ ਬੇਸਬਰੀ ਨਾਲ ਉਡੀਕ ਸੀ ।

ਸੱਚੀ ਗੱਲ ਤਾਂ ਇਹ ਸੀ ਕਿ ਪੂਲ ਸਿਰਫ ਕਾਗਜਾਂ ਵਿੱਚ ਹੀ ਬਣਦਾ ਸੀ ਅਤੇ ਕਾਗਜਾਂ ਵਿੱਚ ਹੀ ਭਰ ਦਿੱਤਾ ਜਾਂਦਾ ਸੀ ।ਜੋ ਉਸ ਨੂੰ ਬਣਾਉਣ ਅਤੇ ਭਰਵਾਉਣ ਲਈ ਸਰਕਾਰ ਵੱਲੋਂ ਪੈਸਾ ਮਿਲਦਾ ਸੀ ਉਹ ਸਾਹਬ ਤੇ ਭ੍ਰਿਸਟ ਰਾਮਲਾਲ ਰਲ ਮਿਲ ਕੇ ਵੰਡ ਲੈਂਦੇ ਸਨ।

ਬਰਜਿੰਦਰ ਕੌਰ ਬਿਸਰਾਓ...

9988901324

ਉਸਾਰੂ ਭਾਵਨਾ ਹਵਾਵਾਂ ਦੀ ਦਿਸ਼ਾ ਬਦਲਣ ਦੀ ਸ਼ਕਤੀ ਹੈ !!



ਮਨਮੋਹਨ ਪੂਨੀ (ਨਿਊਯਾਰਕ)

ਵੱਲੋਂ :-ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸਨ

ਨਿਊਯਾਰਕ



ਉਦੇਸ ਭਰੀ ਸੋਚ ਅਤੇ ਅਗਾਂਹ-ਵਧੂ ਸਮਾਜ ਸਿਰਜਣ ਦੀ ਇੱਛਾ ਸਮਾਜ ਦੇ ਦੁੱਖ-ਸੁੱਖ ਵਿੱਚ ਹਿੱਸਾ ਬਰਦਾਰ ਹੋਣ ਦੀ ਚਾਹਿਤ ਪੈਦਾ ਕਰਦੀ ਹੈ ।ਹਰੇਕ ਮਨੁੱਖ ਦਾ ਵਿਸਵਾਸ ਬੱਝਣਾ ਚਾਹੀਦਾ ਹੈ ਕਿ ਉਹ ਸਮਾਜ ਦੀ ਖੁਸਹਾਲੀ ਲਈ ਆਪਣਾ ਯੋਗਦਾਨ ਪਾ ਸਕਦਾ ਹੈ ।

ਆਜਾਦੀ-ਏ-ਹਿੰਦੋਸਤਾਨ ਜਾਂ ਧਰਤੀ ਉੱਤੇ ਵੱਸਦੇ ਜਿਸ ਵੀ ਦੇਸ ਨੇ ਆਜਾਦੀ ਲਈ ਸੰਘਰਸ ਕੀਤਾ , ਉੱਥੋਂ ਦੇ ਆਜਾਦੀ ਸੂਰਮਿਆਂ ਨੇ ਇਤਿਹਾਸ ਦੇ ਪੰਨਿਆਂ ਉੱਤੇ ਰਹਿੰਦੀ ਦੁਨੀਆਂ ਤੱਕ ਰਹਿਣਾ ਹੈ । ਬਰਤਾਨਵੀ ਬੱਸਤੀਵਾਦੀਆਂ ਨੇ ਸਾਰੀ ਦੁਨੀਆਂ ਉੱਤੇ ਰਾਜ ਕੀਤਾ , ਇਤਿਹਾਸ ਦੇ ਪੰਨਿਆਂ ਉੱਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਰਾਜ ਕਾਲ ਵਿੱਚ ਸੂਰਜ ਛੁੱਪਦਾ ਨਹੀਂ ਸੀ ਭਾਵ ਇੱਕ ਥਾਂ ਸੂਰਜ ਛੁੱਪਦਾ ਸੀ ਅਤੇ ਦੂਜੀ ਥਾਂ ਸੂਰਜ ਉਦੇ ਹੁੰਦਾ ਸੀ ।ਹਿੰਦੋਸਤਾਨੀ ਇਨਕਲਾਬੀਆਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾ ਆਪਣਾ ਤਨ-ਮੰਨ -ਧੰਨ ਨਿਸਾਵਰ ਕਰਕੇ ਮਾਂ-ਭੂਮੀ ਦਾ ਰਿਣ ਚੁਕਾਉਣ ਲਈ ਆਜਾਦੀ ਦੇ ਹਵਨ-ਕੁੰਡ ਪ੍ਰਚੰਡ ਨੂੰ ਕੀਤਾ ਸੀ ।ਸਹੀਦਾਂ ਦੀ ਮਾਲਾ ਦੇ ਮਣਕੇ ਬਣੇ ਅਤੇ ਹੱਕ ਸੱਚ ਲਈ ਕੁਰਬਾਨੀ ਦੀ ਪਾਲ ਵੱਡੀ ਕੀਤੀ ।

ਮਨੁੱਖ ਨੂੰ ਹਰ ਸਮੇਂ ਸਮਾਜ ਦੀ ਬੇਹਤਰੀ ਲਈ ਸੋਚਣਾ ਚਾਹੀਦਾ ਹੈ ।ਸੰਗਰਾਮੀਆਂ ਅਤੇ ਸਹੀਦਾਂ ਨੂੰ ਸਦਾ ਯਾਦ ਰੱਖਕੇ ਮਾਣਮੱਤੇ ਵਿਰਸੇ ਵਾਰੇ ਅਗਲੀ ਪੀੜੀ ਨੂੰ ਜਾਣਕਾਰੀ ਪ੍ਰਦਾਨ ਕਰਦੇ ਰਹਿਣਾ ਚਾਹੀਦਾ ਹੈ ਅਤੇ ਇਹ ਸਿਲਸਿਲਾ ਕਿਰਤੀ ਦੀ ਅਗਵਾਈ ਵਾਲੇ ਰਾਜ ਦੀ ਉਸਾਰੀ ਅਤੇ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਖਤਮ ਹੋਣ ਤੱਕ ਚੱਲਦਾ ਰਹਿਣਾ ਚਾਹੀਦਾ ਹੈ ।

" ਸਹੀਦੋਂ ਕੀ ਚਿਤਾਓਂ ਪੇ ਲਗੇਂਗੇ ਹਰ ਬਰਸ
ਮੇਲੇ
ਵਤਨ ਪੇ ਮਿਟਨੇ ਵਾਲੋਂ ਕਾ ਯੇਹ ਹੀ ਬਾਕੀ ਨਿਸਾਂ
ਹੋਗਾ "

92 ਸਾਲ ਪਹਿਲਾਂ 23 ਮਾਰਚ 1931 ਨੂੰ ਸ. ਭਗਤ ਸਿੰਘ , ਸ. ਰਾਜਗੁਰੂ ਅਤੇ ਸ. ਸੁਖਦੇਵ ਨੂੰ ਬਰਤਾਨਵੀ ਸਾਮਰਾਜ ਨੇ ਲਹੌਰ ਜੇਲ੍ਹ ਵਿੱਚ ਫਾਂਸੀ ਲਾ ਕੇ ਸਹੀਦ ਕਰ ਦਿੱਤਾ । ਉਨ੍ਹਾਂ ਦਾ ਕਸੂਰ ਕੀ ਸੀ ਕਿ ਉਹ ਆਪਣੀ ਮਾਤ-ਭੂਮੀ ਨੂੰ ਆਜਾਦ ਦੇਖਣਾ ਚਾਹੁੰਦੇ ਸਨ ਅਤੇ ਬੱਸਤੀਵਾਦੀਆਂ ਨੂੰ ਹਿੰਦੋਸਤਾਨ ਤੋਂ ਚਲੇ ਜਾਣ ਨੂੰ ਕਹਿੰਦੇ ਸਨ ।ਸਹੀਦ ਕਦੀ ਵੀ ਮਰਦੇ ਨਹੀਂ , ਸਗੋਂ ਸਦਾ ਜੀਊਂਦੇ ਰਹਿੰਦੇ ਹਨ । ਬਹਾਦਰ ਆਦਮੀ ਸਦਾ ਜੀਊਂਦੇ ਰਹਿੰਦੇ ਹਨ ।ਅਮਰ ਸਹੀਦਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਦੇ ਸੁਪਨਿਆਂ ਦੇ ਰਹਿ ਗਏ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਯੋਗਦਾਨ ਪਾਉਣਾ ਸੱਚੀ ਸਰਧਾਂਜਲੀ ਹੋਵੇਗੀ । ਅਸੀਂ ਅਮਰ ਸਹੀਦਾਂ ਨੂੰ ਸਰਧਾਂਜਲੀ ਪੇਸ ਕਰਦੇ ਹਾਂ ।

ਗਾਇਕਾ ਜੀਤ ਕੌਰ ਖੁਰਦ ਆਪਣਾ ਪਹਿਲਾ ਆਫਿਸ਼ੀਅਲ ਗਾਣਾ ਲੈ ਕੇ ਹਾਜਰ ਹੋ ਰਹੀ

ਦੋ ਧਾਰਮਿਕ ਸ਼ਬਦਾਂ ਨਾਲ ਸੰਗੀਤਕ ਦੁਨੀਆਂ 'ਚ ਹਾਜਰੀ ਲਗਵਾ ਚੁੱਕੀ ਲੇਖਿਕਾ/ ਗਾਇਕਾ ਜੀਤ ਕੌਰ ਖੁਰਦ ਬਹੁਤ ਜਲਦ ਅਪਣਾ ਪਹਿਲਾ ਆਫਿਸ਼ੀਅਲ ਗਾਣਾ ਲੈ ਕੇ ਹਾਜਰ ਹੋ ਰਹੀ ਐ।ਇਸ ਗੀਤ ਨੂੰ ਕਲਮਬੱਧ ਜੀਤ ਨੇ ਖੁਦ ਕੀਤਾ ਤੇ ਸੰਗੀਤਕ ਧੁਨਾਂ ਨਾਲ ਸ਼ਿੰਗਾਰਿਆ ਸੰਗੀਤਕਾਰ ਰੋਮੀ ਸਿੰਘ ਨੇ। ਜੀਤ ਕੌਰ ਖੁਰਦ ਨੇ ਦੱਸਿਆ ਕਿ ਬਹੁਤ ਜਲਦੀ ਸਰੋਤਿਆਂ ਨੂੰ ਓਹਨਾਂ ਦਾ ਇਹ ਗੀਤ ਸੁਣਨ ਨੂੰ ਮਿਲੇਗਾ। ਗੀਤ ਦੇ ਪ੍ਰੋਡਿਊਸਰ ਪ੍ਰੀਤ ਸ਼ਰਮਾ ਹਨ। ਜੱਸੀ ਧਨੌਲਾ, ਮੁਬਾਰਕ, ਕਮਲਦੀਪ ਸਿੰਘ, ਰਮਨ ਕੈਥ, ਕਰਮ ਤੇ ਕੁੱਲੂ ਦਾ ਗਾਇਕਾ ਵੱਲੋਂ ਖਾਸ ਧੰਨਵਾਦ ਕੀਤਾ ਗਿਆ।

ਜੇਕਰ ਗੁਰਦੇ ਦੀ ਪੱਥਰੀ ਤੋਂ ਤੁਸੀਂ ਪਰੇਸ਼ਾਨ ਹੋ ਤਾਂ ਘਬਰਾਉਣ ਦੀ ਕੋਈ ਲੋੜ ਨਹੀਂ ਕਰਨਾ ਕੀ ਹੈ ਤੁਸੀਂ ਇਕ ਕਿੱਲੋ ਕੁਲਥੀ ਦਾਲ ਲਵੋ ਉਸ ਨੂੰ ਮਿੱਟੀ ਦੇ ਭਾਂਡੇ ਵਿੱਚ ਬਿਨਾਂ ਲੂਣ ਮਿਰਚ ਤੋਂ ਬਣਾਉ ਅਤੇ ਹੋਰ ਕੁਝ ਵੀ ਨਹੀਂ ਖਾਣਾ ਸਿਰਫ ਕੁਲਥ ਦੀ ਦਾਲ ਹੀ ਖਾਣੀ। ਇੱਕ ਵਾਰ ਖਾਣ ਨਾਲ ਗੁਰਦੇ ਦੀ ਪੱਥਰੀ ਨਿਕਲ ਜਾਵੇਗੀ ਤੇ ਨਾਂ ਹੀ ਕੋਈ ਅੱਗੇ ਤੋਂ ਨਵੀਂ ਪੱਥਰੀ ਬਣੇਗੀ।

ਕਮਲਜੀਤ ਸਿੰਘ ਛਰਿਜ਼ਨੋ

824 5257

ਆਜ਼ਾਦੀ ਸੰਗਰਾਮ ਦਾ ਇਨਕਲਾਬੀ ਕੌਮੀ ਸ਼ਹੀਦ: ਸ਼ਹੀਦ ਭਗਤ ਸਿੰਘ

ਬਚਪਨ ਵਿਚ ਜੋ ਕੁਝ ਉਸ ਦੇ ਆਲੇ-ਦੁਆਲੇ ਵਾਪਰਿਆ, ਉਸਦਾ ਉਸ ਦੇ ਬਾਲਮਨ 'ਤੇ ਗਹਿਰਾ ਪ੍ਰਭਾਵ ਪਿਆ ਸੀ। ਸਰਦਾਰ ਭਗਤ ਸਿੰਘ ਦਾ ਦਾਦਾ ਅਰਜਨ ਸਿੰਘ, ਜਲਾਵਤਨ ਚਾਚਾ ਅਜੀਤ ਸਿੰਘ, ਸ਼ਹੀਦ ਸਰਵਨ ਸਿੰਘ, ਰਾਸ਼ਟਰਵਾਦੀ ਪਿਤਾ ਕਿਸ਼ਨ ਸਿੰਘ ਸਾਰੇ ਹੀ ਅੰਗਰੇਜ਼ ਵਿਰੋਧੀ ਹੋਣ ਕਰਕੇ ਬਚਪਨ ਵਿਚ ਉਸ ਦੇ ਮਨ ਵਿਚ ਵੀ ਅੰਗਰੇਜ਼ੀ ਹਕੂਮਤ ਖਿਲਾਫ਼ ਨਫ਼ਰਤ ਦੇ ਬੀਜ ਪੁੰਗਰਨ ਲੱਗ ਪਏ ਸਨ। ਉਸ ਨੇ ਕ੍ਰਾਂਤੀਕਾਰੀ ਜਜ਼ਬੇ ਵਾਲੇ ਕਰਤਾਰ ਸਿੰਘ ਸਰਾਭਾ ਨੂੰ ਆਪਣੀ ਜ਼ਿੰਦਗੀ ਦਾ ਆਦਰਸ਼ ਮੰਨਿਆ।

ਡਾ. ਸੰਦੀਪ ਸਿੰਘ ਮੁੰਡੇ (ਰਾਜਸਥਾਨ)
ਮੋਬਾਈਲ 9413652646

ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਅਨੇਕ ਕ੍ਰਾਂਤੀਕਾਰੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ, ਪਰ ਇਨ੍ਹਾਂ ਵਿਚੋਂ ਸ਼ਰੋਮਣੀ ਸਥਾਨ ਸ਼ਹੀਦ ਭਗਤ ਸਿੰਘ ਨੂੰ ਮਿਲਿਆ ਹੈ। ਸ਼ਹੀਦ ਭਗਤ ਸਿੰਘ ਦੀ ਦ੍ਰਿੜਤਾ ਅਤੇ ਇਨਕਲਾਬੀ ਚੇਤਨਾ ਨੇ ਲੱਖਾਂ ਭਾਰਤੀਆਂ ਦੀ ਸੁੱਤੀ ਚੇਤਨਾ ਨੂੰ ਜਗਾ ਕੇ ਉਨ੍ਹਾਂ ਅੰਦਰ ਗੁਲਾਮੀ ਵਿਰੁੱਧ ਇਨਕਲਾਬੀ ਚੇਤਨਾ ਪੈਦਾ ਕੀਤੀ। ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਲਾਇਲਪੁਰ (ਫੈਸਲਾਬਾਦ) ਜਿਲ੍ਹੇ ਦੇ ਪਿੰਡ ਬੰਗਾ ਵਿੱਚ ਹੋਇਆ। ਉਸ ਦਾ ਜੱਦੀ ਘਰ ਭਾਰਤੀ ਪੰਜਾਬ ਦੇ ਨਵਾਂ ਸਹਿਰ (ਹੁਣ ਸਹੀਦ ਭਗਤ ਸਿੰਘ ਨਗਰ) ਜਿਲ੍ਹੇ ਦੇ ਖਟਕੜ ਕਲਾਂ ਪਿੰਡ ਵਿੱਚ ਸਥਿਤ ਹੈ। ਉਸਦੇ ਪਿਤਾ ਦਾ ਨਾਂ ਸਰਦਾਰ ਕਿਸਨ ਸਿੰਘ ਅਤੇ ਮਾਤਾ ਦਾ ਨਾਂ ਵਿਦਯਾਵਤੀ ਸੀ। ਸਰਦਾਰ ਭਗਤ ਸਿੰਘ ਨੂੰ ਦੇਸ਼ ਭਗਤੀ ਦਾ ਜਜ਼ਬਾ ਅਤੇ ਜਨੂੰਨ ਪਰਿਵਾਰਕ ਵਿਰਾਸਤ ਵਿਚੋਂ ਮਿਲਿਆ ਸੀ। ਉਸ ਦੇ ਘਰ ਦਾ ਮਾਹੌਲ ਦੇਸ਼ਭਗਤੀ ਦੇ ਵਲਵਲਿਆਂ ਨਾਲ ਭਰਪੂਰ ਸੀ। ਬਚਪਨ ਵਿਚ ਜੋ ਕੁਝ ਉਸ ਦੇ ਆਲੇ-ਦੁਆਲੇ ਵਾਪਰਿਆ, ਉਸਦਾ ਉਸ ਦੇ ਬਾਲਮਨ 'ਤੇ ਗਹਿਰਾ ਪ੍ਰਭਾਵ ਪਿਆ ਸੀ।

ਸਰਦਾਰ ਭਗਤ ਸਿੰਘ ਦਾ ਦਾਦਾ ਅਰਜਨ ਸਿੰਘ, ਜਲਾਵਤਨ ਚਾਚਾ ਅਜੀਤ ਸਿੰਘ, ਸ਼ਹੀਦ ਸਰਵਨ ਸਿੰਘ, ਰਾਸ਼ਟਰਵਾਦੀ ਪਿਤਾ ਕਿਸ਼ਨ ਸਿੰਘ ਸਾਰੇ ਹੀ ਅੰਗਰੇਜ਼ ਵਿਰੋਧੀ ਹੋਣ ਕਰਕੇ ਬਚਪਨ ਵਿਚ ਉਸ ਦੇ ਮਨ ਵਿਚ ਵੀ ਅੰਗਰੇਜ਼ੀ ਹਕੂਮਤ ਖਿਲਾਫ਼ ਨਫ਼ਰਤ ਦੇ ਬੀਜ ਪੁੰਗਰਨ ਲੱਗ ਪਏ ਸਨ। ਉਸ ਨੇ ਕ੍ਰਾਂਤੀਕਾਰੀ ਜਜ਼ਬੇ ਵਾਲੇ ਕਰਤਾਰ ਸਿੰਘ ਸਰਾਭਾ ਨੂੰ ਆਪਣੀ ਜ਼ਿੰਦਗੀ ਦਾ ਆਦਰਸ਼ ਮੰਨਿਆ। ਜਲਿਆਂਵਾਲੇ ਬਾਗ ਦੇ ਖੂਨੀ ਸਾਕੇ (13 ਅਪ੍ਰੈਲ 1919) ਦਾ ਉਸਦੇ ਦਿਲੋ-ਦਿਮਾਗ 'ਤੇ ਇੰਨਾ ਡੂੰਘਾ ਅਸਰ ਹੋਇਆ ਸੀ ਕਿ ਉਸਨੇ ਜਲਿਆਂਵਾਲੇ ਬਾਗ ਦੀ ਖੂਨੀ ਮਿੱਟੀ ਨੂੰ ਇਕ ਸ਼ੀਸ਼ੀ ਵਿਚ ਭਰ ਕੇ ਆਪਣੇ ਕੋਲ ਰੱਖਿਆ ਹੋਇਆ ਸੀ। ਉਸ ਦੇ ਭਾਵੀ ਮਨਸੂਬਿਆਂ ਦਾ ਤਾਂ ਉਸ ਦੇ ਬਚਪਨ ਵੇਲੇ ਤੋਂ ਹੀ ਪਤਾ ਲੱਗ ਗਿਆ ਸੀ, ਜਦੋਂ ਉਹ ਦਮੂਕਾਂ ਬੀਜਣ ਦੀ ਖੇਡ ਖੇਡ ਰਿਹਾ ਸੀ।

ਸਰਦਾਰ ਭਗਤ ਸਿੰਘ ਸਚਿੰਦਰ ਨਾਥ ਸਨਿਯਾਲ ਨਾਲ ਕੀਤੇ ਪ੍ਰਣ ਮੁਤਾਬਿਕ ਵਿਆਹ ਦੇ ਸਮਾਜਕ ਬੰਧਨ ਵਿਚ ਬੱਝਣ ਦੀ ਥਾਂ ਦੇਸ਼ ਦੀ ਆਜ਼ਾਦੀ ਲਈ ਮੌਤ ਲਾੜੀ ਨੂੰ ਵਿਆਹੁਣਾ ਲੋਚਦਾ ਹੈ। ਇਸ ਕਰਕੇ ਉਹ ਘਰ ਨੂੰ ਤਿਆਗ ਕੇ ਕਾਨਪੁਰ ਚਲਾ ਜਾਂਦਾ ਹੈ। ਇਸ ਘਟਨਾ ਦੇ ਨਾਲ ਹੀ ਉਸ ਦੇ ਇਨਕਲਾਬੀ ਜੀਵਨ ਦਾ ਆਰੰਭ ਹੁੰਦਾ ਹੈ। ਉਹ ਨਵੰਬਰ 1921 'ਚ ਆਪਣੀ ਦਸਵੀਂ ਦੀ ਪੜ੍ਹਾਈ ਛੱਡ ਕੇ ਮਹਿਜ 14 ਸਾਲ ਦੀ ਉਮਰ ਵਿਚ ਮਹਾਤਮਾ ਗਾਂਧੀ ਦੁਆਰਾ ਰੌਲਟ-ਐਕਟ ਖ਼ਿਲਾਫ਼ ਚਲਾਈ ਨਾ-ਮਿਲਵਰਤਨ ਦੀ ਲਹਿਰ ਵਿਚ ਹਿੱਸਾ ਲੈਂਦਾ ਹੈ। ਪਰ ਚੌਰਾ-ਚੌਰੀ ਦੀ ਘਟਨਾ ਤੋਂ ਬਾਅਦ ਮਹਾਤਮਾ ਗਾਂਧੀ ਦਾ ਇਸ ਅੰਦੋਲਨ ਨੂੰ ਵਾਪਿਸ ਲੈਣ ਦਾ ਫ਼ੈਸਲਾ ਭਗਤ ਸਿੰਘ ਨੂੰ ਪਿੱਠ ਵਿਚ ਖੋਭੀ ਛੁਰੀ ਵਾਂਗ ਲਗਦਾ ਹੈ। ਭਗਤ ਸਿੰਘ ਦੇ ਆਦਰਸ਼ ਵਿਚ ਗੁਰੂ ਗੋਬਿੰਦ ਸਿੰਘ ਤੇ ਕਰਤਾਰ ਸਿੰਘ ਸਰਾਭਾ ਵਰਗੇ ਯੋਧੇ ਸਨ। ਇਸ ਲਈ ਭਗਤ ਸਿੰਘ ਦੀ ਵਿਚਾਰਧਾਰਾ ਗਾਂਧੀ ਦੀ ਅਹਿੰਸਾ ਨੀਤੀ ਨਾਲ ਮੇਲ ਨਹੀਂ ਖਾਂਦੀ ਸੀ। ਸਰਦਾਰ ਭਗਤ ਸਿੰਘ ਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਂਕ ਸੀ। ਉਸ ਨੂੰ ਪਲੈਟੋ, ਮਾਰਕਸ, ਲੈਨਿਨ, ਏਂਗਲਜ, ਐਮਿਲ, ਡੌਨ ਬਰੀਨ, ਰੂਸੋ, ਸਾਰਲੋਟ ਪਾਰਕਿਨਜ਼ ਮਿਲਮੈਕ ਆਦਿ ਦਾਰਸ਼ਨਿਕਾ ਦੀ ਵਿਚਾਰਧਾਰਾ ਨੇ ਬੇਹੱਦ ਪ੍ਰਭਾਵਿਤ ਕੀਤਾ ਅਤੇ ਇਨ੍ਹਾਂ ਦੀਆਂ ਕਿਤਾਬਾਂ ਨੇ ਉਸ ਦੇ ਚਿੰਤਨ ਵਿਚ ਹੋਰ ਵੀ ਨਿਖਾਰ ਲਿਆਂਦਾ। ਸਰਦਾਰ ਭਗਤ ਸਿੰਘ ਭਾਰਤੀ ਮਜ਼ਦੂਰਾਂ ਤੇ ਕਿਸਾਨਾਂ ਦੇ ਹੁੰਦੇ ਆਰਥਿਕ ਸ਼ੋਸ਼ਣ ਅਤੇ ਦਮਨ ਤੋਂ ਭਲੀ ਭਾਂਤ ਜਾਣੂ ਸੀ। ਉਹ ਇਨ੍ਹਾਂ ਦੀ ਆਰਥਿਕ ਹਾਲਤ ਸੁਧਾਰਨ ਵਾਸਤੇ ਇਨ੍ਹਾਂ ਨੂੰ ਵੀ ਇਸ ਆਜ਼ਾਦੀ ਦੀ ਲੜਾਈ ਦਾ ਹਿੱਸਾ ਬਣਾਉਣਾ ਚਾਹੁੰਦਾ ਸੀ। ਭਗਤ ਸਿੰਘ ਦੀ ਅਜਿਹੀ ਸੋਚ ਕਾਰਨ ਆਜ਼ਾਦੀ ਲਹਿਰ ਰਾਜਨੀਤਕ ਅਦਾਰਿਆਂ ਤੱਕ ਸੀਮਿਤ ਨਾ ਰਹਿ ਕੇ ਸਮੁੱਚੀ ਸਮਾਜਕ, ਆਰਥਕ, ਧਾਰਮਕ, ਸੱਭਿਆਚਾਰਕ ਪੱਖਾਂ ਨੂੰ ਆਪਣੇ ਅੰਦਰ ਸਮੇਟਦੀ ਹੈ।

ਸਰਦਾਰ ਭਗਤ ਸਿੰਘ ਨੇ ਹਰ ਥਾਂ 'ਤੇ ਅੰਗਰੇਜ਼ ਸਾਮਰਾਜਵਾਦ ਦਾ ਵਿਰੋਧ ਕੀਤਾ। ਉਹ ਨੌਜਵਾਨਾਂ ਨੂੰ ਇਹ ਪ੍ਰੇਰਨਾ ਦਿੰਦਾ ਰਿਹਾ ਕਿ ਗੁਲਾਮੀ ਅਤੇ ਅਸਮਾਨਤਾ ਵਾਲੇ ਸਮਾਜ ਦਾ ਇਕਜੁਟ ਹੋ ਕੇ ਵਿਰੋਧ ਕਰਨਾ ਚਾਹੀਦਾ ਹੈ। ਭਗਤ ਸਿੰਘ ਨੂੰ ਮਾਰਚ 1924 ਨੂੰ ਜੈਤੋ ਵੱਲ ਮੋਰਚਾ ਲਾਉਣ ਜਾ ਰਹੇ ਅਕਾਲੀ ਜੱਥੇ ਦੀ ਬੰਗੇ ਪਿੰਡ ਵਿਚ ਸਵਾਗਤ ਦੀ ਜ਼ਿੰਮੇਵਾਰੀ ਮਿਲੀ। ਪਰ ਅੰਗਰੇਜ਼ ਹਕੂਮਤ ਨੇ ਇਹ ਐਲਾਨ ਕਰਵਾ ਦਿੱਤਾ ਸੀ ਕਿ ਇਹ ਜੱਥਾ ਅੰਗਰੇਜ਼ ਹਕੂਮਤ ਦੇ ਖਿਲਾਫ ਹੈ ਅਤੇ ਇਸ ਜੱਥੇ ਦਾ ਕੋਈ ਸਵਾਗਤ ਨਾ ਕਰੇ। ਅੰਗਰੇਜ਼ਾਂ ਦੀ ਇਸ ਚੁਣੌਤੀ ਨੂੰ ਸਵੀਕਾਰ ਕਰਦੇ ਹੋਏ ਭਗਤ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਅਕਾਲੀ ਜੱਥੇ ਦਾ ਭਰਪੂਰ ਸਵਾਗਤ ਹੀ ਨਹੀਂ ਕੀਤਾ ਬਲਕਿ ਉਨ੍ਹਾਂ ਲਈ ਲੰਗਰ ਸੇਵਾ ਦਾ ਵੀ ਪ੍ਰਬੰਧ ਕੀਤਾ।

ਸਰਦਾਰ ਭਗਤ ਸਿੰਘ ਚਾਹੁੰਦਾ ਸੀ ਕਿ ਰਾਜ-ਸੱਤਾ ਅੰਗਰੇਜ਼ਾਂ ਦੇ ਹੱਥਾਂ ਵਿਚੋਂ ਨਿਕਲ ਕੇ ਭਾਰਤੀਆਂ ਦੇ ਹੱਥਾਂ ਵਿਚ ਆਵੇ। ਭਾਰਤ ਅੰਦਰ ਸਮਾਜਵਾਦੀ ਸਮਾਜ ਦੀ ਸਿਰਜਣਾ ਅਤੇ ਕੌਮੀ ਲਹਿਰ ਨੂੰ ਜਮਹੂਰੀ ਲੀਹਾਂ 'ਤੇ ਤੋਰਨ ਲਈ ਸਤੰਬਰ 1928 'ਚ ਦਿੱਲੀ ਵਿਖੇ ਹੋਈ ਸਭਾ ਵਿਚ ਭਗਤ ਸਿੰਘ ਦੀਆਂ ਤਰਕ ਭਰਪੂਰ ਦਲੀਲਾਂ ਅਤੇ ਸਿਰਜਣਾਤਮਿਕ ਬਹਿਸ ਤੋਂ ਬਾਅਦ 'ਹਿੰਦੁਸਤਾਨ ਰਿਪਬਲਿਕ ਐਸੋਸੀਏਸ਼ਨ' ਦਾ ਨਾਮ ਬਦਲ ਕੇ 'ਹਿੰਦੁਸਤਾਨ ਸੋਸਲਿਸਟ ਰਿਪਬਲਿਕ ਐਸੋਸੀਏਸ਼ਨ' ਰੱਖ ਦਿੱਤਾ ਜਾਂਦਾ ਹੈ।

ਸਰਦਾਰ ਭਗਤ ਸਿੰਘ ਨੇ ਇਨਕਲਾਬੀ ਲਹਿਰ ਨੂੰ ਧਰਮ ਨਿਰਪੱਖ ਬਣਾਉਣ ਦਾ ਪ੍ਰਯਾਸ ਕੀਤਾ। ਉਸ ਨੇ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਲਈ 'ਇਨਕਲਾਬ ਜ਼ਿੰਦਾਬਾਦ, ਸਮਰਾਜਵਾਦ-ਮੁਰਦਾਬਾਦ' ਦਾ ਨਵਾਂ ਨਾਅਰਾ ਦਿੱਤਾ। ਜਦੋਂ ਅਕਤੂਬਰ 1928 ਵਿਚ ਸਾਈਮਨ ਕਮਿਸ਼ਨ ਲਾਹੌਰ ਆਇਆ ਤਾਂ 'ਸਾਈਮਨ ਕਮਿਸ਼ਨ ਵਾਪਸ ਜਾਓ' ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾ ਕੇ ਉਸ ਦਾ ਵਿਰੋਧ ਕੀਤਾ ਗਇਆ। ਇਸ ਕਮਿਸ਼ਨ ਦਾ ਵਿਰੋਧ ਕਰਦੇ ਲੋਕਾਂ 'ਤੇ ਸਰਕਾਰ ਵਲੋਂ ਕੀਤੇ ਲਾਠੀਚਾਰਜ ਕੀਤਾ ਗਿਆ। ਇਸ ਲਾਠੀਚਾਰਜ ਵਿਚ ਲਾਲਾ ਲਾਜਪਤ ਰਾਏ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ ਅਤੇ ਸਦੀਵੀ ਵਿਛੋੜਾ ਦੇ ਗਏ।

ਲਾਲਾ ਲਾਜਪਤ ਰਾਏ ਦੀ ਸ਼ਹੀਦੀ ਤੋਂ ਬਾਅਦ ਭਗਤ ਸਿੰਘ, ਚੰਦਰਸ਼ੇਖਰ, ਰਾਜਗੁਰੂ, ਜੈ ਗੋਪਾਲ, ਸੁਖਦੇਵ ਥਾਪਰ ਆਦਿ ਨੇ ਮਿਲ ਕੇ ਦੋਸ਼ੀ ਪੁਲਿਸ ਸੁਪਰਡੈਂਟ ਸਕਾਟ ਨੂੰ ਮਾਰਨ ਦੀ ਯੋਜਨਾ ਬਣਾਈ। ਉਨ੍ਹਾਂ ਨੇ 17 ਦਸੰਬਰ 1928 ਨੂੰ ਭੁਲੇਖੇ ਨਾਲ ਪੁਲਿਸ ਸੁਪਰਡੈਂਟ ਸਕਾਟ ਦੀ ਥਾਂ ਇੱਕ ਬ੍ਰਿਟਿਸ਼ ਜੂਨੀਅਰ ਪੁਲਿਸ ਅਫਸਰ ਜੌਹਨ ਸਾਂਡਰਸ ਨੂੰ ਗੋਲੀਆਂ ਮਾਰ ਕੇ ਮੌਤ ਦੀ ਨੀਂਦ ਸੁਆ ਦਿੱਤਾ। ਇਸ ਕਤਲੇਆਮ ਦੀ ਜਿੰਮੇਵਾਰੀ 'ਹਿੰਦੁਸਤਾਨ ਸੋਸਲਿਸ਼ਟ ਰਿਪਬਲਿਕਨ ਐਸੋਸੀਏਸ਼ਨ' ਨੇ ਆਪਣੇ ਸਿਰ ਲਈ। ਦਿੱਲੀ ਅਸੈਂਬਲੀ ਵਿਚ 8 ਅਪ੍ਰੈਲ 1929 ਈ. ਨੂੰ ਵਿਵਾਦ ਭਰੇ 'ਟਰੇਡ ਡਿਸਪਿਊਟ ਬਿੱਲ' ਤੇ 'ਪਬਲਿਕ ਸੇਫਟੀ ਬਿੱਲ' ਉੱਪਰ ਬਹਿਸ ਕਰਨ ਅਤੇ ਵੋਟਾਂ ਪਵਾਉਣ ਲਈ ਕਾਂਗਰਸ ਤੇ ਮੁਸਲਿਮ ਲੀਗ ਦੇ ਵੱਡੇ ਨੇਤਾਵਾਂ ਦਾ ਇਕੱਠ ਹੁੰਦਾ ਹੈ। ਇਸ ਬਿੱਲ ਦੇ ਵਿਰੋਧ ਵਜੋਂ ਭਗਤ ਸਿੰਘ ਅਤੇ ਬੀ.ਕੇ. ਦੱਤ ਅਸੈਂਬਲੀ ਹਾਲ ਅੰਦਰ ਦਾਖਲ ਹੋ ਕੇ ਇਕੱਠ ਵਿਚ ਧੁੰਆ ਅਤੇ ਧਮਾਕਾ ਕਰਨ ਵਾਲਾ ਬੰਬ ਸੁੱਟਦੇ ਹਨ ਅਤੇ 'ਇਨਕਲਾਬ ਜ਼ਿੰਦਾਬਾਦ, ਸਮਰਾਜਵਾਦ-ਮੁਰਦਾਬਾਦ' ਦੇ ਨਾਅਰੇ ਲਾਉਂਦੇ ਹਨ। ਉਨ੍ਹਾਂ ਨੇ ਅਸੈਂਬਲੀ 'ਚ ਬੰਬ ਸੁੱਟਣ ਤੋਂ ਬਾਅਦ ਭਜਣ ਦੀ ਕੋਸ਼ਿਸ਼ ਵੀ ਨਹੀਂ ਕੀਤੀ, ਸਗੋਂ ਨਾਅਰਿਆਂ ਰਾਹੀਂ ਅੰਗਰੇਜ਼ ਹਕੂਮਤ ਨੂੰ ਵੰਗਾਰਦੇ ਹੋਏ ਗ੍ਰਿਫ਼ਤਾਰ ਹੋਏ।

ਅਸੈਂਬਲੀ ਬੰਬ ਕੇਸ ਵਿਚ ਸਰਦਾਰ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਹੋ ਜਾਂਦੀ ਹੈ। ਇਸ ਸਜ਼ਾ ਤੋਂ ਬਾਅਦ ਅਦਾਲਤ ਵੱਲੋਂ ਦੋਵਾਂ ਨੂੰ ਸਾਂਡਰਸ ਕਤਲ ਕੇਸ ਦੀ ਸੁਣਵਾਈ ਲਈ ਲਾਹੌਰ ਸੈਂਟਰਲ ਜੇਲ੍ਹ ਵਿਚ ਲਿਆਂਦਾ ਜਾਂਦਾ ਹੈ। ਭਗਤ ਸਿੰਘ ਨੇ ਜੇਲ੍ਹ ਵਿਚ ਸਾਥੀਆਂ ਨਾਲ ਮਿਲ ਕੇ ਜੇਲ ਦੇ ਮਾੜੇ ਪ੍ਰਬੰਧ ਅਤੇ ਉਨ੍ਹਾਂ ਨਾਲ ਕੀਤੇ ਜਾਂਦੇ ਅਣਮਨੁੱਖੀ ਵਿਵਹਾਰ ਦੇ ਖਿਲਾਫ ਭੁੱਖ ਹੜਤਾਲ ਵੀ ਕੀਤੀ। ਭਗਤ ਸਿੰਘ ਨੂੰ ਪਤਾ ਸੀ ਕਿ ਅੰਗਰੇਜ਼ ਸਰਕਾਰ ਉਨ੍ਹਾਂ ਨੂੰ ਸਾਂਡਰਸ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਦੇ ਸਕਦੀ ਹੈ। ਇਸ ਲਈ ਇਹ ਕ੍ਰਾਂਤੀਕਾਰੀ ਯੋਧੇ ਮੌਤ ਦੀ ਸਜਾ ਪਾਉਣ ਲਈ ਉਤਾਵਲੇ ਸਨ। ਉਹ ਅਪਣੇ ਮਿਥੇ ਉਦੇਸ਼ ਮੁਤਾਬਿਕ ਅਦਾਲਤਾਂ ਵਿਚ ਆਪਣੇ ਉਦੇਸ਼ਾਂ ਦੀ ਵਿਆਖਿਆ ਕਰਕੇ ਦੇਸ਼ ਵਾਸੀਆਂ ਨੂੰ ਸੁਚੇਤ ਕਰ ਰਹੇ ਸਨ। ਉਹ ਮਰਦੇ ਦਮ ਤੱਕ ਬ੍ਰਿਟਿਸ਼ ਸਾਸ਼ਨ ਦੀ ਕੁਟਿਲਤਾ, ਭ੍ਰਿਸ਼ਟਤਾ ਅਤੇ ਅਤਿਆਚਾਰਾਂ ਦਾ ਭਾਂਡਾ ਫੋੜਨਾ ਚਾਹੁੰਦੇ ਸਨ। ਜੇਲ੍ਹ ਵਿਚ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਵਲੋਂ ਕੀਤੀ ਭੁੱਖ ਹੜਤਾਲ ਨੂੰ ਤੋੜਨ ਲਈ ਅੰਗਰੇਜ਼ ਹਕੂਮਤ ਨੇ ਹਰ ਸੰਭਵ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੂੰ ਸਫ਼ਲਤਾ ਨਾ ਮਿਲੀ। ਇਸ ਲੰਮੀ ਭੁੱਖ ਹੜਤਾਲ 'ਚ ਜਤਿੰਦਰ ਨਾਥ ਦਾਸ ਅੰਗਰੇਜ਼ ਸਾਮਰਾਜ ਅੱਗੇ ਤਾਂ ਨਹੀਂ ਹਾਰਦਾ, ਪਰ ਮੌਤ ਅੱਗੇ ਹਾਰ ਜਾਂਦਾ ਹੈ। ਉਸਦੀ ਮੌਤ ਦੂਸਰੇ ਕ੍ਰਾਂਤੀਕਾਰੀਆਂ ਲਈ ਪ੍ਰੇਰਨਾ-ਸਰੋਤ ਬਣਦੀ ਹੈ।

ਸਰਦਾਰ ਭਗਤ ਸਿੰਘ ਨਹੀਂ ਚਾਹੁੰਦਾ ਸੀ ਕਿ ਦੇਸ਼ ਦੇ ਨੌਜਵਾਨ ਬੰਬ ਤੇ ਪਿਸਤੌਲ ਲੈ ਕੇ ਹਿੰਸਕ ਕਾਰਵਾਈਆਂ ਕਰਨ। ਉਹ ਤਾਂ ਆਮ ਲੋਕਾਂ ਨੂੰ ਜਾਗ੍ਰਤ ਕਰਨਾ ਅਤੇ ਇਨਕਲਾਬ ਦੇ ਸੁਨੇਹੇ ਨੂੰ ਦੇਸ਼ ਦੇ ਹਰ ਕੋਨੇ ਤੱਕ ਪਹੰਚਾਉਣਾ ਚਾਹੁੰਦਾ ਸੀ, ਪਰ ਅਜੋਕੇ ਸਰਮਾਏਦਾਰ ਪੱਖੀ ਲੋਕ ਉਸ ਨੂੰ ਖ਼ਤਰਨਾਕ ਆਤੰਕਵਾਦੀ ਸਮਝਦੇ ਰਹੇ। ਸਰਦਾਰ ਭਗਤ ਸਿੰਘ ਦੇ ਜੇਲ੍ਹ ਵਿਚ ਰਹਿ ਕੇ ਵੀ ਹੌਸਲੇ ਬੁਲੰਦ ਸਨ, ਉਹ ਇਥੇ ਜਿਆਦਾ ਸਮਾਂ ਵਿਸ਼ਵ ਪੱਧਰ ਦੇ ਚਿੰਤਕਾਂ ਦੀਆਂ ਪੁਸਤਕਾਂ ਦਾ ਲਗਾਤਾਰ ਅਧਿਐਨ ਕਰਦਾ ਰਹਿੰਦਾ ਅਤੇ ਨਾਲ ਹੀ ਆਪਣੇ ਦੋਸਤਾਂ ਤੇ ਪਰਿਵਾਰ ਨਾਲ ਮੁਲਾਕਤਾਂ ਤੇ ਖ਼ਤਾਂ ਰਾਹੀਂ ਅਪਣਾ ਦੁੱਖ-ਸੁੱਖ ਸਾਂਝਾ ਕਰਦਾ ਰਹਿੰਦਾ ਸੀ। ਸਾਂਡਰਸ ਕਤਲ ਕੇਸ ਵਿਚ ਅੰਗਰੇਜ਼ ਸਰਕਾਰ ਇਕਪਾਸੜ ਮੁਕੱਦਮਾ ਚਲਾ ਕੇ ਸੁਖਦੇਵ, ਭਗਤ ਸਿੰਘ ਅਤੇ ਰਾਜਗੁਰੂ ਨੂੰ ਫਾਂਸੀ ਦੀ ਸਜ਼ਾ ਸੁਣਾਉਂਦੀ ਹੈ। ਬਰਤਾਨਵੀ ਸਾਮਰਾਜ ਨੇ 23 ਮਾਰਚ 1931 ਨੂੰ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਲਾਹੌਰ ਦੇ ਕਿਲ੍ਹੇ ਵਿਚ ਫਾਂਸੀ ਦੇ ਕੇ ਰਾਤੋ-ਰਾਤ ਪੁਲਿਸ ਅਤੇ ਫ਼ੌਜ ਦੇ ਪਹਿਰੇ ਹੇਠ ਫਿਰੋਜ਼ਪੁਰ ਦੇ ਨੇੜੇ ਸਤਲੁਜ ਦੇ ਕੰਢੇ 'ਤੇ ਉਹਨਾਂ ਦੀਆਂ ਲਾਸ਼ਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਇਸ ਤਰਾਂ ਬ੍ਰਿਟਿਸ਼ ਸਾਮਰਾਜ ਨੇ ਸਾਜਿਸ਼ ਰਚਕੇ ਸਰਦਾਰ ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਸਰੀਰਕ ਤੌਰ 'ਤੇ ਤਾਂ ਖਤਮ ਕਰ ਦਿੱਤਾ, ਪਰ ਉਨ੍ਹਾਂ ਦੀ ਇਨਕਲਾਬੀ ਸੋਚ ਅਤੇ ਵਿਚਾਰਧਾਰਾ ਨੂੰ ਖਤਮ ਨਹੀਂ ਕਰ ਸਕੇ।

ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਦੀ 92ਵੀ ਵਰ੍ਹੇਗੰਢ ਤੇ ਵਿਸ਼ੇਸ਼:

ਸੋਸ਼ਣ ਦਮਨ ਤੋਂ ਮੁਕਤ ਹਿੰਦੋਸਤਾਨ ਬਣਾਉਣ ਲਈ ਸਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨਾ ਹੋਵੇਗਾ:

ਪਾਸ਼ ਅੰਬਰ
ਅਦਾਰਾ ਤਹਿਰੀਕ ਪੰਜਾਬ
ਸੰਪਰਕ 6280797236

ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਸਾਨੂੰ ਕੀ ਕਰਨਾ ਹੋਵੇਗਾ। ਇਹਨਾਂ ਸਾਰੇ ਸਵਾਲਾਂ ਦਾ ਜਵਾਬ ਹਾਸਿਲ ਕਰਨ ਲਈ ਸਾਨੂੰ ਦੇਸ਼ ਦੀ ਆਜਾਦੀ ਦੇ ਸੰਘਰਸ ਦੇ ਇਤਿਹਾਸ ਨੂੰ ਸਮਝਣਾ ਹੋਵੇਗਾ।

ਮਜਦੂਰ ਇੱਕ ਕਮੇਟੀ ਦਾ ਬਿਆਨ, 20 ਮਾਰਚ ,2023 23 ਮਾਰਚ,1931 ਨੂੰ ਅੰਗਰੇਜ ਹਕੂਮਤਾਂ ਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਤੇ ਚੜ੍ਹਾ ਦਿੱਤਾ ਸੀ। ਉਹਨਾਂ ਨੂੰ ਅੱਤਵਾਦੀ ਕਰਾਰ ਕਰ ਦਿੱਤਾ ਗਿਆ। ਉਹਨਾਂ ਅਤੇ ਹੋਰ ਅਣਗਿਣਤ ਕ੍ਰਾਂਤੀਕਾਰੀਆਂ ਨੇ ਅੰਗਰੇਜ ਹਕੂਮਤ ਨੂੰ ਜੜ੍ਹੋਂ ਪੱਟਣ ਅਤੇ ਆਪਣੇ ਲੋਕਾਂ ਨੂੰ ਗੁਲਾਮੀ ਤੋਂ ਮੁਕਤ ਕਰਾਉਣ ਦੇ ਲਈ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਸੀ। ਅੰਗਰੇਜ ਉਨ੍ਹਾਂ ਨੂੰ ਫਾਂਸੀ ਤੇ ਚੜ੍ਹਾਕੇ ਉਹਨਾਂ ਦੇ ਵਿਚਾਰਾਂ ਅਤੇ ਕਾਰਜਾਂ ਨੂੰ ਖਤਮ ਕਰਨਾ ਚਾਹੁੰਦੇ ਸਨ। ਪਰ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋਏ। ਅੱਜ ਵੀ ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੇ ਵਿਚਾਰ ਅਤੇ ਮੌਤ ਨੂੰ ਚੁਣੌਤੀ ਦੇਣ ਵਾਲੀ ਦਲੇਰੀ ਨੌਜਵਾਨਾਂ ਨੂੰ ਪ੍ਰੇਰਦੀ ਹੈ।

ਸਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਕ ਐਸਾ ਹਿੰਦੋਸਤਾਨ ਦੇ ਨਿਰਮਾਣ ਦਾ ਸੱਦਾ ਦਿੱਤਾ ਜਿਸਦੇ ਵਿੱਚ ਹਰ ਮਜਦੂਰ ਸੋਸਣ - ਦਮਨ ਤੋਂ ਮੁਕਤ ਹੋਵੇਗਾ।

ਜਿਥੇ ਹਰ ਇਨਸਾਨ ਸੋਸ਼ਣ ਦਮਨ ਤੌ ਮੁਕਤ ਹੋਵੇਗਾ ਤੇ ਹਰ ਇੱਕ ਨੂੰ ਉਸਦੀ ਕਿਰਤ ਕਮਾਈ ਦਾ ਵਾਜਿਵ ਫੱਲ ਮਿਲੇਗਾ। ਜਿੱਥੇ ਕਿਸਾਨ ਮਜਦੂਰ ਨੌਜਵਾਨ ਖੁਦਕੁਸ਼ਿਆਂ ਦੇ ਰਾਹ ਨਹੀਂ ਪੈਣਗੇ।ਜਿੱਥੇ ਨੌਜਵਾਨਾਂ ਨੂੰ ਗੂੜ੍ਹੇ ਹਨੇਰੇ 'ਚ ਨਹੀ ਧੱਕਿਆ ਜਾਵੇਗਾ। ਜਿੱਥੇ ਨਵੀਂ ਪੀੜ੍ਹੀ ਤੇ ਹਰ ਇਨਸਾਨ ਬੱਚੇ,ਔਰਤਾਂ ਬੇਖੌਫ ਚਲ ਫਿਰ ਸਕਣਗੇ।ਜਿੱਥੇ ਧਰਮ - ਜਾਤ ਦੇ ਨਾਂ ਤੇ ਮੁਲਕ ਵੰਡਿਆ ਨਹੀਂ ਜਾਵੇਗਾ ਜਿੱਥੇ ਮਿਹਨਤਕਸ਼ ਲੋਕ ਜੋ ਧਨ ਦੌਲਤ ਕਮਾਉਣਗੇ ਪੈਦਾ ਕਰਨਗੇ ਉਹ ਖੁਦ ਦੇਸ਼ ਦੇ ਮਾਲਕ ਹੋਣਗੇ। ਸਾਡੇ ਹੁਕਮਰਾਨ ਤੇ ਪੂੰਜੀਪਤੀ ਇਹ ਦਾਅਵਾ ਕਰਦੇ ਹਨ। ਕਿ 1947 ਨੂੰ ਹਿੰਦੋਸਤਾਨ ਨੇ ਅਜਾਦੀ ਹਾਸਿਲ ਕੀਤੀ ਪਰ ਹਕੀਕਤ ਇਹ ਹੈ ਕਿ 76 ਸਾਲਾਂ ਬਾਅਦ ਵੀ ਦੇਸ਼ ਦੇ ਮਜਦੂਰ ,ਕਿਸਾਨ ਸੋਸਣ ਅਤੇ ਉਤਪੀੜਨ ਦੇ ਸਿ਼ਕਾਰ ਹਨ। ਅੱਜ ਜਿਹੜੇ ਨੌਜਵਾਨਾਂ ਦੇ ਕੋਲ ਨੌਕਰੀ ਹੈ। ਜੋ ਦਿਨ ਰਾਤ ਕੰਮ ਕਰ ਰਹੇ ਹਨ। ਉਹਨਾਂ ਨੂੰ ਪੂਰੀ ਮਿਹਨਤ ਕਰਨ ਦੇ ਬਾਵਜੂਦ ਵੀ ਪੂਰੀ ਮਿਹਨਤ ਦਾ ਮੁੱਲ ਨਹੀਂ ਮਿਲਦਾ। ਉਹ ਹਰ ਦਿਨ ਰਾਤ ਮਿਹਨਤ ਕਰਦੇ ਹਨ ਬਾਅਦ ਵੀ ਪੂਰਾ ਮੁੱਲ ਨਹੀਂ ਮਿਲਦਾ।ਇਸ ਗੱਲ ਦੀ ਵੀ ਕੋਈ ਗਰੰਟੀ ਨਹੀਂ ਕਿ ਕੱਲ ਨੂੰ ਉਹਨਾਂ ਕੋਲ ਕੰਮ ਹੋਵੇਗਾ ਜਾਂ ਨਹੀ।ਲੋਕ ਬੇਰੁਜਗਾਰੀ ਦੇ ਭੰਨੇ ਹੋਏ ਲਾਚਾਰ ਤੇ ਭੁੱਖਮਰੀ, ਕੁਪੋਸਣ, ਅਨਪੜਤਾ ਦੇ ਦੌਰ ਚੋਂ ਗੁਜਰ ਰਹੇ ਹਨ। ਅੱਜ ਵੀ ਹਾਲਤ ਤਰਸਯੋਗ ਬਣੀ ਹੋਈ ਹੈ। ਬੀਮਾਰੀਆਂ ਨਾਲ ਹਜਾਰਾਂ ਮੌਤਾਂ ਹੁੰਦੀਆਂ ਹੀ ਰਹਿੰਦੀਆਂ ਹਨ।

ਧਰਮ- ਜਾਤ ਦੇ ਨਾਮ ਤੇ ਪੀੜਤ ਤੇ ਔਰਤਾਂ ਨਾਲ ਹਰ ਪਲ ਵਧੀਕੀਆਂ ਹੁੰਦੀਆਂ ਹਨ।ਇਹ ਘਟਨਾਵਾਂ ਦਾ ਸਿਲਸਿਲਾ ਲ਼ਗਾਤਾਰ ਜਾਰੀ ਹੈ। ਰਾਜ ਵੱਲੋਂ ਆਯੋਜਿਤ ਸੰਪਰਦਾਇਕਤਾ ਤੇ ਹੋਰ ਸਰਕਾਰੀ ਢਾਂਚੇ ਤੇ ਰਾਜਸੀ ਅਤਿਵਾਦ ਤੋਂ ਹਿੰਦੋਸਤਾਨ ਆਜਾਦ ਨਹੀਂ ਹੈ।

ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਸਾਨੂੰ ਕੀ ਕਰਨਾ ਹੋਵੇਗਾ। ਇਹਨਾਂ ਸਾਰੇ ਸਵਾਲਾਂ ਦਾ ਜਵਾਬ ਹਾਸਿਲ ਕਰਨ ਲਈ ਸਾਨੂੰ ਦੇਸ਼ ਦੀ ਆਜਾਦੀ ਦੇ ਸੰਘਰਸ ਦੇ ਇਤਿਹਾਸ ਨੂੰ ਸਮਝਣਾ ਹੋਵੇਗਾ।

ਅੰਗਰੇਜ ਹਕੂਮਤ ਨੂੰ ਖਤਮ ਕਰਨ ਨਾਲ ਨਵਾਂ ਹਿੰਦੋਸਤਾਨ ਕਿਸ ਤਰਾਂ ਦਾ ਹੋਵੇਗਾ। ਇਸ ਤੇ ਦੋ ਨਜਰੀਏ ਆਪਸ ਵਿੱਚ ਟਕਰਾਅ ਰਹੇ ਸਨ। ਇੱਕ ਨਜਰੀਆ ਸੀ ਮਜਦੂਰਾਂ ਕਿਸਾਨਾਂ ਤੇ ਹੋਰ ਸਾਰੇ ਮਿਹਨਤਕਸ਼ ਤਬਕਿਆਂ ਦਾ ਤੇ ਦੌਜੇ ਪਾਸੇ ਪੂੰਜੀਪਤੀ ਤੇ ਵੱਡੇ ਘਰਾਣੇ ਜਗੀਰਦਾਰ ਸੂਦਖੋਰ। ਸਾਡੇ ਦੇਸ਼ ਦੇ ਮਜਦੂਰ ,ਕਿਸਾਨ ਅਤੇ ਕ੍ਰਾਂਤੀਕਾਰੀ 1857 ਦੇ ਮਹਾਨ ਗਦਰ ਦੀ ਸੂਰਵੀਰਤਕ ਏਲਾਨਾਂ ਤੋਂ ਪ੍ਰੇਰਿਤ ਸਨ। ਉਹ ਰੂਸ ਦੀ ਮਹਾਨ ਅਕਤੂਬਰ ਸਮਾਜਵਾਦੀ ਕ੍ਰਾਂਤੀ ਦੀ ਜਿੱਤ ਅਤੇ ਮਜਦੂਰਾਂ ਦੀ ਹਕੂਮਤ ਤੌ ਪ੍ਰੇਰਿਤ ਹੋਏ। ਉਹ ਮਜਦੂਰਾਂ, ਕਿਸਾਨਾਂ ਅਤੇ ਨੌਜਵਾਨਾਂ ਨੂੰ ਸਮਾਜ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਲਈ ਇੱਕਜੁਟ ਕਰ ਰਹੇ ਸਨ। ਉਹਨਾਂ ਦਾ ਮੰਨਣਾ ਸੀ ਕਿ ਜਦੌ ਤੱਕ ਦੇਸ਼ ਲੋਕਾਂ ਤੇ ਦਾਬਾ ਬਨਾਉਣ ਦੇ ਲਈ ਅੰਗਰੇਜਾਂ ਵੱਲੋਂ ਸਥਾਪਤ ਰਾਜ ਦੇ ਸਾਧਨ ਬਰਕਰਾਰ ਰਹਿਣਗੇ। ਓਸ ਸਮੇਂ ਤੱਕ ਅਸੀ ਅਸਲੀ ਅਜਾਦੀ ਹਾਸਿਲ ਨਹੀ ਕਰ ਸਕਾਂਗੇ। ਕ੍ਰਾਂਤੀਕਾਰੀਆਂ ਨੇ ਸਾਫ -ਸਾਫ ਘੋਸ਼ਿਤ ਕੀਤਾ ਕਿ "ਸਾਡਾ ਸੰਘਰਸ਼ ਓਸ ਵਖਤ ਤੱਕ ਜਾਰੀ ਰਹੇਗਾ ਜਦੋਂ ਤੱਕ ਤਿੱਲ ਭਰ ਲੋਕ ਆਮ ਜਨਤਾ ਤੇ ਉਹਨਾਂ ਦੇ ਸਾਧਨਾਂ ਦਾ ਸੋਸ਼ਣ ਕਰਦੇ ਰਹਿਣਗੇ। ਸਾਨੂੰ ਇਸ ਰਾਹ ਤੇ ਚੱਲਣ ਤੌ ਕੋਈ ਨਹੀ ਰੋਕ ਸਕਦਾ।" ਉਹਨਾਂ ਨੇ ਅੰਗਰੇਜਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਸਾਨੂੰ ਅੱਜ ਕੀ ਕਰਨਾ ਹੋਵੇਗਾ ? ਇਹਨਾਂ ਸਵਾਲਾਂ ਦਾ ਜਵਾਬ ਹਾਸਿਲ ਕਰਨ ਲਈ ਦੇਸ਼ ਦੀ ਅਜਾਦੀ ਦੇ ਸੰਘਰਸ ਦੇ ਇਤਿਹਾਸ ਨੂੰ ਸਮਝਨਾ ਹੋਵੇਗਾ।ਅੰਗਰੇਜ ਹਕੂਮਤ ਨੂੰ ਖਤਮ ਕਰਨ ਦੇ ਸੰਘਰਸ਼ ਵਿੱਚ ਨਵਾਂ ਹਿੰਦੋਸਤਾਨ ਕਿਸ ਤਰਾਂ ਦਾ ਹੋਵੇਗਾ। ਇਸ ਵਿੱਚ ਦੋ ਨਜਰੀਆ ਦੇ ਵਿੱਚ ਟੱਕਰ ਸੀ।ਇੱਕ ਨਜਰੀਆ ਸੀ ਮਜਦੂਰ ਵਰਗ ਮਿਹਨਤਕਸ਼ ਕਿਸਾਨਾਂ ਅਤੇ ਕ੍ਰਾਂਤੀਕਾਰੀਆਂ ਦਾ ਦੂਜਾ ਨਜਰੀਆ ਸੀ ਵੱਡੇ ਪੂੰਜੀਪਤੀਆਂ ਤੇ ਵੱਡੇ ਜਗੀਰਦਾਰਾਂ ਦਾ।

ਸਾਡੇ ਦੇਸ਼ ਦੇ ਮਜਦੂਰ ਕਿਸਾਨ ਅਤੇ ਕ੍ਰਾਂਤੀਕਾਰੀ 1857 ਦੇ ਮਹਾਨ ਗਦਰ ਤੋਂ ਹਿੰਦੋਸਤਾਨ ਗਦਰ ਪਾਰਟੀ ਦੇ ਵੀਰਤਾਪੂਰਨ ਐਲਾਨਾਂ ਅਤੇ ਕੰਮਾਂ ਤੋਂ ਪ੍ਰੇਰਿਤ ਸਨ। ਉਹ ਰੂਸ ਵਿੱਚ ਹੋਈ ਮਹਾਨ ਅਕਤੂਬਰ ਸਮਾਜਵਾਦੀ ਕ੍ਰਾਂਤੀ ਦੀ ਜਿੱਤ ਅਤੇ ਉਹਨਾਂ ਮਜਦੂਰਾਂ ਦੀ ਹਕੂਮਤ ਦੀ ਸਥਾਪਨਾਂ ਤੋਂ ਪ੍ਰਭਾਵਿਤ ਹੋਏ ਸਨ।ਓਹ ਮਜਦੂਰਾਂ ਕਿਸਾਨਾਂ ਔਰਤਾਂ ਅਤੇ ਨੌਜਵਾਨਾਂ ਨੂੰ ਸਮਾਜ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਲਈ ਇੱਕਜੁਟ ਕਰ ਰਹੇ ਸਨ। ਉਹਨਾਂ ਦਾ ਮੰਨਣਾ ਸੀ ਕਿ ਜਦੌ ਤੱਕ ਦੇਸ਼ ਦੇ ਲੋਕਾਂ ਨੂੰ ਦਬਾਉਣ ਲਈ ਅੰਗਰੇਜਾਂ ਵੱਲੋਂ ਸਥਾਪਤ ਰਾਜ ਦੀਆਂ ਸੰਸਥਾਂਵਾਂ ਬਰਕਰਾਰ ਰਹਿਣਗੀਆਂ ਉਸ ਸਮੇ ਤੱਕ ਅਸੀ ਅਸਲੀ ਅਜਾਦੀ ਹਾਸਿਲ ਨਹੀਂ ਕਰ ਸਕਾਂਗੇ। ਕ੍ਰਾਂਤੀਕਾਰੀਆਂ ਨੇ ਸਾਫ ਸਾਫ ਘੋਸ਼ਣਾ ਕੀਤੀ ਸੀ ਕਿ "ਸਾਡਾ ਸੰਘਰਸ ਉਸ ਸਮੇਂ ਤੱਕ ਜਾਰੀ ਰਹੇਗਾ ਜਦੌ ਤੱਕ ਮੁੱਠੀਭਰ ਲੋਕ ,ਦੇਸੀ ਜਾਂ ਵਿਦੇਸ਼ੀ ਜਾਂ ਫੇਰ ਦੋਵੇਂ ਮਿਲਕੇ ,ਸਾਡੇ ਲੋਕਾਂ ਦੀ ਮਿਹਨਤ ਅਤੇ ਸੰਸਥਾਂਵਾਂ ਦਾ ਸੋਸ਼ਣ ਕਰਦੇ ਰਹਿਣਗੇ ਉਸ ਸਮੇ ਤੱਕ ਸਾਨੂੰ ਇਸ ਰਾਹ ਤੋਂ ਕੋਈ ਨਹੀਂ ਰੋਕ ਸਕਦਾ।" ਓਹਨਾਂ ਨੇ ਅੰਗਰੇਜ ਰਾਜ ਨੂੰ ਪੂਰਾ ਪੂਰਾ ਜੜੋਂ ਪੱਟਣ ਅਤੇ ਇੱਕ ਨਵੇਂ ਰਾਜ ਦਾ ਨਿਰਮਾਣ ਕਰਨ ਦੇ ਸੰਘਰਸ ਦਾ ਸੱਦਾ ਦਿੱਤਾ ਸੀ। ਜਿਸ ਦੇ ਵਿੱਚ ਮਨੁੱਖ ਵੱਲੋਂ ਮਨੁੱਖ ਦਾ ਸੋਸ਼ਣ ਨਹੀ ਹੋਵੇਗਾ ਅਤੇ ਰਾਜ ਸੱਭ ਨੂੰ ਸੁਰੱਖਿਅਤ ਅਤੇ ਖੁਸ਼ਹਾਲੀ ਪ੍ਰਦਾਨ ਕਰੇਗਾ। ਅੰਗਰੇਜ ਹਕੂਮਤਾਂ ਨੇ ਕ੍ਰਾਂਤੀਕਾਰੀਆਂ ਤੇ ਬਹੁਤ ਜੁਲਮ ਢਾਏ ਤੇ ਨਾਲਦੀ ਨਾਲ ਅੰਗਰੇਜਾਂ ਦੇ ਵਫਾਦਾਰਾਂ ਨੂੰ ਜਮੀਨ ਅਤੇ ਇਨਾਮ ਦਿੱਤੇ ਗਏ।ਪੂੰਜੀਪਤੀ ਵਰਗ ਆਤੇ ਜਗੀਰਦਾਰਾਂ ਦੇ ਵਿਕਾਸ ਨੂੰ ਹੁਲਾਰਾ ਦਿੱਤਾ ਗਿਆ। ਮਜਦੂਰਾਂ ਅਤੇ ਕਿਸਾਨਾਂ ਨੂੰ ਕ੍ਰਾਂਤੀ ਦਾ ਰਾਹ ਅਪਨਾਉਣ ਤੋਂ ਰੋਕਣ ਦੇ ਉਦੇਸ਼ ਨਾਲ ਅੰਗਰੇਜੀ ਹਕੂਮਤਾਂ ਨੇ ਹਿੰਦੋਸਤਾਨੀ ਪੂੰਜੀਪਤੀਆਂ ਅਤੇ ਜਗੀਰਦਾਰਾਂ ਦੇ ਸੱਭ ਤੋਂ ਅਮੀਰ ਅਤੇ ਪ੍ਰਭਾਵਸਾਲੀ ਵਰਗ ਦੇ ਪ੍ਰਤੀਨਿਧੀਆਂ ਬਤੌਰ, ਇੰਡੀਅਨ ਨੈਸ਼ਨਲ ਪਾਰਟੀ ਦਾ ਗਠਨ ਕੀਤਾ।ਪੂੰਜੀਵਾਦੀ ਕਾਰਪੋਰੇਟ ਘਰਾਣੇ ਆਤੇ ਵੱਡੇ ਜਗੀਰਦਾਰਾਂ ਨੂੰ ਅੰਗਰੇਜ ਸਾਸ਼ਣ ਤੱਤਰ ਦੇ ਅੰਦਰ ਸ਼ਾਮਿਲ ਕੀਤਾ ਗਿਆ,ਜਦ ਕਿ ਬਹੁ ਸੰਖਿਅਕ ਮਿਹਨਤਕਸ਼ ਲੋਕਾਂ ਨੂੰ ਬਾਹਰ ਰੱਖਿਆ ਗਿਆ। ਅੰਗਰੇਜੀ ਹਕੂਮਤਾਂ ਦੇ ਇਹਨਾਂ ਵਫਾਦਾਰਾਂ ਨੇ ਕ੍ਰਾਂਤੀਕਾਰੀਆਂ ਤੇ ਹਮਲੇ ਕੀਤੇ ਅਤੇ ਉਹਨਾਂ ਨੂੰ ਫਾਂਸੀ ਤੇ ਚੜਾਉਣ ਲਈ ਅੰਗਰੇਜਾਂ ਦਾ ਪੂਰਾ ਸਾਥ ਦਿੱਤਾ। 1947 ਵਿੱਚ ਅੰਗਰੇਜੀ ਹਕੂਮਤਾਂ ਨੇ ਕਾਂਗਰਸ ਪਾਰਟੀ ਅਤੇ ਮੁਸਲਮ ਲੀਗ ਨਾਲ ਵੱਖ ਵੱਖ ਸਮਝੌਤੇ ਕਰਨ ਤੋਂ ਬਾਅਦ, ਸੰਪਰਦਾਇਕਤਾ ਦੇ ਅਧਾਰ ਤੇ ਦੇਸ਼ ਨੂੰ ਵੰਡਿਆ ਗਿਆ ਆਤੇ ਸੱਤਾ ਨੂੰ ਆਪਣੇ ਵਲੋਂ ਪਾਲੇ ਗਏ ਵਰਗ ਦੇ ਹੱਥਾਂ ਵਿੱਚ ਦੇ ਦਿੱਤਾ। ਇਹਨਾਂ ਨਵੇਂ ਹੋਂਦ ਵਿੱਚ ਆਏ ਵਰਗ ਵੱਲੋਂ ਲੋਕਾਂ ਦੀਆਂ ਬਸਤੀਵਾਦੀ ਹਕੂਮਤ ਦੇ ਸਾਰੇ ਸੰਸਥਾਂਵਾਂ ਵਲੌ ਪੀੜਤ ਅਤੇ ਲੁੱਟ ਦੀ ਪੂਰੀ ਵਿਵਸਥਾ ਬਰਕਰਾਰ ਰੱਖੀ ਗਈ।

ਇਹ ਸਾਡੇ ਦੇਸ਼ ਦੀ ਮਿਹਨਤਕਸ਼ ਜਨਤਾ ਨਾਲ ਬਹੁਤ ਵੱਡਾ ਧੋਖਾ ਸੀ। ਕ੍ਰਾਂਤੀਕਾਰੀ ਸੰਘਰਸ ਦੇ ਜਰੀਏ ਅੰਗਰੇਜ ਬਸਤੀਵਾਦੀ ਵਿਰਾਸਤ ਤੋਂ ਪੂਰਨ ਰੂਪ ਵਿੱਚ ਨਾਤਾ ਤੋੜਨ ਤੋਂ ਸਾਡੇ ਕ੍ਰਾਂਤੀਕਾਰੀ ਦੇਸ਼ ਭਗਤਾਂ ਦੇ ਉਦੇਸ਼ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਗਿਆ।

ਅੰਗਰੇਜ ਹਕੂਮਤ ਦੇ ਇਹੀ ਵਫਾਦਾਰ ਦੇਸ਼ ਤੇ ਰਾਜ ਕਰ ਰਹੇ ਹਨ ਜਿਹਨਾਂ ਨੇ, ਹਜਾਰਾਂ ਕ੍ਰਾਂਤੀਕਾਰੀਆਂ ਨੂੰ ਸਜਾ ਕਰਾਉਣ ਵਿੱਚ ਅੰਗਰੇਜਾਂ ਦਾ ਸਾਥ ਦਿੱਤਾ ਸੀ। ਇਹੀ ਵਫਾਦਾਰ ਅੰਗਰੇਜੀ ਹਕੂਮਤ ਦੇ ਸੰਸਥਾਂਵਾਂ ਨੂੰ ਬਰਕਰਾਰ ਰੱਖ ਰਹੇ ਹਨ ਤੇ ਓਹਨਾਂ ਨੂੰ ਹੋਰ ਹੱਲਾਸੇਰੀ ਦੇ ਰਹੇ ਹਨ।

ਇਹ ਸੱਚਾਈ ਮਜਦੂਰਾਂ ,ਕਿਸਾਨਾਂ ਆਤੇ ਨੌਜਵਾਨਾਂ ਤੌਂ ਲਾਂਭੇ ਰੱਖੀ ਜਾਂਦੀ ਹੈ।ਸ਼ਹੀਦ ਭਗਤ ਸਿੰਘ ਅਤੇ ਅਣਗਿਣਤ ਕ੍ਰਾਂਤੀਕਾਰੀਆਂ ਦੇ ਸੰਘਰਸ ਦੇ ਅਸਲੀ ਉਦੇਸ਼ ਨੂੰ ਭੁਲਾ ਦੇਣ ਦੀ ਪੂਰਿ ਕੋਸ਼ਿਸ਼ ਕੀਤੀ ਜਾਂਦੀ ਹੈ। ਅੰਗਰੇਜ ਹਕੂਮਤ ਦੀ ਥਾਂ ਪੂੰਜੀਪਤੀ ਵਰਗ ਦੀ ਰਾਜ ਸੱਤਾ ਨੇ ਲੈ ਲਈ ਹੈ।ਵੱਡੇ ਵੱਡੇ ਪੂੰਜੀਵਾਦੀ ਘਰਾਣੇ ਟਾਟਾ,ਬਿਰਲਾ ,ਅੰਬਾਨੀ,

ਅਡਾਨੀ ਤੇ ਹੋਰ ਜੋ ਵੀ ਪੂੰਜੀਪਤੀ ਵਰਗ ਦੀ ਅਗਵਾਇ ਕਰਦੇ ਹਨ ਤੇ ਇਹੀ ਦੇਸ਼ ਦਾ ਅਜੰਡਾ ਤੈਅ ਕਰਦੇ ਹਨ। ਜਿਸ ਜਾਲਮ ਰਵਈਏ ਨਾਲ ਉਹਨਾਂ ਨੂੰ ਚੁਣੋਤੀ ਦੇਣ ਵਾਲਿਆਂ ਨੂੰ ਮਿਟਾ ਦਿੰਦੀ ਸੀ। ਏਨੀ ਹੀ ਤੇ ਇਸ ਤੋਂ ਵੀ ਕਿਤੇ ਜਿ਼ਆਦਾ ਜਾਲਮ ਤਰੀਕੇ ਨਾਲ ਪੂੰਜੀਪਤੀਆਂ ਦੇ ਵਿਰੋਧ ਕਰਨ ਵਾਲਿਆਂ ਨੂੰ ਬੇ - ਰਹਿਮੀ ਨਾਲ ਖਤਮ ਕਰ ਦਿੱਤਾ ਜਾਂਦਾ ਹੈ।ਯੂ ਏ ਪੀ ਏ ਵਰਗੇ ਸਖਤ ਕਨੂੰਨਾਂ ਤਹਿਤ ਅਣਮਿੱਥੇ ਸਮੇਂ ਲਈ ਜੇਲ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ।76 ਸਾਲ ਬਾਅਦ ਅੱਜ ਵੀ ਦੇਸੀ ਅਤੇ ਵਿਦੇਸ਼ੀ ਪੂੰਜੀਪਤੀਆਂ ਵਲੌ ਸਾਡੇ ਲੋਕਾਂ ਦੀ ਮਿਹਨਤ ਅਤੇ ਸੰਸਥਾਂਵਾਂ ਦਾ ਸੋਸ਼ਣ ਅਤੇ ਲੁੱਟ ਬੇ-ਰੋਕ ਜਾਰੀ ਹੈ।ਪੂੰਜੀਵਾਦੀ ਹਕੂਮਤਾਂ, ਆਪਣੇ ਸਾਮਰਾਜਵਾਦੀ ਮਨਸੂਬਿਆਂ ਨੂੰ ਹਾਸਿਲ ਕਰਨ ਦੇ ਇਰਾਦਿਆਂ ਨਾਲ ਦੇਸ਼ ਦੀਆਂ ਅਨਮੋਲ ਸੰਪਤੀਆਂ ਨੂੰ ਵੇਚ ਰਹੀਆਂ ਹਨ। ਓਹ ਅਮਰੀਕੀ ਸਾਮਰਾਜਵਾਦੀ ਤੇ ਦੂਜੇ ਹੋਰ ਸਾਮਰਾਜਵਾਦੀ ਤਾਕਤਾਂ ਦੇ ਨਾਲ ਨਵੀਆਂ ਰਣਨੀਤਕ ਗੱਠਜੋੜ ਮਜਬੂਤ ਕਰ ਰਹੇ ਹਨ ਅਤੇ ਦੇਸ਼ ਨੂੰ ਬਹੁਤ ਵੱਡੇ ਖਤਰੇ ਵਿੱਚ ਪਾ ਰਹੇ ਹਨ।

"ਦੁਨੀਆ ਦਾ ਸੱਭ ਤੌ ਵੱਡਾ ਲੋਕਤੰਤਰ" ਕਹਾਉਣ ਵਾਲੇ ਇਸ ਮੁਲਕ ਵਿੱਚ ਸਮੇਂ ਸਮੇ ਤੇ ਵੋਟਾਂ ਕਰਵਾਈਆਂ ਜਾਂਦੀਆਂ ਹਨ। ਇਹ ਭਰਮ ਫੈਲਾਇਆ ਜਾਂਦਾ ਹੈ ਕਿ ਜਨਤਾ ਆਪਣੀ ਸਰਕਾਰ ਆਪ ਚੁਣਦੀ ਹੈ ਪਰ ਹਕੀਕਤ ਵਿੱਚ ਪੂੰਜੀਵਾਦੀ ਘਰਾਣੇ ਅਰਬਾਂ ਅਰਬਾਂ ਖਰਚ ਕਰਕੇ ਆਪਣੀ ਉਸ ਵਫਾਦਾਰ ਪਾਰਟੀ ਦੀ ਸਰਕਾਰ ਬਣਾਉਂਦੇ ਹਨ। ਜੋ ਓਹਨਾਂ ਦੇ ਅਜੰਡੇ ਨੂੰ ਵਧਿਆ ਤਰੀਕੇ ਨਾਲ ਲਾਗੂ ਕਰ ਸਕੇ। ਨਾਲ ਨਾਲ ਲੋਕਾਂ ਨੂੰ ਮੂਰਖ ਬਣਾਇਆ ਜਾਂਦਾ ਹੈ।ਮਿਹਨਤਕਸ਼ ਲੋਕਾਂ ਦੇ ਕੋਲ ਕੋਈ ਵੀ ਨੀਤੀਗਤ ਫੈਸਲਾ ਲੈਣ ਅਤੇ ਕਨੂੰਨ ਬਨਾਉਣ ਅਤੇ ਬਦਲਣ ਦੀ ਤਾਕਤ ਨਹੀ ਹੈ। ਅਸੀਂ ਆਪਣੇ ਚੁਣੇ ਗਏ ਨੁਮਾਇੰਦਿਆਂ ਨੂੰ ਨਾਂ ਤਾਂ ਜਵਾਬਦੇਹ ਠਹਿਰਾ ਸਕਦੇ ਹਾਂ ਅਤੇ ਨਾਂ ਹੀ ਉਹਨਾਂ ਨੂੰ ਗੱਦੀਓਂ ਲਾਹ ਸਕਦੇ ਹਾਂ।

ਸਾਥੀਓ ਅਤੇ ਦੋਸਤੋ, ਸ਼ਹੀਦ ਭਗਤ ਸਿੰਘ ਤੇ ਓਹਨਾਂ ਦੇ ਸਾਥੀਆਂ ਦੀ ਸ਼ਹਾਦਤ ਨੂੰ ਯਾਦ ਕਰਨਾ ਉਦੋਂ ਹੀ ਸਾਰਥਕ ਹੋਵੇਗਾ ਜਦੋਂ ਅਸੀਂ ਉਹਨਾਂ ਦੇ ਦਖਾਏ ਹੋਏ ਰਾਹ ਤੇ ਚੱਲਾਂਗੇ ਤੇ ਉਸ ਹਿੰਦੋਸਤਾਨਧਾ ਨਿਰਮਾਣ ਕਰਨ ਵਿੱਚ ਕਾਮਯਾਬ ਹੋਵਾਂਗੇ ਜੋ ਉਹਨਾਂ ਦਾ ਸੁਪਨਾ ਸੀ।

ਹਿੰਦੋਸਤਾਨੀ ਸਮਾਜ ਸਮਾਜਿਕ ਪਰਿਵਰਤਨ ਲਈ ਤਰਸ ਰਿਹਾ ਹੈ।ਸੋਸ਼ਣ ਅਤੇ ਦਮਨ ਦੀ ਮੌਜੂਦਾ ਪੂੰਜੀਵਾਦੀ,ਆਰਥਿਕ ਵਿਵਸਥਾ ਦੀ ਜਗਾਹ ਤੇ ਸਾਨੂੰ ਇੱਕ ਇਸ ਤਰਾਂ ਦੀ ਵਿਵਸਥਾ ਤਿਆਰ ਕਰਨ ਦੀ ਜਰੂਰਤ ਹੈ ਜਿਸ ਵਿੱਚ ਮਜਦੂਰ ਵਰਗ ਤੇ ਸਾਰੇ ਪੀੜਤ ਵਰਗ ਦੇ ਨਾਲ ਗੱਠਜੋੜ ਕਰਕੇ ਰਾਜ ਕਰੇਗਾ ਅਤੇ ਦੇਸ਼ ਦਾ ਅਜੰਡਾ ਤੈਅ ਕਰੇਗਾ।

ਮਜਦੂਰ ਮਿਹਨਤਕਸ਼ ਸਮਾਜ ਦੇ ਸਾਰੇ ਅਹਿਮ ਫੈਸਲੇ ਲੈਣ ਲਈ ਜਥੇਬੰਦ ਹੋਣਗੇ। ਉਤਪਾਦਨ ਦੇ ਸਾਰੇ ਪ੍ਰਮੁੱਖ ਸਾਧਨਾਂ ਨੂੰ ਪੂੰਜੀਪਤੀ ਵਰਗ ਦੇ ਹੱਥਾਂ ਤੌ ਖੋਹ ਕੇ , ਸਮਾਜਿਕ ਦੇਖ ਰੇਖ ਵਿੱਚ ਰੱਖਿਆ ਜਾਵੇਗਾ। ਅਰਥਵਿਵਸਥਾ ਦਾ ਉਦੇਸ਼ ਹੋਵੇਗਾ ਕਿ ਸਾਰੇ ਮਿਹਨਤਕਸ਼ ਲੋਕਾਂ ਦੀਆਂ ਜਰੂਰਤਾਂ ਨੂੰ ਵੱਧ ਤੋਂ ਵੱਧ ਪੂਰਾ ਕਰਨਾ, ਨਾਂ ਕਿ ਪੂੰਜੀਪਤੀਆਂ ਦੇ ਲਾਲਚ ਨੂੰ ਪੂਰਾ ਕਰਨਾ।

ਇਸੇ ਉਦੇਸ਼ ਦੇ ਲਈ ਸ਼ਹੀਦ ਭਗਤ ਸਿੰਘ ਤੇ ਅਣਗਿਣਤ ਕ੍ਰਾਂਤੀਕਾਰੀਆਂ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ।

ਆਓ,ਸਾਡੇ ਸ਼ਹੀਦਾਂ ਦੇ ਉਸ ਸੁਪਨੇ ਨੂੰ ਸਾਕਾਰ ਕਰਨ ਲਈ ਇੱਕਜੁਟ ਹੋਈਏ। ਪੂੰਜੀਪਤੀਆਂ ਦੀ ਹਕੂਮਤ ਦੇ ਖਿਲਾਫ ਸੰਘਰਸ਼ ਤੇਜ ਕਰੀਏ !

ਸ:ਭਗਤ ਸਿੰਘ ਦੇ ਜੀਵਨ ਅਤੇ ਵਿਚਾਰਧਾਰਾ ਤੋਂ ਪ੍ਰੇਰਣਾ ਲੈਣ ਦੀ ਲੋੜ

ਉਹ ਕਿਹੋ ਜਿਹਾ ਪੁੱਤਰ ਹੋਵੇਗਾ ਜੋ ਆਪਣੀ ਮੌਤ 'ਤੇ ਆਪਣੀ ਮਾਂ ਨੂੰ ਰੋਣ ਤੋਂ ਰੋਕਦਾ ਹੈ ਅਤੇ ਕਹਿੰਦਾ ਹੈ ਕਿ ਜੇਕਰ ਭਗਤ ਸਿੰਘ ਦੀ ਮਾਂ ਰੋਵੇਗੀ ਤਾਂ ਲੋਕ ਕੀ ਕਹਿਣਗੇ।ਉਹ ਅੱਖਾਂ ਵੀ ਕਿਹੋ ਜਿਹੀਆਂ ਅੱਖਾਂ ਹੋਣਗੀਆਂ ਜਿੰਨ੍ਹਾਂ ਵਿੱਚ ਇਕ ਪਲ ਵੀ ਮੌਤ ਦਾ ਖੌਫ਼ ਨਹੀਂ ਰਿਹਾ।ਕਦੇ -ਕਦੇ ਲੱਗਦਾ ਹੈ ਕਿ ਭਗਤ ਸਿੰਘ ਨਾਸਤਕ ਰਹੇ ਹੋਣਗੇ ਪਰ ਸ਼ਾਇਦ ਮੇਰੀ ਨਜਰ ਵਿੱਚ ਧਾਰਮਕ ਤੋਂ ਵੀ ਕਿਤੇ ਜਿਆਦਾ ਧਾਰਮਕ, ਕਿਉਂ ਕਿ ਉਹ ਉਸ ਸੱਚਾਈ ਨੂੰ ਜਾਣ ਚੁੱਕੇ ਸੀ ਕਿ ਮੌਤ ਅਟੱਲ ਹੈ, ਮੌਤ ਹੀ ਸੱਚ ਹੈ, ਬੱਸ ਤੁਸੀਂ ਤੈਅ ਕਰਨਾ ਹੈ ਕਿ ਤੁਸੀਂ ਉਸ ਵੱਲ ਬੇਖੌਫ ਹੋ ਕੇ ਵਧਦੇ ਹੋਂ ਜਾਂ ਉਹ ਤੁਹਾਨੂੰ ਡਰਾਉਂਦੇ ਹੋਏ ਤੁਹਾਡੇ ਵੱਲ ਵਧਦੀ ਹੈ।

ਭਾਰਤ ਦੇਸ਼ ਦੀ ਧਰਤੀ ਮਾਂ ਨੇ ਜਿੱਥੇ ਮਹਾਨ ਦੇਸ਼ ਭਗਤਾਂ, ਸੁਰਬੀਰਾਂ, ਬਹਾਦਰਾਂ ਅਤੇ ਸਿਰੱਲੱਥ ਯੋਧਿਆਂ ਨੂੰ ਜਨਮ ਦਿੱਤਾ ਹੈ, ਉੱਥੇ ਭਾਰਤ ਦੇਸ਼ ਦੀ ਧਰਤੀ ਮਾਂ ਨੇ ਹੀ ਇੱਕ ਅਜਿਹੇ ਭਾਰਤ ਦੇ ਹੀਰੇ, ਮਹਾਨ ਦੇਸ਼ ਭਗਤ, ਸ਼ਹੀਦਾਂ ਦੇ ਸਿਰਤਾਜ ਸ਼ਹੀਦ -ਏ -ਆਜ਼ਮ ਸ ਭਗਤ ਸਿੰਘ ਨੂੰ ਵੀ ਜਨਮ ਦਿੱਤਾ, ਜਿਸ ਨੇ ਇਕ ਨਵੇਂ ਇਤਹਾਸ ਦੀ ਸਿਰਜਣਾ ਕਰਕੇ ਇਤਹਾਸ ਦੇ ਸੁਨਹਿਰੀ ਪੰਨਿਆ 'ਤੇ ਦੇਸ਼ ਭਗਤੀ ਦੀ ਮੋਹਰ ਲਗਾ ਦਿੱਤੀ। ਸ਼ਹੀਦ ਕੌਮਾਂ, ਮਜ਼ਬਾਂ, ਜਾਤਾਂ-ਪਾਤਾਂ ਦੀ ਦੀਵਾਰ ਖਤਮ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਕ ਬਣ ਕੇ, ਮਾਤਰ ਭੂਮੀ ਦੀ ਖਾਤਰ ਜਾਨਾਂ ਕੁਰਬਾਨ ਕਰਨ ਦਾ ਜਜ਼ਬਾ ਪੈਦਾ ਕਰਕੇ ਇਤਿਹਾਸ ਦਾ ਰੁੱਖ ਬਦਲ ਦਿੰਦੇ ਹਨ, ਪਰ ਬੜੇ ਅਫਸੋਸ ਦੀ ਗੱਲ ਹੈ ਕਿ ਅਜੇ ਤੱਕ ਭਾਰਤ ਦੇਸ਼ ਸ਼ਹੀਦ -ਏ -ਆਜ਼ਮ ਸ ਭਗਤ ਸਿੰਘ ਦੇ ਸੁਪਨਿਆਂ ਦਾ ਉਹ ਅਜਾਦ ਭਾਰਤ ਨਹੀਂ ਬਣ ਸਕਿਆ, ਜਿਸ ਦਾ ਸੁਪਨਾ ਭਗਤ ਸਿੰਘ ਅਤੇ ਉਸ ਦੇ ਇਨਕਲਾਬੀ ਸਾਥੀਆਂ ਨੇ ਦੇਖਿਆ ਸੀ। ਕਿਉਂਕਿ ਦੇਸ਼ ਦੀ ਸੱਤਾ 'ਤੇ ਜਿੰਨੀਆਂ ਵੀ ਸਰਕਾਰਾਂ ਕਾਬਜ਼ ਹੋਈਆਂ ਹਨ, ਉਨ੍ਹਾ ਵੱਲੋਂ ਦੇਸ਼ ਦੇ ਹਰੇਕ ਨਾਗਰਿਕ ਨੂੰ ਹਜੇ ਤੱਕ ਬਰਾਬਰ ਦੇ ਹੱਕ ਪ੍ਰਾਪਤ ਹੀ ਨਹੀਂ ਹੋ ਸਕੇ, ਕਿਉਂਕਿ ਦੇਸ਼ ਦੇ ਹੁਕਮਰਾਨ ਲੋਟੂ ਨਿਜ਼ਾਮ ਵੱਲੋਂ ਸਿਰਫ ਆਪਣੀ ਕੁਰਸੀ ਮੋਹ ਨਾ ਤਿਆਗ ਕੇ ਰਾਜ ਸੱਤਾ ਭੋਗਣ ਤੋਂ ਸਿਵਾਏ ਆਮ ਅਵਾਮ ਦੀਆਂ ਮੁਸ਼ਕਲਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ।

ਅੱਜ ਦੇ ਇਸ ਮਹਿੰਗਾਈ ਭਰੇ ਯੁੱਗ ਅੰਦਰ ਜੋ ਹਾਲਤ ਇਕ ਆਮ ਨਾਗਰਿਕ ਦੀ ਹੋ ਰਹੀ ਹੈ, ਇਸ ਸਭ ਕਾਸੇ ਦੇ ਜਿੰਮੇਵਾਰ ਦੇਸ਼ ਦੇ ਹਾਕਮ ਹੀ ਹਨ। ਕਿਉਂਕਿ ਖਰਾਬੀ ਸਿਸਟਮ ਅੰਦਰ ਹੈ, ਇਹਨਾਂ ਦੀਆਂ ਆਰਥਕ ਅਤੇ ਲੋਕ ਮਾਰੂ ਨੀਤੀਆਂ ਕਰਕੇ ਹੀ ਆਮ ਨਾਗਰਿਕ ਲਈ ਦੋ ਵਕਤ ਦੀ ਰੋਟੀ ਦਾ ਜੁਗਾੜ ਕਰਨਾ ਵੀ ਔਖਾ ਹੋਇਆ ਪਿਆ ਹੈ।

ਦੇਸ਼ ਅੰਦਰ ਅਮਨ -ਕਾਨੂੰਨ ਦੀ ਹਾਲਤ ਵੀ ਡਾਂਵਾਡੋਲ ਨਜ਼ਰ ਆ ਰਹੀ ਹੈ। ਅਰਾਜਕਤਾ ਵਰਗਾ ਮਾਹੌਲ ਵਧ ਰਿਹਾ ਹੈ। ਗਰੀਬੀ ਦੇ ਵਧ ਰਹੇ ਦੈਂਤ ਕਰਕੇ ਮਜ਼ਦੂਰ ਵਰਗ, ਗਰੀਬ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋਇਆ ਪਿਆ ਹੈ। ਸੱਤਾਧਾਰੀ ਆਗੂ ਫੋਕੇ ਦਾਅਵੇ ਕਰਦੇ ਨਹੀਂ ਥੱਕਦੇ।ਆਖ਼ਿਰ ਖਰਾਬੀ ਕਿੱਥੇ ਹੈ ? ਖਰਾਬੀ ਸਿਸਟਮ ਵਿੱਚ ਹੈ, ਸਿਸਟਮ ਸਰਕਾਰਾਂ ਬਣਾਉਂਦੀਆਂ ਹਨ। ਪਰ ਬੜੇ ਦੁੱਖ ਦੀ ਗੱਲ ਹੈ ਕਿ ਸਾਡੀਆਂ ਸਰਕਾਰਾਂ ਨੂੰ ਸਿਵਾਏ ਸੱਤਾ ਦੇ ਮੋਹ ਤੋਂ ਕੁਝ ਨਜ਼ਰ ਨਹੀਂ ਆ ਰਿਹਾ।

ਮੈਂ ਸਵਾਲ ਕਰਨਾ ਚਾਹੁੰਦਾ ਹਾਂ ਅੱਜ ਦੇ ਹਾਕਮ ਧਿਰ ਦੇ ਆਗੂਆਂ ਨੂੰ ਕਿ ਕੀ ਭਗਤ ਸਿੰਘ ਨੇ ਅਹਿਜੀ ਅਜ਼ਾਦੀ ਲਈ ਫਾਂਸੀ ਦਾ ਰੱਸਾ ਚੁੰਮਿਆ ਸੀ ? ਅਨੇਕਾਂ ਦੇਸ਼ਭਗਤਾਂ, ਸਿਰਲੱਥ ਯੋਧਿਆਂ ਨੇ ਆਪਣੀ ਜ਼ਿੰਦਗੀ ਦੀਆਂ ਕੁਰਬਾਨੀਆਂ ਇਸ ਕਰਕੇ ਦਿੱਤੀਆਂ ਸਨ ਕਿ ਦੇਸ਼ ਦੇ ਹਰੇਕ ਨਾਗਰਿਕ ਨੂੰ ਬਰਾਬਰ ਦਾ ਹੱਕ ਮਿਲੇ, ਹਰੇਕ ਨਾਗਰਿਕ ਅਜ਼ਾਦੀ ਨਾਲ ਜਿੰਦਗੀ ਬਸਰ ਕਰ ਸਕੇ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਅਜ਼ਾਦੀ ਮਿਲਣ ਦਾ ਐਨਾ ਸਮਾਂ ਬੀਤ ਜਾਣ 'ਤੇ ਵੀ ਸਾਡੀਆਂ ਸਰਕਾਰਾਂ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਸਮਝਣ 'ਚ ਅਸਮਰਥ ਰਹੀਆਂ ਹਨ।ਅੰਗ੍ਰੇਜ਼ਾਂ ਤੋਂ ਬਾਅਦ ਦੇਸ਼ ਅੰਦਰ ਲੋਕਤੰਤਰ ਤਾਂ ਕਾਇਮ ਕਰ ਦਿੱਤਾ ਗਿਆ।ਪਰ ਇਹ ਲੋਕਾਂ ਦਾ ਰਾਜ ਨਹੀਂ, ਕਿਉਂਕਿ ਹੱਕ ਮੰਗਣ ਵਾਲੇ ਨਾਗਰਿਕਾਂ ਲਈ ਲੋਕਤੰਤਰ ਕਾਹਦਾ ? ਹੁਕਮਰਾਨ ਸਰਕਾਰਾਂ ਦਾ ਡੰਡਾ ਤੰਤਰ ਜਰੂਰ ਨਜ਼ਰ ਆ ਰਿਹਾ ਹੈ, ਦੇਸ਼ ਅੰਦਰ ਹਾਹਾਕਾਰ ਮੱਚੀ ਹੋਈ ਹੈ, ਬੇਰੋਜਗਾਰੀ, ਭ੍ਰਿਸ਼ਟਾਚਾਰੀ, ਅੱਤ ਦੀ ਮਹਿੰਗਾਈ ਨੇ ਲੋਕਾਂ ਦੇ ਸਾਹ ਸੂਤ ਕੇ ਰੱਖ ਦਿੱਤੇ ਹਨ। ਮਜਬੂਰੀ ਵੱਸ ਹੱਕ ਮੰਗਣ ਵਾਲੇ ਅਧਿਆਪਕਾਂ ਨੂੰ ਖੁਦਕੁਸ਼ੀਆਂ ਦੇ ਰਸਤੇ ਚੱਲਣਾ ਪੈ ਰਿਹਾ ਹੈ, ਜੋ ਲੋਕਤੰਤਰ ਦੇ ਮੱਥੇ 'ਤੇ ਕਲੰਕ ਸਾਬਤ ਹੋ ਰਿਹਾ ਹੈ। ਹਰ ਵਰਗ ਦੇ ਕਰਮਚਾਰੀਆਂ ਨੂੰ ਛੱਲੀਆਂ ਵਾਂਗ ਕੁੱਟਿਆ ਜਾ ਰਿਹਾ ਹੈ।ਔਰਤ ਜਾਤੀ ਨੂੰ ਬੁਰੀ ਤਰ੍ਹਾਂ ਮਧੋਲਿਆ ਜਾ ਰਿਹਾ ਹੈ।ਲੁੱਟ ਖੋਹ ਹਰ ਖੇਤਰ ਵਿੱਚ ਹੈ। ਪੈਸੇ ਵਾਲੇ ਦੀ ਜੈ ਜੈਕਾਰ ਹੈ। ਮਜ਼ਦੂਰ ਅਤੇ ਮਿਹਨਤਕਸ਼ ਦੋ ਵੇਲੇ ਦੀ ਰੋਟੀ ਲਈ ਤਰਸ ਰਹੇ ਹਨ। ਗੱਲ ਸ਼ਹੀਦ ਭਗਤ ਸਿੰਘ ਦੀ ਵਿਚਾਰ ਧਾਰਾ ਦੀ ਕਰ ਰਹੇ ਹਾਂ, ਜਿਸ ਨਾਲ ਅੱਜ ਹਰੇਕ ਭਾਰਤੀ ਨਾਗਰਿਕ ਨੂੰ ਜਾਣੂ ਕਰਵਾਉਣ ਦੀ ਵਧੇਰੇ ਲੋੜ ਹੈ। ਭਗਤ ਸਿੰਘ ਦੀ ਵਿਚਾਰ ਧਾਰਾ 'ਚ ਸਮੁੱਚੀ ਮਨੁੱਖੀ ਜਾਤੀ ਦੀ ਮਹਾਨ ਸੇਵਾ ਕਰਨ ਦਾ ਗੁਣ ਹੈ।

ਜਦੋਂ ਮੌਤ ਦਾ ਡਰ ਤੁਹਾਡੇ ਤੋਂ ਦੂਰ ਹੋ ਜਾਂਦਾ ਹੈ ਜਾਂ ਇੰਝ ਕਹੀਏ ਕਿ ਤੁਸੀਂ ਮੌਤ ਤੋਂ ਉੱਪਰ ਉਠ ਜਾਂਦੇ ਹੋਂ ਉਦੋਂ ਤੁਹਾਡੇ ਦਿਲ ਵਿਚ ਇਕ ਭਗਤ ਸਿੰਘ ਪੈਦਾ ਹੁੰਦਾ ਹੈ। ਇਹ ਉਹ ਹਾਲਾਤ ਹਨ ਜਦੋਂ ਤੁਸੀਂ ਆਪਣੇ ਆਪ ਨੂੰ ਉਸ ਥਾਂ 'ਤੇ ਲਿਆ ਕੇ ਖੜਾ ਕਰ ਦਿੰਨੇ ਹੋਂ, ਜਿੱਥੇ ਡਰ, ਵਿਵਾਦ, ਗੁੱਸਾ, ਮੌਤ ਜਿਹੀਆਂ ਚੀਜਾਂ ਦਾ ਕੋਈ ਵਜੂਦ ਨਹੀਂ ਰਹਿੰਦਾ।

ਕਹਿੰਦੇ ਹਨ ਕਿ ਫਾਂਸੀ ਤੋਂ ਪਹਿਲਾਂ ਦੀ ਰਾਤ ਜੇਲ 'ਚ ਜਦੋਂ ਭਗਤ ਸਿੰਘ ਕਿਤਾਬ ਪੜ੍ਹ ਰਹੇ ਸਨ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਤੁਹਾਨੂੰ ਕੱਲ ਦੀ ਥਾਂ ਅੱਜ ਹੀ ਫਾਂਸੀ ਦਿੱਤੀ ਜਾਵੇਗੀ ਤਾਂ ਉਸ ਸਮੇਂ ਭਗਤ ਸਿੰਘ ਨੇ ਕਿਹਾ ਕਿ ਕਿਤਾਬ ਦੇ ਦੋ ਪੰਨੇ ਰਹਿ ਗਏ ਹਨ ,ਜੇਕਰ ਕਹੋਂ ਤਾ ਪੜ੍ਹ ਲਵਾਂ, ਤਾਂ ਸਿਪਾਹੀ ਵੱਲੋਂ ਮਨਾਂ ਕਰਨ 'ਤੇ ਉਨ੍ਹਾਂ ਨੇ ਕਿਹਾ ਕਿ ਚਲੋ ਕੋਈ ਗੱਲ ਨਹੀਂ ਫਿਰ ਕਦੇ ਪੜ੍ਹ ਲਵਾਂਗਾ।ਉਹ ਵੀ ਕਿੰਨੀ ਅਜੀਬ ਕਸ਼ਮਕੱਸ਼ ਦੀ ਘੜੀ ਰਹੀ ਹੋਵੇਗੀ ਜਦੋਂ ਇਕ 23 ਸਾਲਾਂ ਨੌਜੁਆਨ ਮੌਤ ਦਾ ਐਨਾ ਬੇਸਬਰੀ ਨਾਲ ਇੰਤਜਾਰ ਕਰ ਰਿਹਾ ਹੋਵੇਗਾ। ਸ਼ਾਇਦ ਹੀ ਅੱਜ ਦੇ ਨੌਜੁਆਨ ਉਸ ਦੇਸ਼ ਭਗਤੀ ਦੀ ਭਾਵਨਾ ਨੂੰ ਮਹਿਸੂਸ ਕਰ ਸਕਣ ।ਕਿਉਂਕਿ ਭਗਤ ਸਿੰਘ ਆਪਣੇ ਦਿਲ ਵਿਚ ਕੀ ਵਿਚਾਰ ਰੱਖਦੇ ਸਨ ਜਾਂ ਉਨ੍ਹਾਂ ਦੇ ਦਿਮਾਗ ਵਿਚ ਕੀ ਚੱਲ ਰਿਹਾ ਹੈ ਉਸ ਨੂੰ ਸਮਝਿਆ ਨਹੀਂ ਜਾ ਸਕਦਾ, ਉਸ ਨੂੰ ਸਿਰਫ ਮਹਿਸੂਸ ਹੀ ਕੀਤਾ ਜਾ ਸਕਦਾ ਹੈ ਅਤੇ ਉਹ ਸਿਰਫ ਭਗਤ ਸਿੰਘ ਨੇ ਖੁਦ ਹੀ ਮਹਿਸੂਸ ਕੀਤਾ ਹੋਵੇਗਾ, ਕਿਉਂਕਿ ਨਾ ਤਾਂ ਹੁਣ ਉਹ ਹਾਲਾਤ ਹਨ ਅਤੇ ਨਾ ਹੀ ਹੁਣ ਉਹ ਜਜ਼ਬਾ ਹੀ ਬਚਿਆ ਹੈ।

ਉਹ ਕਿਹੋ ਜਿਹਾ ਪੁੱਤਰ ਹੋਵੇਗਾ ਜੋ ਆਪਣੀ ਮੌਤ 'ਤੇ ਆਪਣੀ ਮਾਂ ਨੂੰ ਰੋਣ ਤੋਂ ਰੋਕਦਾ ਹੈ ਅਤੇ ਕਹਿੰਦਾ ਹੈ ਕਿ ਜੇਕਰ ਭਗਤ ਸਿੰਘ ਦੀ ਮਾਂ ਰੋਵੇਗੀ ਤਾਂ ਲੋਕ ਕੀ ਕਹਿਣਗੇ।ਉਹ ਅੱਖਾਂ ਵੀ ਕਿਹੋ ਜਿਹੀਆਂ ਅੱਖਾਂ ਹੋਣਗੀਆਂ ਜਿੰਨ੍ਹਾਂ ਵਿੱਚ ਇਕ ਪਲ ਵੀ ਮੌਤ ਦਾ ਖੌਫ਼ ਨਹੀਂ ਰਿਹਾ।ਕਦੇ - ਕਦੇ ਲੱਗਦਾ ਹੈ ਕਿ ਭਗਤ ਸਿੰਘ ਨਾਸਤਕ ਰਹੇ ਹੋਣਗੇ ਪਰ ਸ਼ਾਇਦ ਮੇਰੀ ਨਜਰ ਵਿੱਚ ਧਾਰਮਕ ਤੋਂ ਵੀ ਕਿਤੇ ਜਿਆਦਾ ਧਾਰਮਕ, ਕਿਉਂ ਕਿ ਉਹ ਉਸ ਸੱਚਾਈ ਨੂੰ ਜਾਣ ਚੁੱਕੇ ਸੀ ਕਿ ਮੌਤ ਅਟੱਲ ਹੈ, ਮੌਤ ਹੀ ਸੱਚ ਹੈ, ਬੱਸ ਤੁਸੀਂ ਤੈਅ ਕਰਨਾ ਹੈ ਕਿ ਤੁਸੀਂ ਉਸ ਵੱਲ ਬੇਖੌਫ ਹੋ ਕੇ ਵਧਦੇ ਹੋਂ ਜਾਂ ਉਹ ਤੁਹਾਨੂੰ ਡਰਾਉਂਦੇ ਹੋਏ ਤੁਹਾਡੇ ਵੱਲ ਵਧਦੀ ਹੈ।

ਇਕ ਵਿਚਾਰ ਵਾਰ -ਵਾਰ ਦਿਮਾਗ ਵਿਚ ਆਉਂਦਾ ਹੈ ਕਿ ਕੀ ਅੱਜ ਦੇ ਨੌਜੁਆਨ ਉਸ ਭਗਤ ਸਿੰਘ ਜਿਹੇ ਹੋ ਸਕਦੇ ਹਨ ? 23 ਸਾਲ ਦੀ ਉਮਰ 'ਚ ਜਦੋਂ ਅਸੀਂ ਹੁੰਦੇ ਹਾਂ ਤਾਂ ਸ਼ਾਇਦ ਸਾਡੇ ਸੁਪਨੇ ਹੀ ਕੁਝ ਹੋਰ ਹੁੰਦੇ ਹਨ। ਕਾਲੱਜ ਦਾ ਅਲ੍ਹੜਪਣ ਅਤੇ ਆਸਮਾਨ ਨੂੰ ਛੂਹਣ ਦੀ ਉਹ ਖੁਆਇਸ਼, ਪਰਿੰਦਿਆਂ ਦੇ ਵਾਂਗ ਉੱਡਣ ਦੀ ਉਹ ਚਾਹਤ ਅਤੇ ਸਿਗਰਟ ਦੇ ਧੂੰਏ ਦੇ ਛੱਲੇ ਬਣਾਉਂਦੇ ਨੌਜੁਆਨ ਕੀ ਉਸ ਭਗਤ ਸਿੰਘ ਦੇ ਦਿਲੋ-ਦਿਮਾਗ ਨੂੰ ਸਮਝ ਸਕਦੇ ਹਨ।ਉਹ ਵੀ ਕੀ ਜਨੂੰਨ ਹੋਵਗਾ ਜਦੋਂ ਖੇਡਣ-ਕੁੱਦਣ ਦੀ ਉਮਰ 'ਚ ਉਹ ਅੰਗੇਜਾਂ ਦੀਆਂ ਜਾਂਲਮ ਡਾਂਗਾ ਅਤੇ ਗੋਲੀਆਂ ਨਾਲ ਦੇ ਨਾਲ ਖੇਡਿਆ।ਅੱਜ ਦਾ ਨੌਜੁਆਨ ਉਸ ਅਹਿਸਾਸ ਨੂੰ ਇਸ ਲਈ ਨਹੀਂ ਜਿਉਂ ਸਕਦਾ ਕਿਉਂਕਿ ਹੁਣ ਉਹ ਸੁਨਹਿਰੇ ਅਤੇ ਚੁਣੌਤੀਭਰੇ ਹਾਲਾਤ ਹੀ ਨਹੀਂ ਰਹੇ ਹਨ, ਹੁਣ ਉਹ ਗੁਲਾਮੀ ਦੀਆਂ ਬੇੜੀਆਂ ਨਹੀਂ ਰਹੀਆਂ ਹਨ ਪਰ ਸਵਾਲ ਇਹ ਉੱਠਦਾ ਹੈ ਕਿ ਕੀ ਸੱਚਮੁਚ ਹੁਣ ਸਾਨੂੰ ਇਸ ਪਿਆਰੇ ਵਤਨ ਦੇ ਲਈ ਮਰ -ਮਿਟਣ ਦੀ ਲੋੜ ਨਹੀਂ ਹੈ। ਅੱਜ ਜੇਕਰ ਤੁਸੀਂ ਕਿਸੇ ਨੌਜੁਆਨ ਤੋਂ ਉਸ 23 ਸਾਲ ਦੇ ਅਜਾਦੀ ਦੇ ਦੀਵਾਨੇ ਦੇ ਵਾਂਗ ਗੱਲ ਕਰੋਂਗੇ ਤਾਂ ਸ਼ਇਦ ਉਹ ਤਹੁਾਨੂੰ ਬੇਵਕੂਫ ਜਾਂ ਪਾਗਲ ਸਮਝਣ।ਪਰ ਮੈਨੂੰ ਲੱਗਦਾ ਹੈ ਕਿ ਹੁਣ ਫਿਰ ਜਰੂਰਤ ਹੈ ਉਨ੍ਹਾਂ ਵਿਚਾਰਾਂ , ਜਜ਼ਬੇ, ਹਿੰਮਤ, ਜ਼ਿੱਦ ਅਤੇ ਉਨ੍ਹਾਂ ਬੇਖੌਫ ਅੱਖਾਂ ਦੀ ਜੋ ਭਾਰਤ ਤੋਂ ਇੰਡੀਆ ਬਣਦੇ ਭਾਰਤ ਨੂੰ ਫਿਰ ਭਾਰਤ ਬਣਾ ਸਕਣ।

ਅਸੀਂ ਚੰਦ ਅਤੇ ਮੰਗਲ 'ਤੇ ਪਚੁੰਚ ਗਏ ਹਾਂ ਅਤੇ ਹਰ ਨੌਜੁਆਨ ਦੇ ਹੱਥਾਂ 'ਚ ਮੋਬਾਇਲ ਹੈ ਜਿਸ ਨਾਲ ਉਹ ਸਿਰਫ ਆਪਣੀ ਦੁਨੀਆਂ ਤੱਕ ਸਿਮਟ ਕੇ ਰਹਿ ਗਿਆ ਹੈ ਪਰ ਹੁਣ ਲੱਗਣ ਲੱਗਿਆ ਹੈ ਕਿ ਅੱਜ ਦੇ ਨੌਜੁਆਨ ਦੇ ਹੱਥ 'ਚ ਬਦਲਾਅ ਦੀ ਮਸ਼ਾਲ ਹੋਣੀ ਚਾਹੀਦੀ ਹੈ।ਅਹਿਜੀ ਮਸ਼ਾਲ ਜਿਸਦੀ ਲਾਟ ਅਤੇ ਰੌਸ਼ਨੀ ਭਾਰਤ ਵਿੱਚੋਂ ਭ੍ਰਿਸ਼ਟਾਚਾਰ, ਅੱਤਵਾਦ, ਜਾਤੀਵਾਦ, ਖੇਤਰਵਾਦ, ਭਾਸ਼ਾਵਾਦ ,ਦੂਸ਼ਿਤ ਨੌਕਰਸ਼ਾਹੀ ਅਤੇ ਰਾਜਨੀਤੀ ਦਾ ਖਾਤਮਾ ਕਰਕੇ ਨਵੇਂ ਭਾਰਤ ਦਾ ਨਿਰਮਾਣ ਕਰ ਸਕੇ।

ਅੱਜ ਜਰੂਰਤ ਹੈ ਭਗਤ ਸਿੰਘ ਦੇ ਉਸ ਇੰਕਲਾਬ ਜਿੰਦਾਬਾਦ ਦੇ ਨਾਅਰੇ ਦੀ ਜੋ ਫਿਰ ਤੋ ਨੌਜੁਆਨਾਂ 'ਚ ਪਰਿਵਰਤਨ ਦਾ ਅਹਿਸਾਸ ਭਰੇ, ਜਰੂਰਤ ਹੈ ਅਹਿਜੀਆਂ ਮਾਵਾਂ ਦੀ ਜੋ ਡਾਕਟਰ, ਇੰਜੀਨੀਅਰ, ਵਿਗਿਆਨਕ ਪੁੱਤ ਤਾਂ ਪੈਦਾ ਕਰਨ ਹੀ ਪਰ ਉਨ੍ਹਾਂ ਪੁੱਤਾਂ ਦੇ ਦਿਲ 'ਚ ਇਕ ਭਗਤ ਸਿੰਘ ਵੀ ਪੈਦਾ ਹੋਵੇ।

ਭਾਵੇਂ ਹੀ ਅੱਜ ਦਾ ਨੌਜੁਆਨ ਡਾਕਟਰ, ਇੰਜੀਨੀਅਰ, ਵਿਗਿਆਨਕ ਬਣੇ ਪਰ ਭਗਤ ਸਿੰਘ ਵੀ ਬਣੇ , ਇਹ ਜਰੂਰੀ ਹੋ ਗਿਆ ਹੈ।ਕਿਉਂਕਿ ਅਹਿਜਾ ਨੌਜੁਆਨ ਡਾਕਟਰ, ਇੰਜੀਨੀਅਰ, ਵਿਗਿਆਨਕ, ਅਧਿਆਪਕ, ਵਪਾਰੀ ਕਿਸ ਕੰਮ ਦਾ ਜਿਸ ਦੇ ਦਿਲ ਵਿਚ ਦੇਸ਼ ਅਤੇ ਸਮਾਜ ਦੇ ਲਈ ਪਿਆਰ ਅਤੇ ਦੇਸ਼ਭਗਤੀ ਦੀ ਭਾਵਨਾ ਹੀ ਨਾ ਹੋਵੇ।

ਅੱਜ ਸਮਾਜ ਅਤੇ ਦੇਸ਼ ਦੀ ਸਿੱਖਿਆ ਨੀਤੀ ਸਿਰਫ ਸੂਚਨਾ ਅਤੇ ਜਾਣਕਾਰੀ ਇਕੱਠੀ ਕਰਨ ਵਾਲਾ ਕੰਪਿਊਟਰ ਬੱਚਾ ਤਾਂ ਤਿਆਰ ਕਰ ਰਹੀ ਹੈ ਪਰ ਸਮਾਜ ਅਤੇ ਦੇਸ਼ ਦੇ ਕਲਿਆਣ ਦੀ ਭਾਵਨਾ ਰੱਖਣ ਵਾਲੇ ਦਿਲ, ਦਿਮਾਗ ਅਤੇ ਨੌਜੁਆਨ ਤਿਆਰ ਨਹੀਂ ਕਰ ਰਹੀ ਹੈ। ਇਹੀ ਸਮੱਸਿਆ ਬਣਦੀ ਜਾ ਰਹੀ ਹੈ ਕਿ ਸਿੱਖਿਅਤ ਅਤੇ ਪੜ੍ਹੇ -ਲਿਖੇ ਲੋਕਾਂ ਦੀ ਗਿਣਤੀ ਤਾਂ ਵਧਦੀ ਜਾ ਰਹੀ ਹੈ ,ਪਰ ਅਨੁਸ਼ਾਸਨਹੀਣ, ਸਵਾਰਥੀ ਅਤੇ ਸਿਰਫ ਆਪਣੇ ਬਾਰੇ ਸੋਚਣ ਵਾਲੇ ਪੜ੍ਹੇ -ਲਿਖੇ ਨੌਜੁਆਨਾ ਨਾਲ ਦੇਸ਼ ਅਤੇ ਸਮਾਜ ਦਾ ਨਿਰਮਾਣ ਕਿਸ ਤਰ੍ਹਾਂ ਹੋਵੇਗਾ।

ਜਾਤਿ, ਧਰਮ, ਬਰਾਦਰੀ, ਵਰਗ, ਭਾਸ਼ਾ, ਖੇਤਰ ਦੇ ਅਧਾਰ 'ਤੇ ਵੰਡਿਆ ਹੋਇਆ ਨੌਜੁਆਨ ਜਿਸਦੇ ਖੁਦ ਦੇ ਕੋਈ ਵਿਚਾਰ ਨਹੀਂ ਹਨ ਜੋ ਕਿਸੇ ਵੀ ਧਾਰਮਕ, ਰਾਜਨੀਤਿਕ ਜਾਂ ਸਮਾਜਿਕ ਨੇਤਾ ਦੇ ਵਿਚਾਰਾਂ ਦੇ ਪਿੱਛੇ ਲੱਗ ਜਾਂਦਾ ਹੈ ਉਹ ਭਲਾਂ ਦੇਸ਼ ਅਤੇ ਸਮਾਜ ਦਾ ਨਿਰਮਾਣ ਕਿਵੇਂ ਕਰੇਗਾ। ਇਹ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਅੱਜ ਦੇ ਨੌਜੁਆਨ ਕੋਲ ਆਪਣੀ ਜਿੰਦਗੀ ਤੋਂ ਉੱਪਰ ਉੱਠ ਕੇ ਦੇਸ਼ ਅਤੇ ਸਮਾਜ ਬਾਰੇ ਚਿੰਤਨ ਕਰਨ ਦਾ ਸਮਾਂ ਹੀ ਨਹੀਂ ਹੈ ਉਸਦੀ ਦੌੜ ਤਾਂ ਬੱਸ ਸਿਰਫ ਨੰਬਰ ਹਾਸਲ ਕਰਨਾ, ਜਿਆਦਾ ਵੱਡੀ ਗੱਡੀ, ਮਹਿੰਗੇ ਮੋਬਾਇਲ, ਵੱਡੇ ਘਰ ਅਤੇ ਜਿਆਦਾ ਤੋਂ ਜਿਆਦਾ ਸਹੂਲਤਾਵਾਂ ਦੀ ਹੀ ਹੈ, ਜਿਸ ਨੇ ਬੱਸ ਅੱਗੇ ਤੋਂ ਅੱਗੇ ਹੀ ਨਿਕਲਣਾ ਹੈ, ਪਰ ਮੰਜਿਲ ਕੀ ਹੈ ਇਸ ਦਾ ਅਹਿਸਾਸ ਹੀ ਨਹੀਂ ਹੈ।

ਵਿਚਾਰ ਕਰਨ ਵਾਲੀ ਗੱਲ ਹੈ ਕਿ ਭਾਰਤ ਅਹਿਜੀ ਆਬਾਦੀ ਦਾ ਕਰੇਗਾ ਕੀ ? ਅਤੇ ਭਾਰਤ ਦਾ ਭਵਿੱਖ ਕੀ ਹੋਵੇਗਾ ? ਮੁਆਫ ਕਰਿਓ ਪਰ ਸ਼ਾਇਦ ਅਸੀਂ ਮੁੜ ਗੁਲਾਮੀ ਦੇ ਵੱਲ ਜਾ ਰਹੇ ਹਾਂ।ਹਾਂ ਪਰ ਇਸ ਵਾਰ ਤਨ ਤੋਂ ਨਹੀਂ ਮਨ ਤੋਂ, ਵਿਚਾਰਾਂ ਤੋਂ ਜਰੂਰ ਗੁਲਾਮ ਹੁੰਦੇ ਜਾ ਰਹੇ ਹਾਂ।

ਉਸ ਸਮੇਂ ਦੇਸ਼ ਦੀ ਗੁਲਾਮੀ ਦੀਆਂ ਬੇੜੀਆਂ ਤਾਂ ਸਾਡੇ ਮਹਾਨ ਕ੍ਰਾਂਤੀਕਾਰੀਆਂ ਨੇ ਕੱਟ ਸੁੱਟੀਆਂ ਸਨ ਪਰ ਸ਼ਾਇਦ ਅੱਜ ਦਾ ਨੌਜੁਆਨ ਇਹਨਾਂ ਮਨ ਦੀ ਗੁਲਾਮੀ ਦੀਆਂ ਬੇੜੀਆਂ ਨੂੰ ਨਹੀਂ ਤੋੜ ਪਾਵੇਗਾ।

ਇਸ ਲਈ ਅੱਜ ਦਾ ਨੌਜੁਆਨ ਭਗਤ ਸਿੰਘ ਭਾਵੇਂ ਬਣੇ ਨਾ ਬਣੇ ਪਰ ਉਹ ਭਗਤ ਸਿੰਘ ਦੇ ਵਿਚਾਰਾਂ , ਉਸ ਦੇ ਜਜ਼ਬੇ, ਭਾਵਨਾਂਵਾ ਉਸ ਦੀ ਜ਼ਿੱਦ ਦੀ ਮਸ਼ਾਲ ਨੂੰ ਆਪਣੇ ਦਿਲ ਵਿੱਚ ਜਰੂਰ ਰੌਸ਼ਨਾ ਕੇ ਰੱਖੇ ਤਾਂ ਕਿ ਭਾਰਤ ਦੇ ਸੋਹਣੇ ਅਤੇ ਖੁਸ਼ਹਾਲ ਭਵਿੱਖ ਦਾ ਨਿਰਮਾਣ ਕੀਤਾ ਜਾ ਸਕੇ।

ਹਰਪ੍ਰੀਤ ਸਿੰਘ ਬਰਾੜ
ਸਿਹਤ ,ਸਿੱਖਿਆ ਅਤੇ ਸਮਾਜਿਕ ਲੇਖਕ
ਮੇਨ ਏਅਰ ਫੋਰਸ ਰੋਡ ,ਬੱਠਿੰਡਾ

ਬੱਚਿਆਂ ਨੂੰ ਰੱਖੋ ਘਰੇਲੂ ਝਗੜਿਆਂ ਤੋਂ ਦੂਰ

ਹਰ ਘਰ ਪਰਿਵਾਰ ਵਿੱਚ ਕਈ ਤਰ੍ਹਾਂ ਦੇ ਹਲਾਤ ਪੈਦਾ ਹੁੰਦੇ ਹਨ। ਜਿੱਥੇ ਪਰਿਵਾਰ ਇੱਕ ਦੂਸਰੇ ਦੇ ਪਿਆਰ ਸਨੇਹ ਵਿੱਚ ਭਿੱਜਾ ਮੁੱਹਬਤ ਦੀਆਂ ਬਾਤਾਂ ਪਾਉਂਦਾ ਹੈ, ਖੁਸ਼ੀਆਂ ਮਨਾਉਂਦਾ, ਆਪਣਿਆਂ ਦੇ ਹਾਸਿਆਂ ਵਿੱਚ ਹੱਸਦਾ ਉੱਥੇ ਕਈ ਵਾਰ ਨਿੱਕੀ ਮੋਟੀ ਕਿਹਾ ਸੁਣੀ ਹੋਣੀ ਵੀ ਆਮ ਗੱਲ ਹੈ। ਹਰ ਘਰ ਪਰਿਵਾਰ ਦੇ ਆਪਣੇ ਸੌ ਮਸਲੇ ਹੁੰਦੇ ਹਨ, ਜਿੰਨਾਂ ਨੂੰ ਵਿਚਾਰਦਿਆਂ ਹਰ ਮੈਂਬਰ ਆਪਣੀ ਆਪਣੀ ਰਾਇ ਦਿੰਦਾ ਹੈ। ਹਰੇਕ ਇਨਸਾਨ ਦਾ ਗੱਲ ਨੂੰ ਸਮਝਣ ਦਾ ਨਜਰੀਆ ਆਪੋ ਆਪਣਾ ਹੁੰਦਾ ਹੈ। ਜਦੋਂ ਇਹ ਇੱਕ ਦੂਸਰੇ ਨਾਲ ਮੇਲ ਨਹੀਂ ਖਾਂਦਾ ਤਾਂ ਅਕਸਰ ਪਰਿਵਾਰਾਂ ਵਿੱਚ ਝਗੜੇ ਪੈਦਾ ਹੋ ਜਾਂਦੇ ਹਨ। ਜਿਸ ਨਾਲ ਪਰਿਵਾਰਿਕ ਸਥਿਤੀਆਂ ਉਲਝ ਜਾਂਦੀਆਂ ਹਨ, ਅਤੇ ਕਈ ਵਾਰ ਰਿਸਤਿਆਂ ਵਿੱਚ ਵੀ ਫਿਕ ਪੈ ਜਾਂਦੀ ਹੈ।

ਜਿਆਦਾਤਰ ਪਰਿਵਾਰਿਕ ਝਗੜਿਆਂ ਦਾ ਮੁੱਖ ਕਾਰਣ ਪਤੀ ਪਤਨੀ , ਮਾਪਿਆਂ ਅਤੇ ਬੱਚਿਆਂ ਦੀ ਆਪਸੀ ਅਸਹਿਮਤੀ ਹੁੰਦੀ ਹੈ। ਨਿੱਕੀਆਂ ਨਿੱਕੀਆਂ ਗੱਲਾਂ ਤੇ ਪਰਿਵਾਰਿਕ ਮੈਂਬਰਾਂ ਦੀ ਅਸਹਿਮਤੀ, ਅਸਹਿਣਸ਼ੀਲਤਾ ਅਤੇ ਹਾਜਰ ਜਵਾਬੀ ਵੱਡੇ ਝਗੜਿਆਂ ਦਾ ਰੂਪ ਧਾਰਨ ਕਰਦੀ ਹੈ। ਜਿਸਦਾ ਬੁਰਾ ਅਸਰ ਪਰਿਵਾਰ ਦੇ ਹਰੇਕ ਮੈਂਬਰ ਦੀ ਸਰੀਰਕ ਅਤੇ ਮਾਨਸਿਕ ਸਿਹਤ ਉੱਪਰ ਹੁੰਦਾ ਹੈ। ਇਸ ਸਥਿਤੀ ਦਾ ਸਭ ਤੋਂ ਭਿਆਨਕ ਅਸਰ ਬੱਚਿਆਂ ਉੱਪਰ ਹੁੰਦਾ ਹੈ । ਬੱਚਿਆਂ ਦਾ ਪਹਿਲਾ ਸਕੂਲ ਉਹਨਾਂ ਦਾ ਘਰ ਹੁੰਦਾ ਹੈ, ਪਹਿਲੇ ਗੁਰੂ ਮਾਪੇ ਹੁੰਦੇ ਹਨ। ਬੱਚਿਆਂ ਦੇ ਸ਼ਖਸੀਅਤ ਦੇ ਨਿਰਮਾਣ ਵਿੱਚ ਮਾਪਿਆਂ ਅਤੇ ਹੋਰ ਪਰਿਵਾਰਿਕ ਮੈਂਬਰਾਂ ਦਾ ਸਭ ਤੋਂ ਵੱਡਾ ਯੋਗਦਾਨ ਹੁੰਦਾ ਹੈ। ਜਿਸ ਤਰ੍ਹਾਂ ਦੇ ਮਾਹੌਲ ਵਿੱਚ ਬੱਚਾ ਵੱਡਾ ਹੋਵੇਗਾ ਉਸੇ ਤਰ੍ਹਾਂ ਦੀ ਬੱਚੇ ਦੀ ਸ਼ਖਸੀਅਤ ਉੱਭਰ ਕੇ ਬਾਹਰ ਆਉਂਦੀ ਹੈ।

ਇੱਕ ਸਰਵੇਖਣ ਅਨੁਸਾਰ ਜਿੰਨਾਂ ਬੱਚਿਆਂ ਦੇ ਪਰਿਵਾਰ ਵਿੱਚ ਉਹਨਾਂ ਦੀ ਅੱਖਾਂ ਸਾਹਮਣੇ ਹਰ ਵੇਲੇ ਕਲੇਸ ਰਹਿੰਦਾ ਹੈ, ਉਹ ਦੂਸਰੇ ਬੱਚਿਆਂ ਦੇ ਮੁਕਾਬਲੇ ਜਾਂ ਤਾਂ ਵੱਧ ਗੁਸੈਲੇ ਅਤੇ ਆਪੇ ਤੋਂ ਬਾਹਰ ਹੋ ਜਾਣ ਵਾਲੇ ਹੁੰਦੇ ਹਨ ਜਾਂ ਦਿਲ ਦੇ ਬਹੁਤ ਕਮਜੋਰ, ਸਹਿਮੇ, ਘੱਟ ਆਤਮ ਵਿਸਵਾਸ ਵਾਲੇ ਅਤੇ ਹਮੇਸਾ ਨਿਰਾਸ ਰਹਿਣ ਵਾਲੇ ਬਣ ਜਾਂਦੇ ਹਨ।

ਪਹਿਲੀ ਗੱਲ ਕਿ ਪਰਿਵਾਰਕ ਝਗੜੇ ਹੋਣੇ ਹੀ ਨਹੀਂ ਚਾਹੀਦੇ, ਮਾਪਿਆਂ ਨੂੰ ਏਨੇ ਸੂਝਵਾਨ ਹੋਣਾ ਚਾਹੀਦਾ ਹੈ ਕਿ ਉਹ ਹਰ ਗੱਲ ਦਾ ਹੱਲ ਸ਼ਾਂਤੀ ਨਾਲ ਬੈਠ ਕੇ ਇੱਕ ਦੂਸਰੇ ਨਾਲ ਵਿਚਾਰ ਕਰਕੇ ਕੱਢਣ ਦੇ ਯੋਗ ਹੋਣ। ਜੇਕਰ ਅਜਿਹੀ ਸੁਚੱਜੀ ਸੋਚ ਦੇ ਮਾਲਿਕ ਨਹੀਂ ਹਨ, ਤਾਂ ਘੱਟੋ ਘੱਟ ਇਹ ਯਤਨ ਜਰੂਰ ਕਰਨ ਕਿ ਆਪਣੇ ਬੱਚਿਆਂ ਦੇ ਸਾਹਮਣੇ ਕਿਸੇ ਵੀ ਤਰ੍ਹਾਂ ਦਾ ਝਗੜਾ, ਬਹਿਸ ਨਾ ਕੀਤੀ ਜਾਵੇ। ਇਹਨਾਂ ਝਗੜਿਆਂ ਦਾ ਬੱਚੇ ਦੀ ਮਾਨਸਿਕਤਾ ਉੱਪਰ ਬਹੁਤ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਪਰਿਵਾਰਿਕ ਝਗੜਿਆਂ ਦਾ ਇੱਕ ਸਭ ਤੋਂ ਬੁਰਾ ਪ੍ਰਭਾਵ ਇਹ ਹੈ ਕਿ ਬੱਚੇ ਚਨੌਤੀਆਂ ਭਰਭੂਰ ਸਥਿਤੀਆਂ ਨੂੰ ਸਮਝਣ ਅਤੇ ਨਜਿੱਠਣ ਪ੍ਰੀ ਇੱਕ ਵੱਖਰਾ ਭਰਮ ਪਾਲ ਲੈਂਦੇ ਹਨ। ਉਹਨਾਂ ਨੂੰ ਇਹ ਲੱਗਣ ਲੱਗਦਾ ਹੈ ਕਿਸੇ ਵੀ ਅਣਸੁਖਾਵੀਂ ਸਥਿਤੀ ਉੱਪਰ ਕਾਬੂ ਕਰਨ ਦਾ ਤਰੀਕਾ ਕੇਵਲ ਝਗੜਾ ਜਾਂ ਬਹਿਸ ਕਰਨਾ ਹੈ। ਇਹ ਪ੍ਰਭਾਵ ਬੱਚਿਆਂ ਦੀ ਚੰਗੀ ਸ਼ਖਸੀਅਤ ਨਿਰਮਾਣ ਵਿੱਚ ਸਭ ਤੋਂ ਵੱਡਾ ਰੋੜਾ ਬਣ ਜਾਂਦਾ ਹੈ।

ਮਾਪਿਆਂ ਨੂੰ ਚਾਹੀਦਾ ਹੈ ਕਿ ਹਰੇਕ ਮਸਲੇ ਨੂੰ ਬੜੇ ਹੀ ਸੰਜੀਦਾ ਢੰਗ ਨਾਲ ਹੱਲ ਕੀਤਾ ਜਾਵੇ। ਬਹਿਸ ਕਰਨ ਜਾਂ ਕਰੋਧਿਤ ਹੋਣ ਦੀ ਬਜਾਇ ਇੱਕ ਦੂਸਰੇ ਸਾਹਮਣੇ ਆਪਣੇ ਪੱਖ ਰੱਖੇ ਜਾਣ, ਇੱਕ ਦੂਸਰੇ ਦੇ ਵਿਚਾਰਾਂ ਨੂੰ ਸਮਝਣ ਦਾ ਯਤਨ ਕੀਤਾ ਜਾਵੇ ਅਤੇ ਇੱਕ ਦੂਸਰੇ ਦੀ ਸਹਿਮਤੀ ਨਾਲ ਮਸਲੇ ਨੂੰ ਸੁਲਝਾਇਆ ਜਾਵੇ। ਅਜਿਹਾ ਕਰਨ ਨਾਲ ਇੱਕ ਤਾਂ ਪਰਿਵਾਰਿਕ ਮਾਹੌਲ ਖਰਾਬ ਨਹੀਂ ਹੋਵੇਗਾ, ਦੂਸਰਾ ਬੱਚਿਆਂ ਉੱਪਰ ਕਿਸੇ ਤਰ੍ਹਾਂ ਦਾ ਬੁਰਾ ਪ੍ਰਭਾਵ ਨਹੀਂ ਪਵੇਗਾ ਅਤੇ ਤੀਸਰਾ ਬੱਚੇ ਆਪਣੇ ਮਾਤਾ ਪਿਤਾ ਦੀ ਸੰਜੀਦਗੀ, ਸਮਝਦਾਰੀ ਨੂੰ ਸਮਝਦੇ ਹੋਏ ਉਹਨਾਂ ਦਾ ਹੋਰ ਸਤਿਕਾਰ ਕਰਨਗੇ।

ਇਸ ਲਈ ਜੇਕਰ ਤੁਸੀਂ ਵੀ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਆਗਿਆਕਾਰੀ, ਅਨੁਸ਼ਾਸਨ ਪਸੰਦ, ਸਮਝਦਾਰ ਹੋਣ ਤਾਂ ਉਹਨਾਂ ਨੂੰ ਪਰਿਵਾਰਿਕ ਝਗੜਿਆਂ ਤੋਂ ਹਮੇਸਾ ਦੂਰ ਰੱਖੋ। ਅਜਿਹਾ ਕਰਨ ਨਾਲ ਤੁਹਾਡੇ ਬੱਚਿਆਂ ਦੀ ਇੱਕ ਚੰਗੀ ਸ਼ਖਸੀਅਤ ਦਾ ਵਿਕਾਸ ਹੋਵੇਗਾ ,ਪਰਿਵਾਰਿਕ ਮੈਂਬਰਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਤੰਦਰੁਸਤ ਰਹੇਗੀ ਅਤੇ ਤੁਸੀਂ ਸਾਰੇ ਇੱਕ ਖੁਸ਼ਹਾਲ ਜੀਵਨ ਜੀਅ ਸਕਦੇ ਹੋ।

ਹਰਕੀਰਤ ਕੌਰ
9779118066

ਅਸੀਂ ਕਿੰਨੇ ਅਸੰਵੇਦਨਸ਼ੀਲ ਹੋ ਗਏ ਹਾਂ

ਇੱਕ ਸੂਰਮੇ ਨੇ ਤਾਂ ਆਪਣੇ ਦਾਦੇ ਦੀ ਅਰਥੀ ਨੂੰ ਮੋਢਾ ਦੇਂਦੇ ਸਮੇਂ ਦੰਦੀਆਂ ਕੱਢਦੇ ਹੋਏ ਸੈਲਫੀ ਖਿੱਚ ਕੇ ਫੇਸਬੁੱਕ 'ਤੇ ਪਾ ਦਿੱਤੀ ਸੀ ਕਿ ਫੀਲਿੰਗ ਸੈੱਡ ਵਿੱਦ ਦਾਦਾ ਜੀ ਡੈੱਡ। ਕਈ ਲੋਕ ਤਾਂ ਸ਼ੋਸ਼ਲ ਮੀਡੀਆ ਦੇ ਐਨੇ ਭਗਤ ਹਨ ਜਿਵੇਂ ਦੁਨੀਆਂ ਭਰ ਦੀ ਸਾਰੀ ਸੱਚਾਈ ਇਸ ਵਿੱਚ ਹੀ ਸਮਾਈ ਹੋਵੇ। ਜਦੋਂ ਦੀਨਾਨਗਰ ਥਾਣੇ 'ਤੇ ਅੱਤਵਾਦੀ ਹਮਲਾ ਹੋਇਆ ਸੀ ਤਾਂ ਵਿਹਲੜਾਂ ਨੇ ਟੀ.ਵੀ. ਤੋਂ ਉੱਡਦੀ ਉੱਡਦੀ ਖਬਰ ਸੁਣ ਲਈ ਕਿ ਅੱਤਵਾਦੀਆਂ ਨਾਲ ਸ਼ਾਇਦ ਦੋ ਔਰਤਾਂ ਵੀ ਹਨ। ਮੁਕਾਬਲਾ ਰਾਤ 8-9 ਵਜੇ ਜਾ ਕੇ ਖਤਮ ਹੋਇਆ ਸੀ। ਪਰ ਕਥਿੱਤ ਸੋਸ਼ਲ ਮੀਡੀਆ ਕਰਾਈਮ ਰਿਪੋਰਟਰਾਂ ਨੇ ਸਵੇਰੇ 10 ਵਜੇ ਹੀ ਕਿਸੇ ਪੁਰਾਣੇ ਮੁਕਾਬਲੇ ਵਿੱਚ ਦੋ ਔਰਤਾਂ ਸਮੇਤ ਮਰੇ ਚੇਚਨੀਆਂ (ਰੂਸ) ਦੇ ਅੱਤਵਾਦੀਆਂ ਦੀਆਂ ਫੋਟੋਆਂ ਵੱਟਸਐਪ 'ਤੇ ਪਾ ਦਿੱਤੀਆਂ ਸਨ ਕਿ ਸਾਰੇ ਅੱਤਵਾਦੀ ਮਾਰੇ ਗਏ ਹਨ ਤੇ ਮੁਕਾਬਲਾ ਖਤਮ ਹੋ ਗਿਆ ਹੈ।

ਕੁਝ ਦਿਨ ਪਹਿਲਾਂ ਹੋਲੇ ਮਹੱਲੇ ਸਮੇਂ ਇੱਕ ਬਹੁਤ ਹੀ ਦਰਦਨਾਕ ਘਟਨਾ ਵਾਪਰੀ ਹੈ ਜਿਸ ਵਿੱਚ ਕੈਨੇਡਾ ਤੋਂ ਆਏ ਪ੍ਰਦੀਪ ਸਿੰਘ ਨਾਮਕ ਇੱਕ ਨੌਜਵਾਨ ਦਾ ਸ਼ਰੇਆਮ ਕੁੱਟ ਕੁੱਟ ਕੇ ਕਤਲ ਕਰ ਦਿੱਤਾ ਗਿਆ ਹੈ। ਪਰ ਇਸ ਘਟਨਾ ਦਾ ਸਭ ਤੋਂ ਸ਼ਰਮਨਾਕ ਪਹਿਲੂ ਇੱਕ ਹੈ ਕਿ ਲੋਕਾਂ ਦਾ ਹਜੂਮ ਇਸ ਘਟਨਾ ਦਾ ਪੂਰਾ ਮਜ਼ਾ ਲੈ ਰਿਹਾ ਸੀ ਤੇ ਅੱਧੇ ਤੋਂ ਵੱਧ ਲੋਕ ਉਸ ਨੌਜਵਾਨ ਦਾ ਬਚਾਅ ਕਰਨ ਦੀ ਬਜਾਏ ਆਪੋ ਆਪਣੇ ਮੋਬਾਇਲਾਂ 'ਤੇ ਉਸ ਦੀ ਮਾਰ ਕੁਟਾਈ ਦੀ ਵੀਡੀਓ ਬਣਾਉਣ ਵਿੱਚ ਰੁੱਝੇ ਹੋਏ ਸਨ। ਇਸੇ ਤਰਾਂ ਦੀ ਇੱਕ ਘਟਨਾ ਵਿੱਚ ਸੱਤ ਕੁ ਮਹੀਨੇ ਪਹਿਲਾਂ ਯੂ.ਪੀ. ਦੇ ਗਾਜ਼ੀਆਬਾਦ ਸ਼ਹਿਰ ਵਿੱਚ ਦੋ ਬਦਮਾਸ਼ਾਂ ਨੇ ਅਜੇ ਨਾਮਕ ਇੱਕ ਵਿਅਕਤੀ ਨੂੰ ਸ਼ਰੇਆਮ ਚੱਲਦੀ ਸੜਕ 'ਤੇ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਨੇੜੇ ਤੋਂ ਅਰਾਮ ਨਾਲ ਟਰੈਫਿਕ ਚੱਲਦੀ ਰਹੀ ਤੇ ਬੇਸ਼ਰਮ ਤਮਾਸ਼ਬੀਨ ਉਸ ਦੀ ਮਦਦ ਕਰਨ ਜਾਂ ਪੁਲਿਸ ਤੇ ਐਂਬੂਲੈਂਸ ਨੂੰ ਬੁਲਾਉਣ ਦੀ ਬਜਾਏ ਮਾਰ ਕੁਟਾਈ ਦੀਆਂ ਵੀਡੀਓ ਬਣਾਉਂਦੇ ਰਹੇ। ਉਹਨਾਂ ਨੂੰ ਅਜੇ ਨੂੰ ਬਚਾਉਣ ਨਾਲੋਂ ਫੇਸਬੁੱਕ 'ਤੇ ਲਾਈਕ ਲੈਣ ਦੀ ਜਿਆਦਾ ਫਿਕਰ ਸੀ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦਾ ਆਵਿਸ਼ਕਾਰ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਜਰੂਰੀ ਦਸਤਾਵੇਜ਼, ਫੋਟੋਆਂ, ਖਬਰਾਂ, ਫਿਲਮਾਂ ਅਤੇ ਈਮੇਲ ਆਦਿ ਸਕਿੰਟਾਂ ਵਿੱਚ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਭੇਜੇ ਜਾ ਸਕਦੇ ਹਨ। ਸੰਸਾਰ ਦੇ ਕਿਸੇ ਵੀ ਦੇਸ਼ ਤੋਂ ਫਰੀ ਆਡਿਓ ਜਾਂ ਵੀਡੀਓ ਕਾਲ ਹੋ ਜਾਂਦੀ ਹੈ। ਪਰ ਇਹ ਗੱਲਾਂ ਸਾਡੇ ਦੇਸ਼ ਦੇ ਵਿਹਲੜਾਂ 'ਤੇ ਲਾਗੂ ਨਹੀਂ ਹੁੰਦੀਆਂ, ਇਹ ਤਾਂ ਸ਼ੋਸ਼ਲ ਮੀਡੀਆਂ ਦੀ ਵਰਤੋਂ ਹੋਰ ਹੀ ਕੰਮਾਂ ਲਈ ਕਰ ਰਹੇ ਹਨ।

ਕੁਝ ਦਿਨ ਪਹਿਲਾਂ ਬਿਹਾਰ ਦੇ ਇੱਕ ਪੱਤਰਕਾਰ ਨੇ ਤਾਂ ਕਮਾਲ ਹੀ ਕਰ ਦਿੱਤਾ ਸੀ। ਉਸ ਨੇ ਦੋ ਵਿਅਕਤੀਆਂ ਨੂੰ ਪੱਟੀਆਂ ਆਦਿ ਬੰਨ੍ਹ ਕੇ ਇੱਕ ਵੀਡੀਓ ਤਿਆਰ ਕਰ ਲਈ ਕਿ ਉਹ ਤਾਮਿਨਾਡੂ ਵਿਖੇ ਮਜ਼ਦੂਰੀ ਕਰਦੇ ਹਨ ਤੇ ਉਹਨਾਂ 'ਤੇ ਤਾਮਿਲਾਂ ਨੇ ਫਿਰਕੂ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਉਹਨਾਂ ਦੇ ਦਰਜ਼ਨਾਂ ਸਾਥੀ ਮਾਰੇ ਗਏ ਹਨ ਤੇ ਸੈਂਕੜੇ ਜ਼ਖਮੀ ਹਨ। ਵਿਹਲੜਾਂ ਨੇ ਬਿਨਾਂ ਸੋਚੇ ਸਮਝੇ ਇਹ ਵੀਡੀਓ ਸਾਰੇ ਭਾਰਤ ਵਿੱਚ ਫੈਲਾ ਦਿੱਤੀ। ਤਾਮਿਲਨਾਡੂ ਵਿੱਚ ਹਫੜਾ ਦਫੜੀ ਫੈਲ ਗਈ ਤੇ ਹਜ਼ਾਰਾਂ ਬਿਹਾਰੀ ਮਜ਼ਦੂਰ ਡਰਦੇ ਮਾਰੇ ਕੰਮ ਕਾਜ ਛੱਡ ਕੇ ਰੇਲਵੇ ਸਟੇਸ਼ਨਾਂ 'ਤੇ ਪਹੁੰਚ ਗਏ। ਇਸ ਅਫਵਾਹ ਨੂੰ ਰੋਕਣ ਲਈ ਬਿਹਾਰ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀਆਂ ਨੂੰ ਦਖਲ ਦੇਣਾ ਪਿਆ ਤਾਂ ਕਿਤੇ ਜਾ ਕੇ 10 - 15 ਦਿਨਾਂ ਬਾਅਦ ਮਾਹੌਲ ਸ਼ਾਂਤ ਹੋਇਆ। ਹੁਣ ਉਸ ਪੱਤਰਕਾਰ ਅਤੇ ਉਸ ਦੇ ਮੂਰਖ ਸਾਥੀਆਂ 'ਤੇ ਮੁਕੱਦਮਾ ਦਰਜ਼ ਹੋ ਗਿਆ ਤੇ ਉਹ ਜੇਲ ਯਾਤਰਾ ਕਰ ਰਹੇ ਹਨ। ਜੇ ਕਿਤੇ ਸੜਕ ਹਾਦਸੇ ਵਿੱਚ ਕੋਈ ਬਦਨਸੀਬ ਮਰਿਆ ਪਿਆ ਹੋਵੇ ਤਾਂ ਇਹਨਾਂ ਨੂੰ ਚਾਅ ਚੜ੍ਹ ਜਾਂਦਾ ਹੈ। ਮਦਦ ਕਰਨ ਦੀ ਬਜਾਏ ਨੁੱਚੜਦੇ ਖੂਨ ਤੇ ਫਿੱਸੇ ਹੋਏ ਸਿਰਾਂ ਵਾਲੀਆਂ ਦਰਦਨਾਕ ਫੋਟੋਆਂ ਸੋਸ਼ਲ ਮੀਡੀਆ 'ਤੇ ਪਾਉਣਗੇ। ਕਈ ਬੇਵਕੂਫ ਤਾਂ ਐਵੇਂ ਹੀ ਪੁਰਾਣੀ ਫੋਟੋ ਵੱਟਸਐੱਪ 'ਤੇ ਪਾ ਦੇਂਦੇ ਹਨ ਕਿ ਇਹ ਬੱਚਾ ਫਲਾਣੇ ਰੇਲਵੇ ਸਟੇਸ਼ਨ 'ਤੇ ਲਾਵਾਰਿਸ ਮਿਲਿਆ ਹੈ। ਲੋਕ ਫੋਨ ਕਰ ਕੇ ਪੁਲਿਸ ਵਾਲਿਆਂ ਦਾ ਨੱਕ ਵਿੱਚ ਦਮ ਕਰ ਦੇਂਦੇ ਹਨ। ਕਈ ਘਰ ਬੈਠੇ ਹੀ ਮੈਜੇਜ ਛੱਡ ਦੇਂਦੇ ਹਨ ਕਿ ਫਲਾਣੇ ਹਸਪਤਾਲ ਵਿੱਚ ਖੂਨ ਚਾਹੀਦਾ ਹੈ। ਬੰਦਾ ਪੁੱਛੇ ਕਿ ਤੁਸੀਂ ਆਪ ਕਿਉਂ ਨਹੀਂ ਦੇਂਦੇ ਜਾ ਕੇ ? ਖੂਨ ਕਿਸੇ ਲੋੜਵੰਦ ਨੂੰ ਬਠਿੰਡੇ ਚਾਹੀਦਾ ਹੁੰਦਾ ਹੈ ਤੇ ਮੈਸੇਜ ਇਹ ਪਠਾਨਕੋਟ ਨੂੰ ਭੇਜੀ ਜਾਂਦੇ ਹਨ।

ਸੋਸ਼ਲ ਮੀਡੀਆ 'ਤੇ ਸਾਰਾ ਦਿਨ ਫਜ਼ੂਲ ਦੀਆਂ ਅਹਿਮਕਾਨਾ ਗੱਲਾਂ ਜਿਆਦਾ ਸ਼ੇਅਰ ਕੀਤੀਆਂ ਜਾਂਦੀਆਂ ਹਨ। ਕਈ ਮੂਰਖ ਤਾਂ ਅੰਧਵਿਸ਼ਵਾਸ ਫੈਲਾਉਣਾ ਆਪਣਾ ਪਰਮ ਧਰਮ ਸਮਝਦੇ ਹਨ। ਕਹਿਣਗੇ ਇਹ ਮੈਸੇਜ ਫਲਾਣੇ ਧਾਰਮਿਕ ਸਥਾਨ ਤੋਂ ਚੱਲਿਆ ਹੈ। 100 ਲੋਕਾਂ ਨੂੰ ਫਾਰਵਰਡ ਕਰੋਗੇ ਤਾਂ ਸ਼ਾਮ ਤੱਕ ਕੋਈ ਚੰਗੀ ਖਬਰ ਮਿਲੇਗੀ, ਅਗਰ ਨਜ਼ਰ ਅੰਦਾਜ਼ ਕਰੋਗੇ ਤਾਂ ਤੁਹਾਡਾ ਨੁਕਸਾਨ ਹੋ ਜਾਵੇਗਾ। ਇੱਕ ਸੂਰਮੇ ਨੇ ਤਾਂ ਆਪਣੇ ਦਾਦੇ ਦੀ ਅਰਥੀ ਨੂੰ ਮੋਢਾ ਦੇਂਦੇ ਸਮੇਂ ਦੰਦੀਆਂ ਕੱਢਦੇ ਹੋਏ ਸੈਲਫੀ ਖਿੱਚ ਕੇ ਫੇਸਬੁੱਕ 'ਤੇ ਪਾ ਦਿੱਤੀ ਸੀ ਕਿ ਫੀਲਿੰਗ ਸੈੱਡ ਵਿੱਦ ਦਾਦਾ ਜੀ ਡੈੱਡ। ਕਈ ਲੋਕ ਤਾਂ ਸ਼ੋਸ਼ਲ ਮੀਡੀਆ ਦੇ ਐਨੇ ਭਗਤ ਹਨ ਜਿਵੇਂ ਦੁਨੀਆਂ ਭਰ ਦੀ ਸਾਰੀ ਸੱਚਾਈ ਇਸ ਵਿੱਚ ਹੀ ਸਮਾਈ ਹੋਵੇ। ਜਦੋਂ ਦੀਨਾਨਗਰ ਥਾਣੇ 'ਤੇ ਅੱਤਵਾਦੀ ਹਮਲਾ ਹੋਇਆ ਸੀ ਤਾਂ ਵਿਹਲੜਾਂ ਨੇ ਟੀ.ਵੀ. ਤੋਂ ਉੱਡਦੀ ਉੱਡਦੀ ਖਬਰ ਸੁਣ ਲਈ ਕਿ ਅੱਤਵਾਦੀਆਂ ਨਾਲ ਸ਼ਾਇਦ ਦੋ ਔਰਤਾਂ ਵੀ ਹਨ। ਮੁਕਾਬਲਾ ਰਾਤ 8–9 ਵਜੇ ਜਾ ਕੇ ਖਤਮ ਹੋਇਆ ਸੀ। ਪਰ ਕਥਿੱਤ ਸੋਸ਼ਲ ਮੀਡੀਆ ਕਰਾਈਮ ਰਿਪੋਰਟਰਾਂ ਨੇ ਸਵੇਰੇ 10 ਵਜੇ ਹੀ ਕਿਸੇ ਪੁਰਾਣੇ ਮੁਕਾਬਲੇ ਵਿੱਚ ਦੋ ਔਰਤਾਂ ਸਮੇਤ ਮਰੇ ਚੇਚਨੀਆਂ (ਰੂਸ) ਦੇ ਅੱਤਵਾਦੀਆਂ ਦੀਆਂ ਫੋਟੋਆਂ ਵੱਟਸਐਪ 'ਤੇ ਪਾ ਦਿੱਤੀਆਂ ਸਨ ਕਿ ਸਾਰੇ ਅੱਤਵਾਦੀ ਮਾਰੇ ਗਏ ਹਨ ਤੇ ਮੁਕਾਬਲਾ ਖਤਮ ਹੋ ਗਿਆ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐੱਨ.ਯੂ.) ਦਿੱਲੀ ਅਤੇ ਹਰਿਆਣਾ ਦੇ ਜਾਟ ਅੰਦੋਲਨ ਨੂੰ ਭੜਕਾਉਣ ਵਿੱਚ ਸ਼ੋਸ਼ਲ ਮੀਡੀਆ ਦਾ ਪੂਰਾ ਹੱਥ ਸੀ।

ਇਨ੍ਹਾਂ ਲੋਕਾਂ ਨੂੰ ਸਵੇਰੇ ਭਗਤੀ ਦਾ ਖੁਮਾਰ ਚੜ੍ਹਿਆ ਹੁੰਦਾ ਹੈ। ਅਜਿਹੇ ਧਾਰਮਿਕ, ਗਿਆਨ ਵਧਾਊ ਅਤੇ ਹੌਂਸਲਾ ਅਫਜਾਈ ਵਾਲੇ ਮੈਸੇਜ ਆਉਂਦੇ ਹਨ ਕਿ ਬੰਦਾ ਆਪਣੇ ਆਪ ਨੂੰ ਸਰਵ-ਸ਼ਕਤੀਮਾਨ ਮਹਿਸੂਸ ਕਰਨ ਲੱਗ ਜਾਂਦਾ ਹੈ। ਦੁਪਹਿਰ ਨੂੰ ਡਿਪਰੈਸ਼ਨ ਵਾਲੇ ਤੇ ਰਾਤ ਨੂੰ ਗੰਦ ਮੰਦ ਸ਼ੁਰੂ ਹੋ ਜਾਂਦਾ ਹੈ। ਸਟੇਟਸ 'ਤੇ ਫੋਟੋ ਵੀ ਵੇਖਣ ਵਾਲੀ ਹੁੰਦੀ ਹੈ। ਮਰੀਅਲ ਤੋਂ ਮਰੀਅਲ ਬੰਦਾ ਵੀ ਗੁੱਗੂ ਗਿੱਲ ਤੋਂ ਘੱਟ ਨਹੀ ਲੱਗਦਾ। ਕਈ ਸੂਰਮੇ ਤਾਂ ਬੇਗਾਨੇ ਪਿਸਤੌਲਾਂ ਰਾਈਫਲਾਂ ਨਾਲ ਗੱਬਰ ਸਿੰਘ ਦੇ ਪੋਜ਼ ਵਿੱਚ ਡੀ.ਪੀ. ਲਾ ਕੇ ਜੇਲ੍ਹ ਜਾਣ ਦੀ ਤਿਆਰੀ ਕਰੀ ਬੈਠੇ ਹਨ। ਆਮ ਲੋਕਾਂ ਨੂੰ ਇਹ ਪਤਾ ਨਹੀਂ ਕਿ ਦੂਸਰੇ ਦੇ ਹਥਿਆਰ ਨੂੰ ਪਕੜਨਾ ਵੀ ਜ਼ੁਰਮ ਹੈ। ਹਰ ਬੰਦਾ ਦੂਸਰੇ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਈ ਬੁੱਢਿਆਂ ਨੇ ਫੇਸਬੁੱਕ 'ਤੇ ਆਪਣੀ ਜਵਾਨੀ ਦੀ ਪ੍ਰੋਫਾਇਲ ਫੋਟੋ ਲਾਈ ਹੁੰਦੀ ਹੈ। ਕਈ ਬੰਦੇ ਭੁਲੇਖੇ ਨਾਲ ਆਪਣੀ ਪਤਨੀ ਨਾਲ ਹੀ ਚੈਟਿੰਗ ਕਰਦੇ ਕਾਬੂ ਆ ਗਏ ਹਨ। ਕਈ ਅਣਭੋਲ ਔਰਤਾਂ ਬਦਮਾਸ਼ ਬੰਦਿਆਂ ਦੀਆਂ ਚੈਟਿੰਗ ਦੌਰਾਨ ਕੀਤੀਆਂ ਮਿੱਠੀਆਂ ਗੱਲਾਂ ਵਿੱਚ ਫਸ ਕੇ ਘਰ ਘਾਟ ਤਬਾਹ ਕਰ ਬੈਠੀਆਂ ਹਨ।

ਇੱਕ ਨਵਾਂ ਟਰੈਂਡ ਚੱਲਿਆ ਹੈ ਸੈਲਫੀ ਖਿੱਚਣ ਦਾ। ਲੋਕ ਕਿਸੇ ਲੀਡਰ ਜਾਂ ਅਫਸਰ ਨਾਲ ਚੇਪੀ ਹੋ ਕੇ ਖਿੱਚੀਆਂ ਸੈਲਫੀਆਂ ਫੇਸਬੁੱਕ 'ਤੇ ਪਾ ਕੇ ਲਾਈਕ ਗਿਣਨ ਲੱਗ ਜਾਂਦੇ ਹਨ। ਲਾਈਕ ਅਸਲ ਵਿੱਚ ਉਸ ਵੱਡੇ ਬੰਦੇ ਨੂੰ ਮਿਲਦੇ ਹਨ, ਜਿਸ ਨਾਲ ਤੁਹਾਡੀ ਫੋਟੋ ਲੱਗੀ ਹੁੰਦੀ ਹੈ। ਹੁਣ ਤੱਕ ਇੱਕਲੇ ਭਾਰਤ ਵਿੱਚ ਹੀ 250 ਦੇ ਕਰੀਬ ਲੋਕ ਸੈਲਫੀਆਂ ਲੈਂਦੇ ਸਮੇਂ ਅਣਿਆਈ ਮੌਤ ਮਰ ਚੁੱਕੇ ਹਨ। ਲੀਡਰਾਂ ਕੋਲ ਪਹੁੰਚਣ ਦਾ ਸਭ ਤੋਂ ਸੌਖਾ ਬਹਾਨਾ ਹੈ ਸੈਲਫੀ ਖਿੱਚਣੀ। ਜਿਹੜੇ ਲੀਡਰ ਜਾਂ ਐਕਟਰ ਨੱਕ 'ਤੇ ਮੱਖੀ ਨਹੀਂ ਬਹਿਣ ਦੇਂਦੇ, ਉਹ ਵੀ ਸੈਲਫੀ ਖਿਚਾਉਣ ਵੇਲੇ ਅਸੀਲ ਮੱਝ ਵਾਂਗ ਫੌਰਨ ਬੱਤੀਸੀ ਵਿਖਾਉਣ ਲੱਗ ਜਾਂਦੇ ਹਨ। ਸ਼ੋਸ਼ਲ ਮੀਡੀਆ ਅੱਜ ਐਨਾ ਤਾਕਤਵਰ ਹੋ ਗਿਆ ਹੈ ਕਿ ਇਸ ਵਿੱਚ ਦੇਸ਼ਾਂ ਦੀ ਕਿਸਮਤ ਤੱਕ ਬਦਲਣ ਦੀ ਤਾਕਤ ਆ ਗਈ ਹੈ। ਟਿਊਨੀਸ਼ੀਆ, ਮਿਸਰ ਅਤੇ ਸੀਰੀਆ ਦੀਆਂ ਸਰਕਾਰਾਂ ਦਾ ਤਖਤਾ ਪਲਟਾਉਣ ਵਿੱਚ ਇਸ ਦਾ ਪੂਰਾ ਹੱਥ ਸੀ। 2010 ਵਿੱਚ ਟਿਊਨੀਸ਼ੀਆ ਦੀ ਰਾਜਧਾਨੀ ਟਿਊਨਿਸ ਵਿਖੇ ਇੱਕ ਕਬਜ਼ਾ ਹਟਾਊ ਦਸਤੇ ਦੇ ਵਿਰੋਧ ਵਿੱਚ ਇੱਕ ਫੜ੍ਹੀ ਵਾਲੇ ਮੁਹੰਮਦ ਬੋਆਜ਼ੀ ਨੇ ਆਪਣੇ ਆਪ ਅੱਗ ਲਗਾ ਲਈ ਸੀ। ਉਹ ਫੋਟੋ ਐਨੀ ਵਾਇਰਲ ਹੋਈ ਕਿ ਤਤਕਾਲੀ ਰਾਸ਼ਟਰਪਤੀ ਜ਼ਾਈਨ ਅਲ ਅਬੀਦੀਨ ਨੂੰ ਦੇਸ਼ ਛੱਡ ਕੇ ਭੱਜਣਾ ਪਿਆ ਸੀ। ਭਾਰਤ ਵਿੱਚ ਇੱਕ ਖਾਸ ਰਾਜਨੀਤਕ ਪਾਰਟੀ ਦਾ ਸ਼ੋਸ਼ਲ ਮੀਡੀਆ 'ਤੇ ਮੁਕੰਮਲ ਕਬਜ਼ਾ ਹੈ। ਇਸ ਦਾ ਪਰਿਣਾਮ ਇਹ ਨਿਕਲਿਆ ਹੈ ਕਿ ਲੋਕ ਦੂਸਰੀਆਂ ਪਾਰਟੀਆਂ ਦੀ ਗੱਲ ਸੁਣਨ ਲਈ ਵੀ ਰਾਜੀ ਨਹੀਂ ਹਨ। ਉਸ ਨੂੰ ਹਰ ਇਲੈੱਕਸ਼ਨ ਵਿੱਚ ਧੜਾ ਧੜ ਵੋਟ ਮਿਲ ਰਹੇ ਹਨ।

ਸ਼ੋਸ਼ਲ ਮੀਡੀਆ ਦੀ ਸਹੀ ਵਰਤੋਂ ਕੀਤੀ ਜਾਵੇ ਤਾਂ ਇਸ ਦੇ ਫਾਇਦੇ ਵੀ ਬੇਅੰਤ ਹਨ। ਦੋ ਕੁ ਮਹੀਨੇ ਪਹਿਲਾਂ ਖਬਰ ਆਈ ਸੀ ਕਿ ਨਿਊਯਾਰਕ (ਅਮਰੀਕਾ) ਵਿੱਚ ਇੱਕ ਮਰੀਜ਼ ਦਾ ਉਪਰੇਸ਼ਨ ਕਰਦੇ ਸਮੇਂ ਡਾਕਟਰ ਨੂੰ ਕਿਸੇ ਗੱਲ ਦੀ ਸਮਝ ਨਹੀਂ ਸੀ ਆ ਰਹੀ। ਉਸ ਨੇ ਕੈਲਗਰੀ (ਕੈਨੇਡਾ) ਦੇ ਇੱਕ ਸਪੈਸ਼ਲਿਸਟ ਨੂੰ ਆਨਲਾਈਨ ਉਪਰੇਸ਼ਨ ਵਿਖਾ ਕੇ ਸਲਾਹ ਲਈ ਤੇ ਮਰੀਜ਼ ਦੀ ਜਾਨ ਬਚ ਸਕੀ। ਪਰ ਸਾਡੇ ਦੇਸ਼ ਵਿੱਚ ਸ਼ੋਸ਼ਲ ਮੀਡੀਆ ਦੀ ਰੱਜ ਦੁਰਵਰਤੋਂ ਹੋ ਰਹੀ ਹੈ। ਇਸ ਦਾ ਇਸਤੇਮਾਲ ਦੰਗੇ ਭੜਕਾਉਣ, ਅਸ਼ਲੀਲਤਾ ਫੈਲਾਉਣ ਅਤੇ ਇੱਕ ਦੂਸਰੇ ਨੂੰ ਬਦਨਾਮ ਕਰਨ ਲਈ ਜਿਆਦਾ ਕੀਤਾ ਜਾ ਰਿਹਾ ਹੈ। ਇਸ ਲਈ ਸਭ ਨੂੰ ਚਾਹੀਦਾ ਹੈ ਕਿ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਕਰੀਏ। ਇਸ ਨਾਲ ਅਸੀਂ ਵੀ ਸੁਖੀ ਰਹਾਂਗੇ ਤੇ ਸਮਾਜ ਦਾ ਵੀ ਭਲਾ ਹੋਵੇਗਾ।

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 9501100062

ਆਖਰੀ ਗੁ.ਡਤਗੂ-ਇੱਕ ਟੀਸ

ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211

ਆਰਥਿਕ ਪੱਖੋਂ, ਜਾਤ-ਪਾਤ ਤੇ ਪੜ੍ਹਾਈ-ਲਿਖਾਈ ਦੀ ਸਮਾਨਤਾ ਦੇ ਬਾਵਜੂਦ ਕੁਝ ਅਖੌਤੀ ਰਿਸ਼ਤੇਦਾਰਾਂ, ਮਾਪਿਆਂ ਅਤੇ ਸਮਾਜ ਨੇ ਕੰਵਰ ਤੇ ਪ੍ਰੀਤ ਦੇ ਸੱਚੇ ਤੇ ਰੂਹਾਨੀ ਇਸ਼ਕ ਨੂੰ ਪ੍ਰਵਾਨ ਨਹੀਂ ਕੀਤਾ। ਕਈ ਦਿਨਾਂ ਤੀਕਰ ਕੰਵਰ ਦੇ ਘਰ ਸ਼ੀਤ ਯੁੱਧ ਚੱਲਦਾ ਰਿਹਾ ਪਰ ਉਸਦੇ ਘਰਦੇ ਆਪਣੇ ਫੈਸਲੇ 'ਤੇ ਬਜਿੱਦ ਸਨ। ਜਬਰੀ ਤੇ ਜਜ਼ਬਾਤੀ ਤਸੀਹਿਆਂ ਨੇ ਕੰਵਰ ਨੂੰ ਮਾਨਸਿਕ ਤੌਰ 'ਤੇ ਝੰਜੋੜ ਕੇ ਰੱਖ ਦਿੱਤਾ। ਲੱਖ-ਕਰੋੜ ਹੀਲੇ ਵਰਤਣ ਦੇ ਬਾਵਜੂਦ ਵੀ ਮੁਹੱਬਤ ਪ੍ਰਵਾਨ ਨਾ ਚੜ੍ਹਦੀ ਦੇਖ ਕੰਵਰ ਨੇ ਆਖਰ ਆਪਣੇ ਦਿਲ 'ਤੇ ਪੱਥਰ ਰੱਖ ਲਿਆ। ਪ੍ਰੀਤ ਨੂੰ ਆਪਣੀ ਜ਼ਿੰਦਗੀ 'ਚੋਂ ਸਦਾ ਲਈ ਦੂਰ ਕਰਨ ਲਈ ਕੰਵਰ ਨੇ ਉਸਨੂੰ ਉਹੀ ਥਾਂ 'ਤੇ ਅਖੀਰਲੀ ਵਾਰ ਮਿਲਣ ਲਈ ਬੁਲਾਇਆ, ਜਿੱਥੋਂ ਉਨ੍ਹਾਂ ਦੇ ਪਿਆਰ ਦੀ ਸ਼ੁਰੂਆਤ ਹੋਈ ਸੀ।

ਪਿਛਲੇ 5-6 ਸਾਲਾਂ ਦੌਰਾਨ ਜਦੋਂ ਵੀ ਪ੍ਰੀਤ ਨੂੰ ਮਿਲਣ ਨੂੰ ਬੁਲਾਇਆ, ਉਹ ਅੱਧੇ ਬੋਲ 'ਤੇ ਭੱਜੀ ਆਉਂਦੀ ਸੀ। ਹਰ ਵਾਰ ਵਾਂਗ ਅੱਜ ਵੀ ਉਹ ਇੱਕ ਫੋਨ ਕਾਲ 'ਤੇ ਸਾਹਮਣਿਓਂ ਮੁਸਕਰਾਹਟਾਂ ਬਖੇਰਦੀ ਹੋਈ ਕੰਵਰ ਵੱਲ ਆ ਰਹੀ ਸੀ। ਉਸਨੇ ਫਿੱਕੇ ਗੁਲਾਬੀ ਰੰਗ ਦੇ ਸੂਟ ਦੇ ਉੱਤੋਂ ਗੂੜ੍ਹੇ ਬ੍ਰਾਊਨ ਰੰਗ ਦੀ ਜੈਕਟ ਪਾਈ ਹੋਈ ਸੀ। ਆਪਣੀ ਆਦਤ ਮੁਤਾਬਿਕ ਖੱਬੇ ਹੱਥ ਦੀ ਉਂਗਲ 'ਚ ਆਪਣੇ ਸਕੂਟਰ ਦੀ ਚਾਬੀ ਘੁੰਮਾਉਂਦੀ ਤੇ ਦੂਜੇ ਹੱਥ ਨਾਲ ਮੱਥੇ 'ਤੇ ਡਿੱਗੀਆਂ ਜ਼ੁਲਫਾਂ ਨੂੰ ਸੰਵਾਰਦੀ ਹੋਈ ਨੇ ਕੋਲ ਆਉਂਦਿਆਂ ਹੀ ਮੁੰਡਿਆਂ ਵਾਂਗਰ ਆਪਣੀਆਂ ਅੱਖਾਂ ਦੇ ਭਰਵੱਟੇ ਉਤਾਂਹ ਚੁੱਕ ਕੇ ਕੰਵਰ ਦਾ ਹਾਲ ਚਾਲ ਪੁੱਛਿਆ ਸੀ। ਅੱਗੋਂ ਉਖੜੇ ਜਿਹੇ ਕੰਵਰ ਨੇ ਰਸਮੀ ਜਿਹਾ ਜਵਾਬ ਦਿੱਤਾ ਸੀ। ਚਹਿਕਦੀ ਹੋਈ ਪ੍ਰੀਤ ਕਹਿੰਦੀ, 'ਐਡੀ ਵੀ ਕੀ ਐਮਰਜੈਂਸੀ ਸੀ, ਪਤਾ ਵੀ ਹੈ ਟੈਸਟ ਸੀ ਮੇਰਾ ਅੱਜ ਕਾਲਜ 'ਚ, ਵਿੱਚੇ ਛੱਡ ਕੇ ਆਈ ਹਾਂ'। ਕੰਵਰ ਨੇ ਨਕਲੀ ਜਿਹੀ ਮੁਸਕਰਾਹਟ ਨਾਲ ਸਿਰਫ ਧੰਨਵਾਦ ਹੀ ਕਿਹਾ। ਹੈਰਾਨਗੀ ਜਿਹੀ 'ਚ ਅੱਖਾਂ ਮਟਕੇ ਕੇ ਪੁੱਛਣ ਲੱਗੀ, 'ਅੱਜ ਤਬੀਅਤ ਠੀਕ ਨਹੀਂ ਲੱਗਦੀ ਜਨਾਬ ਦੀ, ਦੇਖਿਓ ਕਿਤੇ ਕੋਈ ਹੋਰ ਤਾਂ ਨਹੀਂ ਲੱਭ ਲਈ, ਨਾਲੇ ਐਡੀਆਂ ਕਾਹਲੀਆਂ ਨਾ ਕਰਿਆ ਕਰੋ ਯਾਰ, ਸਾਨੂੰ ਹੋਰ ਵੀ ਕੰਮ ਹੁੰਦੇ ਨੇ'। 'ਹੁਣ ਆਪਾਂ ਸੀਰੀਅਸਲੀ ਗੱਲ ਕਰ ਲਈਏ ਜਿਸ ਲਈ ਮੈਂ ਬੁਲਾਇਆ', ਕੰਵਰ ਨੇ ਕਿਹਾ। 'ਹਾਏ ਓ ਰੱਬਾ, ਇੱਕ ਤਾਂ ਸੀਰੀਅਸ ਹੋਣਾ ਛੱਡ ਦਿਓ ਪਲੀਜ਼। ਨਾਲੇ ਮੇਰੀ ਗੱਲ ਸੁਣੋ, ਪਤੈ ਮੰਮੀ ਪੁੱਛਦੇ ਸੀ ਕਿ ਤੂੰ ਇਹ ਕੋਕਾ ਕਿੱਥੋਂ ਲਿਆਂਦੈ, ਤੂੰ ਤਾਂ ਕਦੀ ਨਾ ਕੰਨ ਬੰਨਾਏ, ਨਾ ਨੱਕ। ਚੱਲ ਛੱਡੋ, ਹੁਣ ਦੱਸੋ ਸੁੱਕੇ ਖੂਹ ਕੋਲ ਹੀ ਖੜ੍ਹਾ ਕੇ ਰੱਖਣਾ ਕਿ ਕੁਝ ਚਾਹ ਪਾਣੀ ਵੀ ਪੁੱਛੋਂਗੇ ਮੈਨੂੰ। ਇੰਨੀ ਧੁੰਦ ਪੈ ਰਹੀ ਹੈ ਰਸਤੇ 'ਚ, ਆਪ ਤਾਂ ਇਥੋਂ ਉੱਠ ਕੇ ਆ ਗਏ'।

ਅੱਧਾ ਪੌਣਾ ਘੰਟਾ ਤਾਂ ਏਦਾਂ ਹੀ ਨਖ਼ਰੇ ਨਿਹੋਰੇ ਕਰਦੇ ਲੰਘ ਗਿਆ। ਫਿਰ ਅਚਾਨਕ ਉਹ ਕਹਿੰਦੀ, 'ਅੱਛਾ ਸੱਚ ਦੱਸਿਓ ਕਿ ਸੱਚੀਂ ਹੀ ਬੁੱਧੂ ਜਿਹੇ ਹੋ ਕਿ ਮੈਨੂੰ ਬੁੱਧੂ ਬਣਾਈ ਜਾਂਦੇ ਓ ਇੰਨੇ ਸਾਲਾਂ ਦੇ'। ਕੰਵਰ ਨੇ ਪੁੱਛਿਆ 'ਕਿਉਂ'? 'ਕਿਉਂ ਕੀ, ਜੱਟੀ ਨੇ ਮਨਾ ਲਏ ਨਾ ਆਪਣੇ ਘਰ ਦੇ। ਤੁਸੀਂ ਪਤਾ ਨਹੀਂ ਕਦੋਂ ਗੱਲ ਕਰਨੀ ਆਪਣੇ ਪੇਰੈਂਟਸ ਨਾਲ, ਮੈਨੂੰ ਲੱਗਦਾ ਨਹੀਂ ਕਿ ਗੱਲ ਕਰੋਂਗੇ ਤੁਸੀਂ, ਫੁਕਰੀਆਂ ਮਾਰਨ ਜੋਗੇ ਹੀ ਓਂ'। ਤੁਰਦੇ ਤੁਰਦੇ ਉਹ ਦੋਵੇਂ ਉਸੇ ਖੰਡਰ ਕੋਲ ਚਲੇ ਗਏ ਜਿੱਥੇ ਕਈ ਥਾਵਾਂ 'ਤੇ ਉਨ੍ਹਾਂ ਦੋਵਾਂ ਦੇ ਨਾਂ ਉੱਕਰੇ ਹੋਏ ਸਨ। ਫਿਰ ਪ੍ਰੀਤ ਬੋਲੀ, 'ਅੱਛਾ ਹੁਣ ਸਮਝ ਲੱਗੀ ਐ ਮੈਨੂੰ ਕਿ ਕਾਹਦੇ ਲਈ ਬੁਲਾਇਐ। ਮੇਰੀ ਗੱਲ ਸੁਣੋ ਹੋਰ

ਨਾਮ ਨਹੀਂ ਲਿਖਣੇ ਇੱਥੇ ਹੁਣ, ਪਤਾ ਨਹੀਂ ਕੌਣ-ਕੌਣ ਆਉਂਦੈ ਇੱਥੇ, ਤੁਹਾਨੂੰ ਤਾਂ ਕੋਈ ਫਰਕ ਨਹੀਂ ਪੈਂਦਾ, ਛੁੱਟੀਆਂ ਕੱਟ ਕੇ ਚਲੇ ਜਾਣੈ ਵਾਪਸ, ਪਰ ਮੈਨੂੰ ਪਤੈ ਕਿੰਨੇ ਜੁਆਬ ਦੇਣੇ ਪੈਂਦੇ ਨੇ'।

ਕੰਵਰ ਨੀਝ ਨਾਲ ਪ੍ਰੀਤ ਦੀਆਂ ਝੀਲ ਵਰਗੀਆਂ ਡੂੰਘੀਆਂ ਅੱਖਾਂ ਨੂੰ ਨਿਹਾਰਦਾ ਰਿਹਾ, ਜਦੋਂ ਤੱਕ ਉਸ ਨੇ ਝੁੰਜਲਾਹਟ ਜਿਹੀ 'ਚ ਨੀਵੀਂ ਨਾ ਪਾ ਲਈ। ਉਸ ਦੇ ਗੁਲਾਬੀ ਚਿਹਰੇ ਦਾ ਰੰਗ ਲਾਲ ਸੁਰਖ ਹੋ ਗਿਆ। ਕਹਿੰਦੀ, 'ਏਦਾਂ ਕਿਉਂ ਦੇਖਦੇ ਓ ਮੈਨੂੰ, ਪਹਿਲਾਂ ਕਦੇ ਦੇਖਿਆ ਨਹੀਂ ਕੀ'? ਜਜ਼ਬਾਤਾਂ ਦੇ ਪੂਰੇ ਰੌਅ 'ਚ ਵਹਿੰਦੀਆਂ ਕੰਵਰ ਨੇ ਕਿਹਾ, 'ਦੇਖ ਲੈਣ ਦੇ ਅੱਜ ਜੀਅ ਭਰਕੇ ਯਾਰ, ਸ਼ਾਇਦ ਅੱਜ ਤੋਂ ਬਾਅਦ ਮੈਂ ਤੈਨੂੰ ਕਦੇ ਨਾ ਦੇਖ ਸਕਾਂ। ਸ਼ਾਇਦ, ਸ਼ਾਇਦ ਨਹੀਂ, ਸੱਚਮੁੱਚ ਆਪਾਂ ਅੱਜ ਆਖਰੀ ਵਾਰ ਮਿਲ ਰਹੇ ਹਾਂ ਪ੍ਰੀਤ'। ਕੰਵਰ ਨੂੰ ਚਿੜ੍ਹਾਉਂਦੀ ਹੋਈ ਪ੍ਰੀਤ ਕਹਿਣ ਲੱਗੀ, 'ਆਹੋ, ਆਖ਼ਰੀ ਵਾਰ ਮਿਲ ਰਹੇ ਆਂ ਪ੍ਰੀਤ.., ਥੋਨੂੰ ਪਤੈ ਨਾ ਮੈਨੂੰ ਇਹ ਗੱਲ ਮਜ਼ਾਕ 'ਚ ਵੀ ਭੋਰਾ ਪਸੰਦ ਨਹੀਂ'। ਕੰਵਰ ਨੇ ਉਦਾਸੀ ਭਰੇ ਲਹਿਜ਼ੇ ਨਾਲ ਕਿਹਾ, 'ਦੇਖ ਪ੍ਰੀਤ, ਹਰ ਹੀਲਾ ਵਰਤਿਆ ਤੈਨੂੰ ਪਾਉਣ ਦਾ, ਪਰ ਰੱਬ ਨੇ ਨਸੀਬਾਂ 'ਚ ਆਪਣਾ ਮੇਲ ਨਹੀਂ ਲਿਖਿਆ। ਮੇਰੇ ਘਰਦਿਆਂ ਨੇ ਅਗਲੇ ਮਹੀਨੇ ਮੇਰਾ ਵਿਆਹ ਕਰ ਦੇਣੈ, ਬਸ ਤੂੰ ਮੈਨੂੰ .... ਮੁਆਫ ਕਰ ਦੇਵੀਂ, ਜੇ ਹੋ ਸਕਿਆ ਤਾਂ'। ਕਾਰਨ ਪੁੱਛਣ 'ਤੇ ਕੰਵਰ ਨੇ ਮਨ ਕੈੜਾ ਕਰਦਿਆਂ ਇੱਕੋ ਸਾਹੇ ਸਾਰੀ ਗੱਲ ਦੱਸਦਿਆਂ ਕਿਹਾ, 'ਪਤਾ ਨਹੀਂ ਕਿਉਂ, ਮੈਨੂੰ ਕੁਝ ਸਮਝ ਨਹੀਂ ਆ ਰਿਹਾ, ਪਰ ਅੱਜ ਤੋਂ ਬਾਅਦ ਸਭ ਕੁਝ ਕਿਸੇ ਸੁਪਨੇ ਵਾਂਗ ਭੁੱਲ ਜਾਵੀਂ, ਸ਼ਾਇਦ ਤੇਰੀ ਬੇਬਾਕੀ ਪਸੰਦ ਨਹੀਂ ਉਨ੍ਹਾਂ ਨੂੰ..., ਬਸ ਤੂੰ ਮੈਨੂੰ ਭੁੱਲ ਜਾਵੀਂ ਯਾਰ। ਅੱਜ ਤੋਂ ਬਾਅਦ ਮੈਂ ਤੈਨੂੰ ਕਿਧਰੇ ਨਜ਼ਰ ਨਹੀਂ ਆਉਣਾ। ਸਮਝ ਲਵੀਂ ਕਿ ਇਹ ਇੱਕ ਅਧੂਰਾ ਖਵਾਬ ਸੀ। ਭਾਵੇਂ ਮੈਂ ਹਰ ਕੋਸਿਸ਼ ਕੀਤੀ ਪਰ ਤਾਂ ਵੀ ਮੈਂ ਤੇਰਾ ਗੁਨਾਹਗਾਰ ਹਾਂ ਪ੍ਰੀਤ। ਇੰਨਾ ਵਾਅਦਾ ਮੇਰਾ ਕਿ ਆਖਰੀ ਸਾਹ ਤੱਕ ਤੂੰ ਮੇਰੇ ਅੰਗ ਸੰਗ ਰਹੇਂਗੀ। ਚੰਗਾ, ਅਲਵਿਦਾ!'

ਪ੍ਰੀਤ ਨੇ ਪਿੱਛੇ ਮੁੜਨ ਲੱਗੇ ਕੰਵਰ ਦਾ ਹੱਥ ਇੰਨੇ ਜੋਰ ਨਾਲ ਫੜਿਆ ਕਿ ਕੰਵਰ ਚਾਹ ਕੇ ਵੀ ਛੁੜਾ ਨਾ ਸਕਿਆ। ਆਪਣੀਆਂ ਭਿੱਜੀਆਂ ਅੱਖਾਂ ਕੰਵਰ 'ਤੇ ਟਿਕਾ ਦਿੱਤੀਆਂ ਤੇ ਵਾਸਤਾ ਜਿਹਾ ਪਾ ਕੇ ਪੁੱਛਣ ਲੱਗੀ ਕਿ ਦੱਸੋ ਮੇਰੀਆਂ ਅੱਖਾਂ 'ਚ ਕਿਤੇ ਪਿਆਰ ਦੀ ਘਾਟ ਨਜ਼ਰ ਆ ਰਹੀ ਹੈ ਤੁਹਾਨੂੰ। ਉਹੀ ਝੀਲ ਵਰਗੀਆਂ ਅੱਖਾਂ 'ਚੋਂ ਹੰਝੂਆਂ ਦੀ ਐਸੀ ਝੜੀ ਲੱਗੀ ਕਿ ਸਵੇਰ ਤੋਂ ਦੁਪਹਿਰ ਹੋ ਗਈ, ਪਰ ਪ੍ਰੀਤ ਚੁੱਪ ਨਾ ਹੋਈ। ਸਮੇਂ ਦਾ ਉਹ ਮੰਜ਼ਰ ਇਸ ਤਰ੍ਹਾਂ ਲੱਗਦਾ ਸੀ ਜਿੱਦਾਂ ਵਕਤ ਦੀਆਂ ਸੂਈਆਂ ਰੁਕ ਗਈਆਂ ਹੋਣ। ਕੰਵਰ ਦੀ ਛਾਤੀ 'ਤੇ ਮੁੱਕੀਆਂ ਮਾਰ-ਮਾਰ ਕਮੀਜ਼ ਦਾ ਬਟਨ ਤੋੜ ਦਿੱਤਾ ਸੀ। ਰੋਂਦੀ-ਰੋਂਦੀ ਕਹਿੰਦੀ, 'ਬਸ ਸਿਰਫ਼ ਇੰਨਾ ਕਹਿ ਦੋ ਕਿ ਤੁਸੀਂ ਮੇਰੇ ਨਾਲ ਹੋ। ਮੈਂ ਆਪੇ ਤੁਹਾਡੇ ਘਰਦਿਆਂ ਨੂੰ ਮਨਾ ਲਊਂ, ਮੈਂ ਸਾਰੀ ਦੁਨੀਆਂ ਨਾਲ ਲੜ੍ਹਲੂੰ, ਬਸ ਤੁਸੀਂ ਮੇਰੇ ਨਾਲ ਓ, ਦੱਸੋ ਨਾ ਪਲੀਜ਼ ਯਾਰ, ਮੈਨੂੰ ਸਮਝ ਨਹੀਂ ਆ ਰਹੀ ਕਿ ਆਖਰ ਗੱਲ ਕੀ ਹੋ ਗਈ, ਹੈਗੇ ਓ ਨਾ ਮੇਰੇ ਨਾਲ ਤੁਸੀਂ'? ਉਸ ਦੀਆਂ ਉਹ ਉਮੀਦ ਤੇ ਹਸਰਤ ਭਰੀਆਂ ਅੱਖੀਆਂ ਨੂੰ ਮਜਬੂਰੀ ਵੱਸ ਨਾ-ਉਮੀਦ ਕਰ ਕੰਵਰ ਉਸ ਦੀ ਜ਼ਿੰਦਗੀ ਤੋਂ ਹਮੇਸ਼ਾਂ ਲਈ ਰੁਖਸਤ ਹੋ ਗਿਆ। ਉਸ ਦਿਨ ਤੋਂ ਬਾਅਦ ਪ੍ਰੀਤ ਕਦੇ ਵੀ ਉਸਨੂੰ ਨਾ ਮਿਲੀ ਅਤੇ ਨਾ ਹੀ ਕੰਵਰ ਕਦੇ ਉਹ ਪਹਿਲੀ ਤੇ ਅਖੀਰੀ ਮੁਲਾਕਾਤ ਵਾਲੀ ਉਹ ਜੂਹ ਟੱਪ ਸਕਿਆ। ਨੇਕ ਬਰੰਗ ਨੇ ਇਹ ਸਤਰਾਂ ਜਿੱਦਾਂ ਕੰਵਰ ਲਈ ਹੀ ਲਿਖੀਆਂ ਹੋਣ-

ਇਸ਼ਕ ਤੇਰੇ ਨੂੰ ਸਾਰੀ ਜ਼ਿੰਦਗੀ ਚੇਤੇ ਰੱਖਾਂਗੇ,
ਇਹ ਵੀ ਵਾਅਦਾ ਕਿਸੇ ਨੂੰ ਤੇਰਾ ਨਾਂ ਨਹੀਂ ਦੱਸਾਂਗੇ।

ਥਾਬੇ ਤੁਰੀਏ ਦੇ ਤੂੰਬੇ ਦੀ ਟੁਣਕਾਰ ਸਦਾ ਕੰਨਾਂ 'ਚ ਗੂੰਜਦੀ ਰਹੇਗੀ

ਪੰਜਾਬੀ ਸੰਗੀਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ, ਗਹਿਰਾ ਝਟਕਾ

ਵਿਸਵ ਪ੍ਰਸਿੱਧ ਗਾਇਕ ਸਤਿਕਾਰਯੋਗ ਸ੍ਰੀ ਕੰਨਵਰ ਗਰੇਵਾਲ ਦੇ ਸੰਗੀਤ ਗਰੁੱਪ ਦੇ ਬਹੁਤ ਸਤਿਕਾਰਯੋਗ ਰਿਦਮ ਉਸਤਾਦ ਬਾਬਾ ਤੁਰੀਆ ਜੀ (ਨਿਰਮਲ ਸਿੰਘ ਭੜਕੀਲਾ) ਆਪਣੇ ਸਰੋਤਿਆਂ, ਦਰਸਕਾਂ, ਪ੍ਰਸੰਸਕਾ ਅਤੇ ਉਪਾਸਕਾਂ ਨੂੰ ਹਮੇਸਾ ਲਈ ਅਲਵਿਦਾ ਕਹਿ ਗਏ ਹਨ। ਇਹ ਗੌਰਵਮਈ ਫਨਕਾਰ ਸੰਨ 1980 ਦੇ ਦਹਾਕੇ ਵਿੱਚ ਪੰਜਾਬੀ ਸੰਗੀਤ ਜਗਤ ਵਿਚ ਇਕ ਗਾਇਕ ਤੌਰ ਮਕਬੂਲ ਹੋਇਆ ਸੀ। ਇਸ ਦਾ ਇਕ ਗੀਤ ਉਸ ਸਮੇਂ ਬਹੁਤ ਹਿੱਟ ਹੋਇਆ ਸੀ, ਜੋ ਵਿਸਵ ਪ੍ਰਸਿੱਧ ਸੁਰੀਲੀ ਗਾਇਕਾ ਸਤਿਕਾਰਯੋਗ ਸ੍ਰੀਮਤੀ ਅਨੀਤਾ ਸਮਾਣਾ ਜੀ ਨਾਲ ਦੋਗਾਣਾ ਸਰੋਤਿਆਂ ਦੇ ਰੂਬਰੂ ਹੋਇਆ ਸੀ। ਪਰ ਇਹ ਗਾਇਕ ਹੋਣ ਦੇ ਬਾਵਜੂਦ ਵੀ ਗਾਇਕਾ ਦੀ ਮਾਰਕੀਟ ਵਿੱਚ ਟਿੱਕ ਨਹੀਂ ਸਕਿਆ, ਪਰ ਗਾਇਕ ਕਲਾਕਾਰਾਂ ਦੇ ਬਰਾਬਰ ਬਾਬਾ ਤੂੰਬੇ ਵਾਲਾ ਬਣ ਚੋਖਾ ਸਤਿਕਾਰ ਅਤੇ ਸਨਮਾਨ ਹਾਸਲ ਕਰ ਗਿਆ। ਇਨ੍ਹਾਂ ਨੇ ਹੋਰ ਵੀ ਕਈ ਗਾਇਕਾ ਦੀ ਰਿਕਾਰਡਿੰਗ ਵਿੱਚ ਆਪਣੇ ਪੋਟਿਆਂ ਦੇ ਜੌਹਰ ਦਿਖਾਏ ਹਨ। ਲੁਧਿਆਣੇ ਦੇ ਸੰਗੀਤ ਉਸਤਾਦ ਸਤਿਕਾਰਯੋਗ ਜੰਗਾ ਕੈਂਥ ਜੀ ਕੋਲ ਇਨ੍ਹਾਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਸੀ। ਉਨ੍ਹਾਂ ਦੇ



ਸਟੂਡੀਓ ਵਿੱਚ ਕਈਆ ਦੇ ਗੀਤਾਂ ਵਿੱਚ ਆਪਣੀ ਵਿਲੱਖਣ ਕਲਾ ਦਾ ਪ੍ਰਦਰਸਨ ਕਰਦੇ ਰਹਿੰਦੇ ਸਨ। ਸਤਿਕਾਰਯੋਗ ਸ੍ਰੀ ਸੁਰਿੰਦਰ ਸੇਠੀ ਜੀ ਅਤੇ ਮਨਜਿੰਦਰ ਤਨੇਜਾ ਜੀ (ਫਾਜਿ?ਲਕਾ ਵਾਲੇ) ਸੰਚਾਲਕ ਤਨੇਜਾ ਸੰਗੀਤ ਐਕਡਮੀ ਫਾਜਿ?ਲਕਾ ਵਾਲੇ ਤਾਂ ਇਥੇ ਤੱਕ ਕਹਿੰਦੇ ਹਨ ਕਿ ਬਾਬਾ ਤੁਰੀਆਂ ਜੀ ਦੋਗਾਣਿਆਂ ਦੇ ਸੁਪਰਸਟਾਰ ਸਤਿਕਾਰਯੋਗ ਸ੍ਰੀ ਮੁਹੰਮਦ ਸਦੀਕ ਜੀ ਦਾ ਭੁਲੇਖਾ ਪਾਉਂਦਾ ਸੀ। ਇਹ ਮਹਾਨ ਗੌਰਵਮਈ ਸਖਸੀਅਤ ਬੀਤੇ ਸਮੇਂ ਇਕ ਭਿਆਨਕ ਅਟੈਕ ਦੀ ਮਾਰ ਵਿੱਚ ਆ ਗਈ ਸੀ, ਜਿਸ ਦਾ ਇਲਾਜ ਚੱਲ ਰਿਹਾ ਸੀ, ਜ਼ਿੰਦਗੀ ਤਰਸਯੋਗ ਹੋ ਗਈ ਸੀ। ਉਹ ਸਾਹਬ ਦਾਸ ਬਿਰਧਘਰ ਘਰਾਚੋਂ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਸਨ। ਆਪਣੇ ਪ੍ਰਸੰਸਕਾਂ ਦੀਆਂ ਦੁਆਵਾਂ ਸਦਕਾ ਉਹ ਠੀਕ ਹੋਕੇ ਆਪਣੇ ਘਰ ਵਾਪਸ ਚਲੇ ਵੀ ਗਏ ਸਨ। ਸੈਂਕੜੇ ਗੀਤਾਂ ਵਿੱਚ ਆਪਣਾ ਸੰਗੀਤ ਦੇਣ ਵਾਲਾ ਤੂੰਬੇ ਦਾ ਬਾਦਸ਼ਾਹ ਨਿਰਮਲ ਤੁਰੀਆ ਨੂੰ ਅਧਰੰਗ ਹੋਣ ਕਾਰਨ ਉਸ ਦਾ ਖੱਬਾ ਪਾਸਾ ਖੜ੍ਹ ਗਿਆ ਸੀ। ਬਾਬਾ ਜੀ ਬਿਮਾਰੀ ਨਾਲ ਲੰਮਾ ਸਮਾਂ ਜੂਝਦੇ ਰਹੇ ਅਤੇ ਆਖਰ "ਡਾਢੇ ਹੱਥ ਡੋਰ ਨਸੀਬਾਂ ਦੀ, ਕੋਈ ਵਸ ਨਾ ਚਲਦਾ ਮੁਹੰਮਦਾ ਮੇਰੇ" ਇਹ ਹਰਫਨਮੌਲਾ ਫੱਕਰ ਰੂਹ ਇਸ ਫਾਨੀ ਸੰਸਾਰ ਨੂੰ ਹਮੇਸਾ ਲਈ ਅਲਵਿਦਾ ਕਹਿ ਗਿਆ। ਪੰਜਾਬੀ ਸੰਗੀਤ ਜਗਤ ਵਿੱਚ ਇਸ ਮਾਣਮੱਤੇ ਉਸਤਾਦ ਵਲੋਂ ਪਾਇਆ ਯੋਗਦਾਨ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਨ੍ਹਾਂ ਦੇ ਵਫਾਤ ਪਾ ਜਾਣ ਦੀ ਖਬਰ ਨਾਲ ਪੰਜਾਬੀ ਸੰਗੀਤ ਦੇ ਖੇਤਰ ਵਿੱਚ ਇੱਕ ਸੋਗ ਦੀ ਦੌੜ ਆਈ ਹੈ। ਇਨ੍ਹਾਂ ਦੀਆਂ ਸੂਫੀ ਗਾਇਕ ਸਤਿਕਾਰਯੋਗ ਸ੍ਰੀ ਕੰਨਵਰ ਗਰੇਵਾਲ ਜੀ ਨਾਲ ਲਾਈਵ ਸਟੇਜਾਂ ਹਮੇਸਾ ਯਾਦ ਰਹਿਣਗੀਆ। ਅਜੋਕੇ ਸਮੇਂ ਇਸ ਫਨਕਾਰ ਨੇ ਆਪਣਾ ਦੌਲਤ ਖਾਨਾ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇ ਨੇੜੇ ਪੰਚਕੂਲਾ ਨੇੜੇ ਇੱਕ ਪਿੰਡ ਮਾਣਕਿਆ ਵਿਖੇ ਰਖਿਆ ਹੋਇਆ ਸੀ। ਹਰਮਨ ਪਿਆਰੇ, ਹਰਦਿਲ ਅਜੀਜ ਅਤੇ ਮਯਾਨਾਜ ਹਸਤੀ 'ਇੱਕ ਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ, ਤੂੰਬਾ ਨਾ ਵੱਜਦਾ ਤਾਰ ਬਿਨਾ", ਵਰਗੇ ਮਸ਼ਹੂਰ ਗੀਤਾਂ ਵਿੱਚ ਤੂੰਬੇ ਨਾਲ ਰੰਗ ਜਮਾਉਣ ਵਾਲੇ ਕਲਾਕਾਰ ਨਿਰਮਲ ਭੜਕੀਲਾ ਉਰਫ ਬਾਬੇ ਤੁਰੀਏ ਨੂੰ ਪ੍ਰਣਾਮ ਕਰਦੇ ਹੋਏ ਸਰਧਾਂਜਲੀ ਭੇਟ ਕਰਦੇ ਹਾਂ, ਵਾਹਿਗੁਰੂ ਜੀ ਉਹਨਾਂ ਨੂੰ ਚਰਨਾਂ ਵਿੱਚ ਨਿਵਾਸ ਦੇਣ, ਉਹਨਾਂ ਦੀਆਂ ਯਾਦਾਂ ਹਮੇਸਾ ਸਾਨੂੰ ਆਉਂਦੀਆਂ ਰਹਿਣਗੀਆਂ ਅਤੇ ਉਹਨਾਂ ਦੇ ਤੂੰਬੇ ਦੀ ਟੁਣਕਾਰ ਸਦਾ ਕੰਨਾਂ ਵਿੱਚ ਗੂੰਜਦੀ ਰਹੇਗੀ।

ਗੁਰਬਾਜ ਗਿੱਲ 98723-62507
(ਸੰਗੀਤਕ ਤੇ ਫ?ਲਮੀ ਪੱਤਰਕਾਰ)

ਪ੍ਰੀਤ ਫੁਲਵਾੜੀ

ਪੰਜਾਬੀ ਮਾਂ ਬੋਲੀ ਦਾ ਸਤਿਕਾਰ ਕਰੋ

ਸੁਭਾ ਸੁਭਾ ਉੱਠ ਵਧੀਆ ਸਵੇਰ ਨੂੰ
ਗੁੱਡ ਮੌਰਨਿੰਗ ਕਹਿ ਰੰਗ ਜਮਾਈ ਜਾਂਦੇ
ਪੰਜਾਬੀ ਮਾਂ ਬੋਲੀ ਨੂੰ ਡੁੱਬਦੀ ਕਹਿਣ ਵਾਲੇ ਖੁਦ
ਹੈਲੋ,ਹਾਏ,ਸੌਰੀ,ਓਕੇ,ਥੈਂਕਯੂ ਖੁੱਲ੍ਹੇ ਆਮ ਵਰਤਾਈ ਜਾਂਦੇ
ਅਸੀਂ ਆਪਣੇ ਬੱਚਿਆਂ ਨੂੰ ਕਾਨਵੈਂਟ ਸਕੂਲਾਂ ਵਿੱਚ ਪੜ੍ਹਾਅ
ਬੜਾ ਮਾਣ ਮਹਿਸੂਸ ਕਰ ਖੁਦ ਹੀ ਸਲਾਹੀ ਜਾਂਦੇ
ਜੇਬਾਂ ਆਪਣੀਆ ਤੇ ਆਪ ਹੀ ਪਾ ਕੇ ਬੋਝ ਭਾਰੀ
ਪੰਜਾਬੀ ਬੋਲੀ ਨੂੰ ਖੁਦ ਹੀ ਖੂੰਜੇ ਲਾਈ ਜਾਂਦੇ
ਕਿੱਕਰਾਂ ਦੇ ਬੀਜ,ਬੀਜ ਕੇ ਕੰਡਿਆਂ ਤੋਂ ਸੁੱਖ ਭਾਲਦੇ
ਤਾਹੀਓ ਅੱਜ ਕੱਲ੍ਹ ਦੇ ਬੱਚੇ ਬਜ਼ੁਰਗਾਂ ਤੋਂ ਦੂਰੀ ਬਣਾਈ ਜਾਂਦੇ
ਅੱਗੇ ਵਧੋ,ਪੜੋ,ਲਿਖੋ,ਸਿੱਖੋ ਬੇਸ਼ੱਕ ਭਾਸ਼ਾ ਜੋ ਮਰਜੀ
ਜਿੰਦਗੀ ਵਿੱਚ ਅੱਗੇ ਵਧਣ ਤੋਂ ਕਿਉ ਘਬਰਾਈ ਜਾਂਦੇ
ਬਹੁਤੇ ਪੰਜਾਬੀ ਵਤਨਾਂ ਤੋਂ ਬੈਠੇ ਕੋਹਾਂ ਦੂਰ ਜਿਹੜੇ
ਜੁੜੇ ਆਪਣੀ ਮਿੱਟੀ ਨਾਲ ਸਿੱਕਾ ਖੂਬ ਚਲਾਈ ਜਾਂਦੇ
ਜੁੜ ਕੇ ਰਹੋ ਆਪਣੀ ਮਾਤ ਭਾਸ਼ਾ ਪੰਜਾਬੀ ਨਾਲ
ਉਝ ਸਾਰੀਆ ਭਾਸ਼ਾਵਾਂ ਦਾ ਸੰਧੂਆਂ ਸਤਿਕਾਰ ਕਰੋ
ਪੰਜਾਬੀ ਮਾਂ ਬੋਲੀ ਦੇ ਪੰਜਾਬੀਓ ਸਾਊ ਪੁੱਤ ਬਣਕੇ
ਪੰਜਾਬੀ ਮਾਂ ਬੋਲੀ ਨੂੰ ਸਕੀਆ ਮਾਵਾਂ ਵਾਂਗ ਪਿਆਰ ਕਰੋ।

ਬਲਤੇਜ ਸਿੰਘ ਸੰਧੂ
ਬੁਰਜ ਲੱਧਾ ਬਠਿੰਡਾ 9465818158

ਕੀ ਸੋਚਿਆ ਸੀ ਭਗਤ ਸਿੰਘ ਨੇ ?

ਤੇਈ ਮਾਰਚ ਜਿਵੇਂ ਜਿਵੇਂ ਪਿਆ ਨੇੜੇ ਆਉਂਦਾ ਏ
ਹਰ ਕੋਈ ਇੰਨਕਲਾਬ ਦੇ ਨਾਹਰੇ ਪਿਆ ਲਾਉਂਦਾ ਏ
ਜਨਾ ਖਣਾ ਆਪਣੇ ਆਪ ਨੂੰ ਭਗਤ ਸਿੰਘ ਪਿਆ ਕਹਾਉਂਦਾ ਏ
ਬਹੁਤਿਆਂ ਨੂੰ ਇਹ ਵੀ ਨਹੀਂ ਪਤਾ ਕਿ ਭਗਤ ਸਿੰਘ ਕੌਣ ਸੀ ਤੇ ਉਸ ਨੇ ਕੀ ਸੀ ਕੀਤਾ
ਚੜਦੀ ਹੀ ਜਵਾਨੀ ਵਿੱਚ ਉਸ ਨੇ ਮੂੰਹ ਕਿਉ ਮੌਤ ਵੱਲ ਸੀ ਕੀਤਾ
ਗੁਲਾਮ ਹੋਏ ਭਾਰਤ ਨੂੰ ਆਜ਼ਾਦ ਕਰਾਉਣ ਲਈ ਘੁੱਟ ਸੀ ਮੌਤ ਦਾ ਪੀਤਾ
ਹੁਣ ਇੱਕ ਦਿਨ ਲਈ ਸਭ ਬਸੰਤੀ ਰੰਗ ਵਿੱਚ ਰੰਗੇ ਜਾਂਦੇ ਨੇ
ਰਾਜਗੁਰੂ ਸੁਖਦੇਵ ਬਣ ਕੇ ਜਫ਼ੀਆਂ ਭਗਤ ਸਿੰਘ ਨੂੰ ਪਾਂਦੇ ਨੇ
ਬੜੀ ਇਮਾਨਦਾਰੀ ਨਾਲ ਭਾਰਤ ਮਾਂ ਦੇ ਸਪੂਤ ਕਹਾਉਂਦੇ ਨੇ
ਪਰ ਚੌਵੀ ਮਾਰਚ ਹੁੰਦਿਆਂ ਹੀ ਲੋਕ ਸਭ ਕੁਝ ਭੁੱਲ ਜਾਂਦੇ ਨੇ
ਜਿਵੇਂ ਗੱਡੀ ਪਹਿਲਾਂ ਚੱਲਦੀ ਫਿਰ ਉਵੇਂ ਹੀ ਚਲਾਉਂਦੇ ਨੇ
ਠੱਗੀ ਠੋਰੀ,ਹੇਰਾ ਫੇਰੀ ਰਿਸ਼ਵਤ ਖੋਰੀ ਦਾ ਦੌਰ ਰੱਜ ਚਲਾਉਂਦੇ ਨੇ
ਜੋ ਕੁੱਝ ਭਗਤ ਸਿੰਘ ਨੇ ਸੋਚਿਆ ਸੀ ਉਹ ਹੋਇਆ ਹੀ ਨਹੀਂ
ਸਾਰੇ ਵੜ੍ਹ ਗਏ ਅੰਦਰੋਂ ਅੰਦਰੀ ਉਸ ਦੀ ਮੌਤ ਤੇ ਕੋਈ ਰੋਇਆ ਹੀ ਨਹੀਂ
ਜਸਵਿੰਦਰ ਦੱਸ ਦਿੱਤੀ ਗੱਲ ਦਿਲ ਦੀ ਢਿੱਡ ਵਿੱਚ ਕੁੱਝ ਲਕੋਇਆ ਹੀ ਨਹੀਂ
ਇੱਕ ਦਿਨ ਵਿੱਚ ਭਗਤ ਸਿੰਘ ਦੇ ਸੁਪਨੇ ਸਾਕਾਰ ਹੋਣੇ ਨਹੀਂ
ਫੁੱਲਾਂ ਦੇ ਹਾਰ ਪਾਉਣ ਨਾਲ ਪੂਰੇ ਕੌਲ ਕਰਾਰ ਹੋਣੇ ਨਹੀਂ

ਸੂਬੇਦਾਰ ਜਸਵਿੰਦਰ ਸਿੰਘ
ਭੁਲੇਰੀਆ ਮਮਦੋਟ 7589155501

ਲੋਕ ਤੱਥ

ਜਖਮ ਨੂੰ ਉੱਚੇੜ ਮਾੜਾ,
ਦੁੱਖਾਂ ਨੂੰ ਉੱਧੇੜ ਮਾੜਾ।
ਗਰੀਬ ਤਾਂਈ ਖਦੇੜ ਮਾੜਾ,
ਕੋਈ ਨਾ ਸਲਾਹਵਦਾ।
ਦੁੱਖੀ ਵੇਖ ਹਾਸਾ ਮਾੜਾ,
ਮਾਰਿਆ ਪਾਸਾ ਮਾੜਾ।
ਮੋਢੇ ਤੇ ਗੰਡਾਸਾ ਮਾੜਾ,
ਸੁੱਖ ਨਾ ਮਨਾਂਵਦਾ।
ਵੈਰੀ ਨੂੰ ਖਗੂੰਰਾ ਮਾੜਾ,
ਟੁੱਟਿਆ ਭਗੂੰੜਾ ਮਾੜਾ।
ਬਾਰ ਵਿੱਚ ਕੂੜਾ ਮਾੜਾ,
ਬਿਮਾਰੀਆਂ ਫੈਲਾਵਦਾ।
ਹੋਸੇਂ ਨੂੰ ਚਾਅ ਮਾੜਾ,
ਮੀਂਹ ਕਣੀ ਗਾਹ ਮਾੜਾ।
ਵੇਹਾ ਕੜਾਹ ਮਾੜਾ,
ਖਾ ਪਛਤਾਵਦਾ।
ਜੜਾਂ ਨੂੰ ਤੇਲ ਮਾੜਾ,
ਜੂਏ ਦਾ ਖੇਲ ਮਾੜਾ।
ਬਹੁਤਾ ਹੇਲ ਮੇਲ ਮਾੜਾ,
ਕਦਰ ਘਟਾਵਦਾ।
ਭਾਈਆਂ ਚ ਵਿਗਾੜ ਮਾੜਾ,
ਜੁਆਕ ਨੂੰ ਰਿਆੜ ਮਾੜਾ।
ਪਿੰਡ ਚ ਬਘਿਆੜ ਮਾੜਾ,
ਸਭ ਨੂੰ ਡਰਾਵਦਾ।
ਜੰਞ ਤਾਂਈ ਮੀਂਹ ਮਾੜਾ,
ਨਸ਼ਿਆਂ ਨੂੰ ਪੀ ਮਾੜਾ।
ਖੰਘ ਨੂੰ ਘੀ ਮਾੜਾ,
ਡਾਕਟਰ ਬੁਲਾਂਵਦਾ।
ਪੱਤੋ, ਨੂੰ ਵਹਿਮ ਮਾੜਾ,
ਦੁਸਮਣ ਕਾਇਮ ਮਾੜਾ।
ਖੁੰਝਿਆਂ ਟਾਇਮ ਮਾੜਾ,
ਵਖਤ ਗਵਾਵਦਾ।
ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ
94658-21417

ਇੱਕ ਦਿਲ ਮੇਰਾ ਬਰਬਾਦ ਹੈ

ਉਹ ਥਾਵਾਂ, ਉਹ ਛਾਵਾਂ
ਉਹ ਰਾਹ, ਉਹ ਚਾਹ
ਉਹ ਰੁੱਤ, ਉਹ ਬੁੱਤ
ਉਹ ਨੂਰ, ਉਹ ਹੂਰ
ਉਹ ਨਹਿਰ, ਉਹ ਦੁਪਹਿਰ
ਉਹ ਦਿਨ, ਉਹ ਛਿਣ
ਉਹ ਵੰਗਾਂ, ਉਹ ਸੰਗਾਂ
ਉਹ ਜ਼ੁਲਫ, ਉਹ ਲੁਤਫ਼
ਉਹ ਬਾਹਵਾਂ, ਉਹ ਆਹਵਾਂ
ਉਹ ਪਰਵਾਜ਼, ਉਹ ਆਵਾਜ਼
ਉਹ ਹਿਜਰ, ਉਹ ਜਿਗਰ
ਉਹ ਤਾਂਘ, ਉਹ ਸਾਂਝ
ਉਹ ਕਸਕ, ਉਹ ਅਸ਼ਕ
ਉਹ ਅਦਾਵਾਂ, ਉਹ ਹਵਾਵਾਂ
ਉਹ ਖ਼ੁਆਬ, ਉਹ ਆਦਾਬ
ਉਹ ਨਦਾਨੀ, ਉਹ ਜਵਾਨੀ
ਉਹ ਖ਼ਾਮੋਸ਼ੀ, ਉਹ ਮਦਹੋਸ਼ੀ
ਉਹ ਅੱਖੀਆਂ, ਪ੍ਰੇਮ ਰੱਤੀਆਂ
ਉਹ ਗੱਲਾਂ, ਦਿਲ ਦੀਆਂ ਛੱਲਾਂ
ਉਹ ਲਾਰੇ, ਪੀਂਘ ਦੇ ਹੁਲਾਰੇ
ਉਹ ਰਸਮਾਂ, ਉਹ ਕਸਮਾਂ
ਉਹ ਲੜਾਈਆਂ, ਉਹ ਰੁਸਵਾਈਆਂ
ਉਹ ਮਸਤੀਆਂ, ਉਹ ਖ਼ਰਮਸਤੀਆਂ
ਉਹ ਹਸਰਤਾਂ, ਉਹ ਮਸਲਤਾਂ
ਉਹ ਨਜ਼ਾਕਤ, ਉਹ ਲਿਆਕਤ
ਉਹ ਤਲਖ਼ੀਆਂ, ਉਹ ਗ਼ਲਤੀਆਂ
ਉਹ ਧੜਕਣਾਂ, ਉਹ ਅੜਚਣਾਂ
ਉਹ ਗ਼ੁਫ਼ਤਗੂ, ਉਹ ਯੁਸਤਜੂ
ਉਹ ਮਹਿਫ਼ਲਾਂ, ਉਹ ਮੁਸ਼ਕਲਾਂ
ਉਹ ਜੁਦਾਈਆਂ, ਉਹ ਤਨਹਾਈਆਂ
ਉਹ ਚੂਰੀਆਂ, ਉਹ ਦੂਰੀਆਂ
ਉਹ ਮਜਬੂਰੀਆਂ, ਉਹ ਮਗਰੂਰੀਆਂ
ਉਹ ਕੂਕਾਂ, ਉਹ ਹੂਕਾਂ
ਉਹ ਉੱਜੜਨਾ, ਉਹ ਵੱਸਣਾ
ਉਹ ਭਰ ਕੇ ਅੱਖਾਂ ਤੱਕਣਾ
ਮੈਨੂੰ ਅੱਜ ਤੱਕ ਵੀ ਯਾਦ ਹੈ
ਇਸ ਰੰਗੀਂ ਵੱਸਦੀ ਦੁਨੀਆ ਵਿੱਚ
ਇੱਕ ਦਿਲ ਮੇਰਾ ਬਰਬਾਦ ਹੈ, ਇੱਕ ਦਿਲ
ਮੇਰਾ ਬਰਬਾਦ ਹੈ।।

ਅਮਰਬੀਰ ਸਿੰਘ ਚੀਮਾ
ਮੋਬਾਈਲ ਨੰ: 9888940211

ਗਜ਼ਲ

ਚੁੱਪ ਰਹਿ ਕੇ ਦੁੱਖ,ਹਜਾਰ ਸਹਿ ਗਿਆ
ਜਿੱਤਕੇ ਬਾਜੀ , ਫਾਡੀ ਯਾਰ ਰਹਿ ਗਿਆ !
ਬੇੜੀ ਪਾਰ ਨਾ ਲੱਗੀ ਮੇਰੀ , ਸੋਚਾਂ ਦੀ
ਪੀੜਾ ਦਾ ਲੈਕੇ ਮੈਨੂੰ, ਭਾਰ ਬਹਿ ਗਿਆ !
ਕੈਸੇ ਪੈਰ ਲੈਕੇ ਆਇਆ ਸੀ ਤੂਫਾਨ
ਵੇਖਦੇ ਹੀ ਵੇਖਦੇ, ਬਾਜਾਰ ਢਹਿ ਗਿਆ !
ਲੱਭਣ ਸੱਜਣ ਨੂੰ ਗਈ,ਰਾਹ ਭਟਕੀ ਰੂਹ
ਬੁੱਤ ਮੇਰਾ ਸੀ, ਇਸ ਪਾਰ ਰਹਿ ਗਿਆ !
ਦੁਸਮਣ ਸਮਝਦਾ ਰਿਹਾ ਉਮਰ ਭਰ ਹੀ
ਏ ਹਨੇਰਾ ਕੰਨ ਵਿੱਚ,ਯਾਰ ਕਹਿ ਗਿਆ !
ਤਪੱਸਵੀ ਸੀ ਰਿਹਾ,ਓ ਮੇਰੇ ਅੱਖਰਾਂ ਦਾ
ਖੋਰੇ ਰਵਿੰਦਰ ਕਦ, ਮਨੋਂ ਲਹਿ ਗਿਆ !

ਸਿੰਘ ਰਵਿੰਦਰ !
ਫਤਹਿਗੜ੍ਹ ਸਾਹਿਬ !

ਚੰਗੀਆਂ ਕਿਤਾਬਾਂ

ਬੱਚਿਓ, ਕਿਤਾਬਾਂ ਨਾਲ ਕਰੋ ਪਿਆਰ,
ਇਹਨਾਂ ਵਿੱਚ ਹੈ ਜੀਵਨ ਸਾਰ।
ਵਿਦਵਾਨਾਂ ਨੂੰ ਜਦ ਤੁਸੀਂ ਪੜ੍ਹੋਗੇ,
ਜਿ?ਦਗੀ ਦਾ ਸੰਘਰਸ ਲੜ੍ਹੋਗੇ।
ਚੰਗੀਆਂ ਕਿਤਾਬਾਂ ਸਾਡੀਆਂ ਮਿੱਤਰ,
ਜਾਣਕਾਰੀ ਵਿੱਚ ਹੁੰਦੀ ਇਕੱਤਰ।
ਆਪਣੇ ਘਰ ਲਾਇਬ੍ਰੇਰੀ ਬਣਾਓ,
ਵਧੀਆ ਵਧੀਆ ਕਿਤਾਬਾਂ ਲਿਆਓ।
ਛੁਪਿਆ ਹੈ ਵਿੱਚ ਅਨਮੋਲ ਖਜਾਨਾ,
ਪੜ੍ਹਿਆ ਲਿਖਿਆ ਦਾ ਬੱਚਿਓ ਜਮਾਨਾ।
ਮਨ ਇਕਾਗਰ ਜਦ ਤੁਸੀਂ ਕਰੋਗੇ,
ਇੱਕ ਵੱਖਰੇ ਰਸ ਨਾਲ ਫੇਰ ਭਰੋਗੇ।
ਬੱਚਿਓ ਪੜ੍ਹੋ ਕਿਤਾਬਾਂ ਤੇ ਬਣੋ ਸਿਆਣੇ,
ਪੱਤੋ, ਵਧੀਆ ਮਿਲਣ ਟਿਕਾਣੇ।

ਹਰਪ੍ਰੀਤ ਪੱਤੋ
9465821417

ਵਧਦੇ ਭਾਅ

ਰੋਜ ਭਾਅ ਅਸਮਾਨੀ ਚੜ੍ਹੀ ਜਾਂਦੇ,
ਦਿਨੇ ਹੋਰ ਤੇ ਸਾਮੀ ਹੋਰ ਮੀਆਂ।
ਮਿਹਨਤ ਨਾਲੋਂ ਮਹਿੰਗਾਈ ਜਾਵੇ ਅੱਗੇ,
ਪੁਲਸ ਭੱਜਦੀ ਪਿੱਛੇ, ਜਿਓਂ ਚੋਰ ਮੀਆਂ।
ਘਰੋਂ ਜਾਈਏ ਸੌਦਾ ਜਦ ਲੈਣ ਹੱਟੀ,
ਉਧਾਰ ਬੰਦ ਮਿਲੇ ਨਾ ਹੋਰ ਮੀਆਂ।
ਸੌਦਾ ਜੇਬ ਵਿੱਚ, ਪੈਸੇ ਵਿੱਚ ਝੋਲੇ,
ਉੱਡ ਜਾਣ ਅੱਖ ਦੇ ਫੋਰ ਮੀਆਂ।
ਚੀਜਾਂ ਅੱਧੀਆਂ ਲੈ ਮੁੜੇ ਘਰ ਬੰਦਾ,
ਹਾਲਤ ਹੁੰਦੀ ਜਾਂਦੀ ਕਮਜੋਰ ਮੀਆਂ।
ਕੀ ਖਾਣਾ ਕਿਸੇ ਕੀ ਖੱਟਣਾ ਏ,
ਪੈਂਦੇ ਚੋਰਾਂ ਨੂੰ ਇੱਥੇ ਮੋਰ ਮੀਆਂ।
ਹਰਪ੍ਰੀਤ ਪੱਤੋ, ਕਾਮਾ ਜਾਵੇ ਤੇ ਜਾਵੇ ਕਿੱਥੇ
ਦਿਸ ਦੀ ਕਿਸੇ ਨਾ ਕੋਈ ਠੌਰ ਮੀਆਂ।

ਹਰਪ੍ਰੀਤ ਪੱਤੋ
94658-21417

'ਅਣਸੁਖਾਵੀਂ ਬੀੜ'

ਬੜਾ ਹੀ
ਅਣਸੁਖਾਵਾਂ ਮਾਹੌਲ ਹੈ
ਇਸ ਬੀੜ ਦਾ;
ਕਿ ਜਿਸ ਵਿਚ,
ਜਾਨਵਰ ਤੁਰਦੇ ਤਾਂ ਹਨ
ਪਰ ਟਹਿਕਦੇ ਨਹੀਂ,
ਪੰਛੀ ਬੋਲਦੇ ਤਾਂ ਹਨ
ਪਰ ਚਹਿਕਦੇ ਨਹੀਂ,
ਫੁੱਲ ਖਿੜਦੇ ਤਾਂ ਹਨ
ਪਰ ਮਹਿਕਦੇ ਨਹੀਂ।

ਸੁਨੀਲ ਕੁਮਾਰ ਨੀਲ
ਮੋਗਾ, ਪੰਜਾਬ (ਭਾਰਤ)
+919418470707

ਸੱਭ ਕੁੱਝ ਕਰਨ ਨੂੰ ਤਿਆਰ - ਬਰਤੋਲਤ ਬ੍ਰੈਖਤ

ਉਹ ਸਭ ਕੁਝ ਕਰਨ ਨੂੰ ਤਿਆਰ
ਸਾਰੇ ਅਫਸਰ ਉਨ੍ਹਾਂ ਦੇ
ਜੇਲ, ਸੁਧਾਰ ਘਰ ਉਨ੍ਹਾਂ ਦੇ
ਸਾਰੇ ਦਫਤਰ ਉਨ੍ਹਾਂ ਦੇ
ਕਾਨੂੰਨੀ ਕਿਤਾਬਾਂ ਉਨ੍ਹਾਂ ਦੀਆਂ
ਕਾਰਖਾਨੇ, ਹਥਿਆਰ ਉਨ੍ਹਾਂ ਦੇ
ਪਾਦਰੀ, ਪ੍ਰੋਫੈਸਰ ਉਹਨਾਂ ਦੇ
ਜੱਜ ਅਤੇ ਜੇਲ੍ਹਰ ਉਨ੍ਹਾਂ ਦੇ
ਸਾਰੇ ਅਫਸਰ ਉਨ੍ਹਾਂ ਦੇ
ਅਖਬਾਰ , ਛਾਪੇਖਾਨੇ ਉਨ੍ਹਾਂ ਦੇ
ਸਾਨੂੰ ਆਪਣਾ ਬਣਾਉਣ ਲਈ ਤੇ
ਇਸ ਬਹਾਨੇ ਚੁੱਪ ਕਰਾਉਣ ਲਈ
ਮੰਤਰੀ ਤੇ ਗੁੰਡੇ ਤੱਕ ਉਨ੍ਹਾਂ ਦੇ
ਸਾਰੇ ਅਫਸਰ ਉਹਨਾਂ ਦੇ
ਇਕ ਦਿਨ ਅਜਿਹਾ ਆਵੇਗਾ
ਪੈਸਾ ਫਿਰ ਨਾ ਕੰਮ ਆਵੇਗਾ
ਹੱਥ ਧਰਿਆ ਹਥਿਆਰ
ਨਾ ਕੰਮ ਆਵੇਗਾ
'ਤੇ ਇਹ ਜਲਦੀ ਹੀ ਹੋਵੇਗਾ
ਇਹ ਢਾਂਚਾ ਬਦਲ ਜਾਵੇਗਾ

ਪੰਜਾਬੀ ਤਰਜਮਾਂ:
ਪਾਸ਼ ਅੰਬਰ

ਗਜ਼ਲ

ਬੇਗਾਨੀ ਨਾਰ ਤੇ ਜੋ ਰੱਖੇ ਅੱਖ,
ਇੱਕ ਦਿਨ ਉਸ ਦੇ ਪੱਲੇ ਰਹੇ ਨਾ ਕੱਖ।
ਪੱਥਰ ਦਿਲ ਇਨਸਾਨ ਕਦੇ ਨਾ ਪਿਘਲੇ,
ਭਾਵੇਂ ਉਹ ਦੀਆਂ ਮਿੰਨਤਾਂ ਕਰ ਲਉ ਲੱਖ।
ਨਮ ਹੋ ਗਏ ਸਨ ਭੈਣ-ਭਰਾ ਦੇ ਨੈਣ,
ਉਹ ਜਦ ਹੋਏ ਇੱਕ, ਦੂਜੇ ਤੋਂ ਵੱਖ।
ਮੈਂ ਉਸ ਨੂੰ ਦੋਸ਼ੀ ਨਾ ਕਦੇ ਵੀ ਲੱਗਦਾ,
ਜੇ ਉਹ ਸੁਣ ਲੈਂਦਾ ਮੇਰਾ ਵੀ ਪੱਖ।
ਉਹ ਬੱਚੇ ਕਦੇ ਅੱਗੇ ਨ੍ਹੀ ਵੱਧ ਸਕਦੇ,
ਜੋ ਆਪਣੇ ਮਾਂ-ਪਿਉ ਨੂੰ ਸਮਝਣ ਕੱਖ।
ਬੰਦੇ ਦਾ ਨਾਂ ਉਸ ਦੇ ਕੰਮ ਚਮਕਾਣ,
ਭਾਵੇਂ ਉਸ ਦਾ ਕੋਈ ਨਾਂ ਲਉ ਰੱਖ।
ਉਸ ਨੂੰ ਫਿਰ ਜਿੱਤ-ਹਾਰ ਬਰਾਬਰ ਲੱਗੇ,
ਜਿਸ ਨੇ ਮਜ਼ਾ ਹਾਰ ਦਾ ਲਿਆ ਹੋਵੇ ਚੱਖ।

ਮਹਿੰਦਰ ਸਿੰਘ ਮਾਨ
ਨਵਾਂ ਸ਼ਹਿਰ-9915803554

ਗੱਭਰੂ ਪੁੱਤ ਮਾਂ ਦਾ

ਥੋੜਾ ਸਮਝਾਇਆ ਸਿੰਘ ਨੇ ਨਾ ਸੋਰ ਮਚਾਓ
ਤੁਸੀਂ ਚੱਲੇ ਹੋ ਅਨੰਦਪੁਰੀ ਨੂੰ ਨਾ ਖੱਲਰ ਪਾਉ
ਏਨੇ ਵਿੱਚ ਹੀ ਜਾਲਮਾਂ ਕਹਿਰ ਕਮਾਇਆ
ਗੱਭਰੂ ਪੁੱਤ ਮਾਂ ਦਾ ਦੁਸਟਾ ਮਾਰ ਮੁਕਾਇਆ।

ਮਿਲਣੀ ਕਿਤੇ ਨਾ ਢੋਈ ਥੋਨੂੰ ਉਏ ਜਾਲਮੋਂ
ਮਾਂ ਪਿਓ ਦੇ ਚਿਰਾਗ ਤੇ ਤਰਸ ਨਾ ਆਇਆ
ਨਸੇ ਦਿਉ ਸੌਦਾਗਰੋ ਕੀ ਭਾਣਾ ਵਰਤਾਇਆ
ਗੱਭਰੂ ਪੁੱਤ ਮਾਂ ਦਾ ਦੁਸਟਾ ਮਾਰ ਮੁਕਾਇਆ।

ਮੇਰੇ ਰੰਗਲੇ ਦੇਸ ਪੰਜਾਬ ਦੇ ਕੀ ਹਾਲ ਬਣਾਏ
ਪਤਾ ਨਹੀਂ ਆ ਚੰਡਾਲ ਭੂਤਨੇ ਕਿੱਥੋਂ ਆਏ
ਸੜਕਾਂ ਤੇ ਵੇਖਲੋ ਕਿਵੇਂ ਕੀ ਗੰਦ ਪਾਇਆ
ਗੱਭਰੂ ਪੁੱਤ ਮਾਂ ਦਾ ਦੁਸਟਾ ਮਾਰ ਮੁਕਾਇਆ।

ਧਾਰਮਿਕ ਸਥਾਨ ਜਾਂਦੇ, ਮਾਰਦੇ ਲਲਕਾਰੇ
ਪਤਾ ਨ੍ਹੀਂ ਕਿਉਂ ਨਾ ਸੋਚਦੇ ਦੇਸ ਦੇ ਬਾਰੇ

ਸੁਖਚੈਨ,ਸਭ ਨੇ ਬੜਾ ਸੋਗ ਮਨਾਇਆ
ਗੱਭਰੂ ਪੁੱਤ ਮਾਂ ਦਾ ਦੁਸਟਾ ਮਾਰ ਮੁਕਾਇਆ।

ਸੁਖਚੈਨ ਸਿੰਘ, ਠੱਠੀ ਭਾਈ,
00971527632924

No body have time to watch Tv advertisement
No body have time to read Physical newspapers

It's social time .
Online news, advertisement,
promotion anytime anywhere .
Doesn't matter where are you .

PREETNAMA
ਪ੍ਰੀਤਨਾਮਾ
ਖਰਾ ਸੱਚ

Preetnama provide you your business promotion online worldwide on all social sites even TikTok .

Advertisement with Preetnama .

Promote your business with TalkShow
We gave social stage to show yourself and your business.

Business Persons, Doctor, Advocates, VISA, Tour Travel,
Actor, Singers, writers come Join or TalkShow and
Advertisement with us on national & International based.

Search Just Preetnama
- Youtube
- Facebook
- Twitter
- Instagram
- LinkedIn
- TikTok

www.preetnama.com
www.preetnews.com

No need to go anywhere,
Just leave message on
WhatsApp or email us .
We will call you back.

Contact us immediately

Pritpal Kaur

Email- preetnamausa@gmail.com